# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਬੀ.ਏ. ਭਾਗ ਦੂਜਾ** — **ਫਿਲਾਸਫੀ**

**ਸਮੈਸਟਰ ਚੌਥਾ**

**ਮੀਡੀਅਮ : ਪੰਜਾਬੀ** — **ਯੂਨਿਟ : 1**

## ਪਾਠ ਨੰ.


1.1 : ਵਿਹਾਰਿਕ ਨੀਤੀ ਸ਼ਾਸਤਰ : ਸਰੂਪ ਅਤੇ ਖੇਤਰ

1.2 : ਨੈਤਿਕ ਕਰਮ ਸਬੰਧੀ ਫਰਜ਼ (ਵਿਗਿਆਨਕ ਦ੍ਰਿਸ਼ਟੀਕੋਣ ਅਤੇ ਉਦੇਸ਼ਾਤਮਕ ਦ੍ਰਿਸ਼ਟੀਕੋਣ)

1.3 : ਵਾਤਾਵਰਣ ਦੇ ਬੁਨਿਆਦੀ ਸੰਕਲਪ

1.4 : ਵਾਤਾਵਰਣੀ ਖਤਰੇ : ਪਾਣੀ, ਹਵਾ ਅਤੇ ਧੁਨੀ ਪ੍ਰਦੂਸ਼ਣ



**Department website : www.pbidde.org**

ਪਾਠ ਨੰ: **1.1** ਲੇਖਕ : ਡਾ. ਰਾਜਬਾਲਾ ਸੇਖੋਂ

## ਵਿਹਾਰਿਕ ਨੀਤੀ - ਸ਼ਾਸਤਰ ਦਾ ਸਰੂਪ ਅਤੇ ਖੇਤਰ

ਬਣਤਰ


1.0 ਉਦੇਸ਼
1.1 ਨੀਤੀ-ਸ਼ਾਸਤਰ ਦਾ ਸ਼ਾਬਦਿਕ ਅਰਥ
1.2 ਵਿਹਾਰਿਕ ਨੀਤੀ-ਸ਼ਾਸਤਰ
1.2.1 ਵਿਹਾਰਿਕ ਨੀਤੀ-ਸ਼ਾਸਤਰ ਦਾ ਅਰਥ
1.2.2 ਵਿਹਾਰਿਕ ਨੀਤੀ-ਸ਼ਾਸਤਰ ਦੀਆਂ ਪਰਿਭਾਸ਼ਾਵਾਂ
1.2.3 ਪਿਛੋਕੜ
1.3 ਨੀਤੀ-ਸ਼ਾਸਤਰ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ
1.3.1 ਡਿੱਗ ਰਿਹਾ ਨੈਤਿਕਤਾ ਅਤੇ ਮਨੁੱਖਤਾ ਦਾ ਸਤਰ
1.3.2 ਪਦਾਰਥਵਾਦੀ ਜੀਵਨ-ਸੈਕਸ, ਧਨ ਅਤੇ ਸੱਤਾ ਦਾ ਵੱਧਦਾ ਪ੍ਰਭਾਵ
1.3.3 ਮਨੁੱਖੀ ਜੀਵਨ ਦਾ ਰਾਜਨੀਤੀਕਰਣ
1.3.4 ਭ੍ਰਿਸ਼ਟਾਚਾਰ
1.3.5 ਵਧਦੀ ਜਨ-ਸੰਖਿਆ
1.3.6 ਗਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ
1.3.7 ਕੁਦਰਤੀ ਆਫਤਾਂ
1.3.8 ਵਪਾਰ ਅਤੇ ਅੰਤਰ-ਰਾਸ਼ਟਰੀ ਗਤੀ-ਵਿਧੀਆਂ
1.3.9 ਧਾਰਮਿਕ ਅਤੇ ਅਧਿਆਤਮਕ ਵਿਚਾਰਾਂ ਵਿੱਚ ਅਵਿਸ਼ਵਾਸ
1.4 ਵਿਹਾਰਿਕ ਨੀਤੀ-ਸ਼ਾਸਤਰ ਦਾ ਖੇਤਰ
1.4.1 ਵਾਤਾਵਰਣ ਨੀਤੀ-ਸ਼ਾਸਤਰ
1.4.2 ਇਹਿਤਾਸਕ ਨੀਤੀ-ਸ਼ਾਸਤਰ
1.4.3 ਵਪਾਰ ਨੀਤੀ-ਸ਼ਾਸਤਰ
1.4.4 ਕਾਨੂੰਨ ਨੀਤੀ-ਸ਼ਾਸਤਰ
1.4.5 ਸਿਖਿਆ ਨੀਤੀ-ਸ਼ਾਸਤਰ
1.4.6 ਖੇਤੀਬਾੜੀ ਨੀਤੀ-ਸ਼ਾਸਤਰ
1.4.7 ਯੁੱਧ ਨੀਤੀ-ਸ਼ਾਸਤਰ
1.4.8 ਧਾਰਮਿਕ ਨੀਤੀ-ਸ਼ਾਸਤਰ
1.4.9 ਰਾਜਨੀਤਿਕ ਨੀਤੀ-ਸ਼ਾਸਤਰ
1.5 ਵਿਸ਼ੇਸ਼ਤਾਵਾਂ
1.5.1 ਵਿਹਾਰਿਕ ਨੀਤੀ-ਸ਼ਾਸਤਰ ਨੈਤਿਕਤਾ ਦਾ ਉਚੱਤਮ ਰੂਪ ਹੈ
1.5.2 ਵਿਹਾਰਿਕ ਨੀਤੀ-ਸ਼ਾਸਤਰ, ਨੀਤੀ-ਸ਼ਾਸਤਰ ਨੂੰ ਪਵਿੱਤਰ ਅਤੇ ਮਾਨਵਵਾਦੀ ਬਣਾਉਂਦਾ ਹੈ
1.5.3 ਮਨੁੱਖੀ ਜੀਵਨ ਦੇ ਵਧੇਰੇ ਨੇੜੇ
1.5.4 ਸਮੇਂ ਦੀ ਜ਼ਰੂਰਤ

1.5.5 ਇਹ ਮਨੁੱਖੀ ਅਸਤਿੱਤਵ ਅਤੇ ਕੁਦਰਤ ਦਾ ਪ੍ਰਮੁੱਖ ਰਖਵਾਲਾ ਹੈ
1.5.6 ਇਹ ਆਦਰਸ਼ਾਤਮਕ ਹੈ
1.5.7 ਇਹ ਦਰਸ਼ਨ-ਸ਼ਾਸਤਰ ਨੂੰ ਆਮ ਲੋਕਾਂ ਵਿੱਚ ਵਿਚਰਨ ਦਾ ਮੌਕਾ ਪ੍ਰਦਾਨ ਕਰਦਾ ਹੈ
1.5.8 ਵਿਹਾਰਿਕ ਨੀਤੀ-ਸ਼ਾਸਤਰ ਨੇਤਿਕ ਸਮੱਸਿਆਵਾਂ ਤੇ ਵਧੇਰੇ ਡੂੰਘਾ ਚਿੰਤਨ ਹੈ
1.5.9 ਵਿਹਾਰਿਕ ਨੀਤੀ-ਸ਼ਾਸਤਰ ਖਾਸ ਅਤੇ ਠੋਸ ਮੁੱਦਿਆਂ ਨਾਲ ਸੰਬੰਧਤ ਹੈ

1.6 ਲਾਭ
1.6.1 ਵਿਹਾਰਿਕ ਨੀਤੀ-ਸ਼ਾਸਤਰ ਮਨੁੱਖੀ ਅਸਤਿੱਤਵ ਅਤੇ ਜੀਵਨ ਦਾ ਇੱਕੋ ਇਕ ਰੱਖਿਅਕ ਹੈ
1.6.2 ਵਿਹਾਰਿਕ ਨੀਤੀ-ਸ਼ਾਸਤਰ ਪਦਾਰਥੀ ਜੀਵਨ ਨੂੰ ਅਨੁਸ਼ਾਸਿਤ ਕਰਦਾ ਹੈ
1.6.3 ਇਹ ਮਨੁੱਖ ਨੂੰ ਮਨੁੱਖ ਬਣਾਉਂਦਾ ਹੈ
1.6.4 ਇਹ ਨੈਤਿਕਤਾ ਦੀਆਂ ਲਾਹੇਵੰਦ ਆਦਤਾਂ ਪਾਉਂਦਾ ਹੈ
1.6.5 ਇਹ ਜੀਵਨ ਸਿਖਾਉਂਦਾ ਹੈ
1.6.6 ਇਹ ਵਿਗਿਆਨ ਅਤੇ ਤਕਨੀਕ ਦੇ ਭਿਆਨਕ ਪਹਿਲੂ ਨੂੰ ਉਜਾਗਰ ਕਰਦਾ ਹੈ
1.6.7 ਇਹ ਸਾਕਾਰਾਤਮਕ ਕੰਮਾਂ ਲਈ ਪ੍ਰੇਰਣਾ ਦਿੰਦਾ ਹੈ
1.6.8 ਇਹ ਫਰਜ਼ ਦੀ ਮਹੱਤਤਾ ਦੱਸਦਾ ਹੈ
1.6.9 ਇਹ ਮਜ਼ਬੂਤ ਅਤੇ ਮਨੁੱਖੀ ਸਮਾਜ ਲਈ ਇੱਕੋ-ਇੱਕ ਯੋਗ ਰਾਹ ਹੈ

1.7 ਵਿਹਾਰਿਕ ਨੀਤੀ-ਸ਼ਾਸਤਰ ਹੀ ਅਸਲੀ ਸਿੱਖਿਆ ਹੈ
1.8 ਸਿੱਟਾ
1.9 ਮਹੱਤਵਪੂਰਨ ਸ਼ਬਦ
1.10 ਪਾਠ ਸੰਬੰਧਿਤ ਪ੍ਰਸ਼ਨ
1.11 ਵਧੇਰੇ ਸਮੱਗਰੀ ਲਈ ਕਿਤਾਬਾਂ ਦੀ ਸੂਚੀ

**1.0 ਉਦੇਸ਼** :

ਵਿਹਾਰਕ ਨੀਤੀ-ਸ਼ਾਸਤਰ ਦਾ ਉਦੇਸ਼ ਆਮ ਜਨਤਾ ਖਾਸ ਕਰਕੇ ਵਿਦਿਆਰਥੀਆਂ ਨੂੰ ਸੁਚੇਤ ਕਰਨਾ ਹੈ ਕਿ ਨੀਤੀ-ਸ਼ਾਸਤਰ ਕੇਵਲ ਸਿਧਾਂਤਕ ਹੀ ਨਹੀਂ ਸਗੋਂ ਵਿਵਹਾਰਕ ਵੀ ਹੈ। ਇਸ ਦੇ ਖੇਤਰ ਵਿਚ ਵਾਤਾਵਰਨ ਨੀਤੀ-ਸ਼ਾਸਤਰ, ਚਕਿਤਸਿਕ ਨੀਤੀ ਸ਼ਾਸਤਰ, ਯੁੱਧ ਨੀਤੀ-ਸ਼ਾਸਤਰ, ਵਪਾਰ ਨੀਤੀ-ਸ਼ਾਸਤਰ ਅਤੇ ਸਿੱਖਿਆ ਨੀਤੀ-ਸ਼ਾਸਤਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਇਸ ਦਾ ਵਿਸ਼ਾ ਹਨ। ਭਾਵੇਂ 20ਵੀਂ ਸਦੀ ਦੇ ਅੱਧ ਤੋਂ ਹੀ ਇਸ ਦਾ ਬੋਲਬਾਲਾ ਹੋਇਆ, ਪ੍ਰੰਤੂ ਇਸ ਤੋਂ ਬਿਨਾਂ ਸਾਡਾ ਵਾਤਾਵਰਨ, ਸਾਡਾ ਚੁਗਿਰਦਾ ਅਤੇ ਸਾਡਾ ਭਵਿੱਖ ਸੰਭਵ ਨਹੀਂ।

ਮਨੁੱਖੀ ਜੀਵਨ ਹੋਰਾਂ ਸਭ ਪ੍ਰਾਣੀਆਂ ਤੋਂ ਅਤਿ ਉੱਤਮ ਹੈ ਅਤੇ ਨੈਤਿਕਤਾ ਇਸ ਦਾ ਪ੍ਰਮੁੱਖ ਆਧਾਰ ਹੈ। ਨੈਤਿਕ ਜੀਵਨ (Moral Life) ਤੋਂ ਭਾਵ ਸਮਾਜ ਦੇ ਬਣੇ ਨਿਯਮਾਂ ਅਤੇ ਨੀਤੀਆਂ ਅਨੁਸਾਰ ਬਿਤਾਇਆ ਜੀਵਨ। ਭਾਵ ਨੀਤੀਆਂ ਅਨੁਸਾਰ ਚਲਣਾ ਹੀ ਅਸਲੀ ਮਨੁੱਖੀ ਜੀਵਨ ਹੈ। ਸਮਾਜ ਵਿੱਚ ਰਹਿਣ ਲਈ ਉਸ ਦੇ ਸੰਬੰਧ, ਨਿਯਮਾਂ-ਨੀਤੀਆਂ ਦੀ ਖੂਬ ਅਤੇ ਇਨ-ਬਿਨ ਪਾਲਣਾ ਅਤਿ ਜ਼ਰੂਰੀ ਹੈ ਅਤੇ ਅਜਿਹੀ ਪਾਲਣਾ ਵਾਲੇ ਜੀਵਨ ਨੂੰ ਨੈਤਿਕਤਾ ਕਿਹਾ ਜਾਂਦਾ ਹੈ। ਅਜਿਹੇ ਨੈਤਿਕ ਜੀਵਨ ਵਿੱਚ ਮਨੁੱਖ ਜਿੱਥੇ ਸਹੀ ਅਤੇ ਗਲਤ ਦੀ ਪਹਿਚਾਣ ਨਾਲ ਆਪਣੇ ਜੀਵਨ ਨੂੰ ਹੋਰ ਸਹੀ ਅਤੇ ਅਰਥਪੂਰਨ ਬਣਾਉਂਦਾ ਹੈ, ਉਥੇ ਉਸ ਦਾ ਇਹ ਵੀ ਫਰਜ਼ ਬਣਦਾ ਹੈ ਕਿ ਉਹ ਆਪਣੇ ਆਲੇ-ਦੁਆਲੇ ਹੋ ਰਹੇ ਅਨੈਤਿਕ (Immoral) ਵਿਵਹਾਰ (Practices) ਤੇ ਵੀ ਨਜ਼ਰ ਰੱਖੇ ਅਤੇ ਉਸ ਨੂੰ ਸੰਵਾਰਣ ਲਈ ਵੱਧੋ-ਵੱਧ ਉਪਰਾਲੇ ਕਰੇ। ਮਨੁੱਖ ਦਾ ਵਧੇਰਾ ਜੀਵਨ ਬਾਹਰੀ ਪ੍ਰਸਥਿਤੀਆਂ (Situations) ਤੇ ਨਿਰਭਰ ਹੈ। ਸਪਸ਼ਟ ਹੈ ਕਿ ਜੇ ਬਾਹਰੀ ਪ੍ਰਸਥਿਤੀਆਂ ਵਧੇਰੇ ਅਨੈਤਿਕ ਅਤੇ ਦੁਰਾਚਾਰੀ ਹੋਣਗੀਆਂ ਤਾਂ ਉਨ੍ਹਾਂ ਦਾ ਸਿੱਧਾ ਪ੍ਰਭਾਵ ਮਨੁੱਖੀ ਜੀਵਨ ਤੇ ਵੀ ਪਵੇਗਾ। ਇਸ ਲਈ ਮਨੁੱਖ ਨੂੰ ਆਪਣੇ ਜੀਵਨ ਦੇ ਆਸੇ-ਪਾਸੇ ਦੇ ਪਹਿਲੂਆਂ ਤੇ ਵੀ ਵਧੇਰੇ ਧਿਆਨ ਦੇਣਾ ਪਵੇਗਾ ਤਾਂ ਜੋ ਉਹ ਆਪਣੇ ਜੀਵਨ ਦੇ ਨਾਲ-ਨਾਲ ਬਾਹਰੀ ਗਤੀ-ਵਿਧੀਆਂ ਅਤੇ ਪ੍ਰਸਥਿਤੀਆਂ ਨੂੰ ਵੀ ਸਹੀ ਅਤੇ ਨੈਤਿਕ

ਬਣਾ ਕੇ ਰੱਖ ਸਕੇ। ਅਜਿਹੀ ਕੋਈ ਵੀ ਬਾਹਰੀ ਪਰਮ-ਸੱਤਾ ਜਾਂ ਸ਼ਕਤੀ ਨਹੀਂ ਹੈ। ਸੋ ਮਨੁੱਖ ਨੂੰ ਆਪ ਹੀ ਕਰਨਾ ਪੈਣਾ ਹੈ ਅਤੇ ਇਸ ਲਈ ਉਸ ਨੂੰ ਨੈਤਿਕ ਜੀਵਨ ਤੇ ਵਧੇਰੇ ਧਿਆਨ ਦੇਣਾ ਪਵੇਗਾ।

ਵਿਹਾਰਿਕ ਨੀਤੀ-ਸ਼ਾਸਤਰ ਦੀ ਲੋੜ (Need for Applied Ethics)- ਸਾਧਾਰਣ ਸ਼ਬਦਾਂ ਵਿੱਚ ਜੀਵਨ ਸ਼ੁੱਭ ਅਤੇ ਬੁਰੇ (Good and bad) ਦੇ ਅਧਿਐਨ ਨੂੰ ਨੀਤੀ ਸ਼ਾਸਤਰ (Ethics) ਕਹਿੰਦੇ ਹਨ। ਉਂਝ ਇਹ ਆਦਰਸ਼ਾਤਮਕ (Normative) ਦੇ ਨਾਲ-ਨਾਲ ਕੇਵਲ ਸਿਧਾਂਤਿਕ (Theoretical) ਰਿਹਾ ਹੈ ਪਰ ਜਿਉਂ-ਜਿਉਂ ਮਨੁੱਖੀ ਜੀਵਨ ਅਤੇ ਸੱਭਿਅਤਾ ਨੇ ਵਿਕਾਸ ਕੀਤਾ ਹੈ ਅਤੇ ਜਨ-ਸੰਖਿਆ ਵਿੱਚ ਅਥਾਹ ਵਾਧਾ ਹੋਇਆ ਹੈ ਤਿਉਂ-ਤਿਉਂ ਹੀ ਨੀਤੀ-ਸ਼ਾਸਤਰ ਨੂੰ ਵਿਹਾਰਿਕ ਹੋਣਾ ਪੈ ਰਿਹਾ ਹੈ। ਮੌਜੂਦਾ ਸਮਾਜਿਕ ਜੀਵਨ ਦੇ ਬਹੁਤ ਸਾਰੇ ਅਜਿਹੇ ਪਹਿਲੂ ਉੱਭਰੇ ਹਨ ਜਿੰਨਾਂ ਤੇ ਨੀਤੀ-ਸ਼ਾਸ਼ਤਰ ਨੂੰ ਵਿਹਾਰਿਕ ਰੂਪ ਵਿੱਚ ਕੁਝ ਨਾ ਕੁਝ ਕਰਨਾ ਪੈਣਾ ਹੈ ਕਿਉਂਕਿ ਨੈਤਿਕਤਾ ਕਿਸੇ ਵੀ ਹੋਰ ਵਿਸ਼ੇ ਜਾਂ ਖੇਤਰ ਵਿੱਚ ਨਹੀਂ ਪੜ੍ਹਾਈ ਜਾਂਦੀ। ਦਰਸ਼ਨ-ਸ਼ਾਸ਼ਤਰ (Philosophy) ਦੀ ਸ਼ਾਖਾ ਹੋਣ ਦੇ ਨਾਂ ਤੇ ਮੌਜੂਦਾ ਉੱਭਰ ਰਹੀਆਂ ਅਨੈਤਿਕ ਪ੍ਰਸਥਿਤੀਆਂ ਤੇ ਗੌਰ ਕਰਨਾ ਅਤੇ ਉਹਨਾਂ ਦਾ ਨੈਤਿਕ ਹੱਲ ਲੱਭਣਾ ਨੀਤੀ-ਸ਼ਾਸ਼ਤਰ ਦਾ ਪ੍ਰਮੁੱਖ ਕਰਤੱਵ ਬਣਦਾ ਜਾ ਰਿਹਾ ਹੈ। ਭਾਵ ਨੀਤੀ ਸ਼ਾਸ਼ਤਰ ਨੂੰ ਸਿਧਾਂਤਿਕ ਰੂਪ ਵਿੱਚੋਂ ਬਾਹਰ ਨਿਕਲ ਕੇ ਵਿਹਾਰਿਕ ਖੇਤਰ ਵਿੱਚ ਵਿਚਰਨਾ ਪੈਣਾ ਹੈ।

ਇੱਕ ਨੈਤਿਕ ਕਰਮ (Moral action) ਦੀ ਮੁੜ ਨਵੀਂ ਪਰਿਭਾਸ਼ਾ, ਸੈਕਸ ਅਤੇ ਪੈਸੇ ਦਾ ਵੱਧ ਰਿਹਾ ਪ੍ਰਭਾਵ, ਪਦਾਰਥਕ (Meterialistic) ਸ਼ਕਤੀਆਂ ਦਾ ਵੱਧਦਾ ਪ੍ਰਭਾਵ, ਮਨੁੱਖ ਦਾ ਵਧੇਰੇ ਵਿਅਕਤੀਵਾਦੀ (Individualistic) ਹੋਣਾ ਆਦਿ ਨੀਤੀ ਸ਼ਾਸਤਰੀਆਂ ਦੀ ਚਿੰਤਾ ਅਤੇ ਅਧਿਐਨ ਖੇਤਰ ਵਧਾ ਰਹੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਅਜਿਹੇ ਪਹਿਲੂ ਹਨ ਜਿੰਨ੍ਹਾਂ ਦਾ ਮਨੁੱਖ ਨਾਲ ਸਿੱਧਾ ਸੰਬੰਧ ਹੈ ਪਰ ਮਨੁੱਖ ਖੁਦ ਹੀ ਉਹਨਾਂ ਨੂੰ ਨਸ਼ਟ ਕਰਦਾ ਜਾ ਰਿਹਾ ਹੈ ਜਿਵੇਂ ਵਾਤਾਵਰਣ (Environment) ਨਾਲ ਛੇੜ ਛਾੜ, ਪ੍ਰਦੂਸ਼ਣ ਵਿੱਚ ਵਾਧਾ। ਇਸੇ ਤਰ੍ਹਾਂ ਬਹੁਤ ਸਾਰੀਆਂ ਚਿਕਿਤਸਕ (medical) ਧੰਦੇ ਨਾਲ ਸੰਬੰਧਤ ਅਨੈਤਿਕਤਾਵਾਂ, ਵਪਾਰ ਦੇ ਖੇਤਰ ਵਿੱਚ ਠੱਗੀਆਂ ਅਤੇ ਪੈਸੇ ਦਾ ਲਾਲਚ, ਕਾਨੂੰਨੀ ਖੇਤਰ ਵਿੱਚ ਸ਼ੋਸ਼ਣ, ਸਿੱਖਿਆ ਦੇ ਖੇਤਰ ਵਿੱਚ ਗਿਰ ਰਿਹਾ ਸਿੱਖਿਆ ਦਾ ਦਰਜਾ (Standard), ਯੁੱਧ ਸੰਬੰਧੀ ਅਪਣਾਏ ਜਾ ਰਹੇ ਖਤਰਨਾਕ ਹਥਿਆਰ, ਆਪਣੇ ਕੁਝ ਕੁ ਫਾਇਦੇ ਲਈ ਖੇਤੀਬਾੜੀ ਵਿੱਚ ਫਸਲਾਂ ਅਤੇ ਸਬਜ਼ੀਆਂ ਰਾਹੀਂ ਮਨੁੱਖ ਪ੍ਰਜਾਤੀਆਂ ਦਾ ਨਾਸ਼ ਆਦਿ ਨਵੀਆਂ ਉਭਰੀਆਂ ਨੈਤਿਕ ਸਮੱਸਿਆਵਾਂ ਨੇ ਨੀਤੀ-ਸ਼ਾਸ਼ਤਰ ਨੂੰ ਵਿਹਾਰਿਕ ਬਣਾਇਆ ਹੈ। ਜਨਸੰਖਿਆ ਵਿਚ ਬੇਹਤਾਸ਼ ਵਾਧਾ ਇਹਨਾਂ ਸਾਰੀਆਂ ਸਮੱਸਿਆਵਾਂ ਦਾ ਮੁੱਖ ਕਾਰਨ ਹੈ। ਇਸ ਤਰ੍ਹਾਂ ਨੀਤੀ-ਸ਼ਾਸਤਰ ਨਾ ਕੇਵਲ ਇੱਕ ਸਿਧਾਂਤਕ ਵਿਗਿਆਨ ਹੋ ਕੇ ਆਪਣੇ ਆਪ ਨੂੰ ਮਨੁੱਖ ਦੇ ਵਿਹਾਰਿਕ ਜੀਵਨ ਲਈ ਢਾਲ ਰਿਹਾ ਹੈ ਬਲਕਿ ਇਹ ਮਨੁੱਖੀ ਜੀਵਨ ਦੀ ਸੇਵਾ ਵੀ ਕਰ ਸਕਦਾ ਹੈ।

ਮਨੁੱਖ ਦੇ ਲੰਮੇ ਸਮੇਂ ਤੋਂ ਸਮਾਜਿਕ ਜੀਵ ਬਣੇ ਰਹਿਣ ਕਾਰਣ ਸਮਾਜ ਦੀਆਂ ਨੀਤੀਆਂ ਰਿਵਾਜ ਅਤੇ ਨਿਯਮ ਮਨੁੱਖ ਦੇ ਜੀਵਨ, ਸੋਚ ਅਤੇ ਵਿਵਹਾਰ ਵਿਚ ਇਸ ਤਰ੍ਹਾਂ ਸਮਾ (ਘੁਲ-ਮਿਲ) ਗਏ ਹਨ ਕਿ ਉਹਨਾਂ ਨੂੰ ਮਨੁੱਖ ਦਾ ਤੱਤ ਸਮਝਿਆ ਜਾਣ ਲੱਗਾ ਹੈ। ਉਸ ਪ੍ਰਕਾਰ ਦੇ ਵਿਸ਼ੇਸ਼ ਵਿਵਹਾਰ ਤੋਂ ਬਿਨਾ ਮਨੁੱਖ ਦਾ ਸਹੀ ਅਰਥ ਅਧੂਰਾ ਲੱਗਦਾ ਹੈ। ਅਜਿਹੀਆਂ ਨੀਤੀਆਂ ਜਾਂ ਇੰਨ੍ਹਾਂ ਅਨੁਸਾਰ ਜੀਵਨ ਮਨੁੱਖ ਦੇ ਜੀਵਨ ਦਾ ਅਹਿਮ ਹਿੱਸਾ ਬਣ ਚੁੱਕੇ ਹਨ। ਜਿੱਥੇ ਬੁੱਧੀ ਅਤੇ ਸਮਾਜਿਕ ਭਾਵਨਾ ਕਾਰਣ ਮਨੁੱਖ ਨੂੰ ਪਸ਼ੂਆਂ ਤੋਂ ਉੱਤਮ ਮੰਨਿਆ ਜਾਂਦਾ ਹੈ ਉਥੇ ਹੀ ਨੈਤਿਕਤਾ ਮਨੁੱਖ ਨੂੰ ਸਰਵ ਉੱਤਮ ਬਣਾਉਂਦੀ ਹੈ। ਇਹ ਮਨੁੱਖੀ ਜੀਵਨ ਵਿੱਚ ਇਸ ਤਰ੍ਹਾਂ ਜੰਮ ਗਏ ਹਨ ਕਿ ਇਹਨਾਂ ਨੂੰ ਮਨੁੱਖੀ ਜੀਵਨ ਦਾ ਪਰਮ ਆਦਰਸ਼ (Ideals) ਕਿਹਾ ਜਾਣ ਲੱਗਾ ਹੈ। ਇੰਨਾ ਹੀ ਨਹੀਂ ਇੰਨ੍ਹਾਂ ਨਿਯਮਾਂ ਜਾਂ ਆਦਰਸ਼ਾਂ ਨੂੰ ਅਧਿਅਤਾਮਕਤਾ ਨਾਲ ਵੀ ਜੋੜਿਆ ਜਾਂਦਾ ਹੈ। ਭਾਵ ਨੀਤੀ-ਸ਼ਾਸ਼ਤਰ ਜਿੱਥੇ ਮਨੁੱਖੀ ਜੀਵਨ ਵਿਚ ਚੰਗੇ ਅਤੇ ਭਲੇ ਦਾ ਅਧਿਐਨ ਕਰਦਾ ਹੈ ਉਥੇ ਹੀ ਇਹ ਨੈਤਿਕਤਾ ਨੂੰ ਅਧਿਆਤਮਕਤਾ (Spirituality) ਨਾਲ ਜੋੜ ਕੇ ਹੋਰ ਮਹੱਤਵਪੂਰਣ ਬਣਾਉਂਦਾ ਹੈ। ਇਹ ਮਨੁੱਖ ਦੇ ਜੀਵਨ ਨੂੰ ਸਹੀ ਸੇਧ (Direction) ਬਖਸ਼ਦਾ ਹੈ ਤਾਂ ਜੋ ਮਨੁੱਖ ਜੀਵਨ ਦਾ ਸਦ-ਉਪਯੋਗ ਕਰ ਸਕੇ।

**1.1 ਸ਼ਾਬਦਿਕ ਅਰਥ (Literal Meaning) -** ਨੀਤੀ ਸ਼ਾਸ਼ਤਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Ethics' ਦਾ ਪੰਜਾਬੀ ਰੂਪਾਂਤਰ ਹੈ। 'Ethics' ਸ਼ਬਦ ਗ੍ਰੀਕ ਭਾਸ਼ਾ ਦੇ ਸ਼ਬਦ 'Ethos' ਤੋਂ ਬਣਿਆ ਹੈ ਜਿਸਦਾ ਅਰਥ ਹੈ

– 'ਰਿਵਾਜ ਜਾਂ ਆਦਤ' (Custom or Habit) ਭਾਵ ਨੀਤੀ-ਸ਼ਾਸਤਰ ਮਨੁੱਖ ਦੇ ਰਿਵਾਜ ਅਤੇ ਪਹਿਲੋਂ ਪ੍ਰਵਾਨਿਤ ਆਦਤਾਂ ਦੇ ਅਨੁਸਾਰ ਕੀਤੇ ਗਏ ਵਿਵਹਾਰ ਦਾ ਵਿਗਿਆਨ ਹੈ। ਭਾਵ ਇਹ ਮਨੁੱਖ ਦੇ ਰਿਵਾਜ ਜਾਂ ਆਦਤਾਂ ਦਾ ਵਿਗਿਆਨ ਹੈ। (Ethics is the study of customs and habits of a man)। ਇਸੇ ਤਰ੍ਹਾਂ ਇਕ ਹੋਰ ਸ਼ਬਦ ਨੈਤਿਕ-ਦਰਸ਼ਨ (Moral Philosophy or Morla Science) ਵੀ ਨੀਤੀ ਸ਼ਾਸ਼ਤਰ ਦੇ ਅਰਥਾਂ ਦੇ ਬਹੁਤ ਨੇੜੇ ਹੈ। Moral ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ 'Mores' ਤੋਂ ਬਣਿਆ ਹੈ ਜਿਸ ਦਾ ਵੀ ਸ਼ਾਬਦਿਕ ਅਰਥ ਹੈ ਆਦਤਾਂ ਜਾਂ ਰਿਵਾਜ਼ (Habits or Customs)। ਇਸ ਤਰ੍ਹਾਂ ਇਹ ਮਨੁੱਖ ਦੇ ਆਦਤੀ ਵਿਵਹਾਰ ਦਾ ਵਿਗਿਆਨ ਹੈ।

ਨੀਤੀ-ਸ਼ਾਸਤਰ ਮਨੁੱਖੀ ਵਿਹਾਰ ਵਿਚ ਇੱਛੁਕ ਕੰਮਾਂ ਦੀ ਸ਼ੁੱਭਤਾ ਅਤੇ ਅਸ਼ੁੱਭਤਾ ਨੂੰ ਦਰਸਾਉਂਦਾ ਅਤੇ ਇਹ ਉਸ ਦੇ ਜੀਵਨ ਦੇ ਪਰਮ-ਸ਼ੁਭ ਦਾ ਇੱਕ ਆਦਰਸ਼ਾਤਮਕ ਅਤੇ ਨੈਤਿਕਤਾ ਦੇ ਆਧਾਰਿਤ ਮੁੱਲਾਕਾਣਾਤਮਕ ਵਿਗਿਆਨ ਹੈ।

## 1.2 ਵਿਹਾਰਿਕ ਨੀਤੀ-ਸ਼ਾਸਤਰ (Applied Ethics)

ਨੀਤੀ-ਸ਼ਾਸਤਰ ਦੀ ਪਰਿਭਾਸ਼ਾ ਅਤੇ ਵਿਸ਼ੇਸ਼ਤਾਵਾਂ ਜਾਨਣ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਨੀਤੀ-ਸ਼ਾਸ਼ਤਰ ਮਨੁੱਖੀ ਜੀਵਨ ਲਈ ਬਹੁਤ ਹੀ ਮਹੱਤਵਪੂਰਣ ਵਿਸ਼ਾ ਹੈ। ਇਸ ਰਾਹੀਂ ਪ੍ਰਾਪਤ ਗਿਆਨ ਮਨੁੱਖ ਨੂੰ ਸੰਪੂਰਣ ਮਨੁੱਖ ਦੀ ਪਰਿਭਾਸ਼ਾ ਸਮਝਾਉਂਦਾ ਹੈ। ਇਹ ਮਨੁੱਖ ਨੂੰ ਉਸ ਦੇ ਚਰਿੱਤਰ, ਵਿਹਾਰ, ਜੀਵਨ ਦੇ ਪਰਮ-ਉਦੇਸ਼ (Summum Bonus) ਅਤੇ ਉਸ ਦੇ ਜੀਵਨ ਦੇ ਸਮਾਜਿਕ ਪੱਖ ਬਾਰੇ ਵੀ ਚੇਤਨ ਕਰਦਾ ਹੈ। ਇਹ ਉਸ ਨੂੰ ਜੀਵਨ ਦੇ ਮੁੱਲਾਂ (Values and Ethos) ਬਾਰੇ ਜਾਣੂ ਕਰਾਉਂਦਾ ਹੈ ਕਿਉਂਕਿ ਇੰਨਾਂ ਮੁੱਲਾਂ ਦੇ ਕਾਰਣ ਹੀ ਮਨੁੱਖ ਮਹੱਤਵਪੂਰਣ ਹੈ। ਇਸ ਤਰ੍ਹਾਂ ਇਹ ਮਨੁੱਖ ਦਾ ਮੁੱਢਲਾ ਫਰਜ਼ ਬਣ ਜਾਂਦਾ ਹੈ ਕਿ ਉਹ ਇੰਨਾਂ ਮੁੱਲਾਂ ਅਤੇ ਕਦਰਾਂ-ਕੀਮਤਾਂ ਨੂੰ ਬਣਾਏ ਰੱਖੇ ਅਤੇ ਇੰਨ੍ਹਾਂ ਸੰਬੰਧੀ ਹੋ ਰਹੇ ਅਨੈਤਿਕਤਾ ਦੇ ਹਮਲਿਆਂ ਦਾ ਡੱਟ ਕੇ ਮੁਕਾਬਲਾ ਕਰੇ। ਇੰਨਾਂ ਮੁੱਲਾਂ ਸੰਬੰਧੀ ਜੋ ਵੀ ਕੀਤਾ ਜਾਣਾ ਹੈ ਉਹ ਕੇਵਲ ਮਨੁੱਖ ਰਾਹੀਂ ਕੀਤਾ ਜਾਵੇਗਾ। ਕੋਈ ਵੀ ਬਾਹਰੀ ਜਾਂ ਅਧਿਆਤਮਕ ਸ਼ਕਤੀ ਇੰਨ੍ਹਾਂ ਨੂੰ ਸੰਭਾਲ ਨਹੀਂ ਸਕਦੀ। ਇਸ ਤਰ੍ਹਾਂ ਜਦ ਨੀਤੀ-ਸ਼ਾਸ਼ਤਰ ਜਾਂ ਨੈਤਿਕਤਾ ਪਸੰਦ ਮਨੁੱਖ ਜਾਂ ਨੀਤੀ-ਸ਼ਾਸ਼ਤਰੀ ਇੰਨ੍ਹਾਂ ਮੁੱਲਾਂ ਨੂੰ ਬਚਾਉਣ ਲਈ ਭਰਪੂਰ ਕੋਸ਼ਿਸ਼ ਕਰਦੇ ਹਨ ਤਦ ਉਹਨਾਂ ਦੀਆਂ ਕਿਰਿਆਵਾਂ ਦੇ ਉਦੇਸ਼ ਨੂੰ ਵਿਹਾਰਿਕ ਨੀਤੀ-ਸ਼ਾਸ਼ਤਰ ਕਹਿੰਦੇ ਹਨ। ਭਾਵ ਇਹ ਨੈਤਿਕਤਾ ਦਾ ਵਿਹਾਰਿਕ ਰੂਪ ਹੈ (Applied Ethics is the practical form of Ethics).

**1.2.1 ਅਰਥ (Meaning):** ਆਮ ਅਰਥਾਂ ਵਿੱਚ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Applied' ਤੋਂ ਭਾਵ ਉਹ ਜੋ ਵਿਹਾਰਿਕ ਰੂਪ ਵਿੱਚ ਲਾਗੂ ਕੀਤਾ ਜਾਂਦਾ ਹੋਵੇ (That which can be applied practically, Apply = ਲਾਗੂ ਕਰਨਾ) ਇਹ 'Practical' (ਵਿਹਾਰਿਕ) ਸ਼ਬਦ ਦੇ ਅਰਥਾਂ ਦੇ ਨੇੜੇ ਹੈ ਪਰ ਇੱਥੇ ਅਸੀਂ Applied ਨੂੰ Practical ਤੋਂ ਥੋੜ੍ਹਾ ਭਿੰਨ ਮੰਨ ਕੇ ਚਲਦੇ ਹਾਂ ਕਿਉਂਕਿ Practical ਵਿੱਚ ਇੱਕ ਘਟਨਾ ਜਾਂ ਸੱਚ ਬਾਰ-ਬਾਰ ਕਰਕੇ ਵੇਖਿਆ ਜਾਂਦਾ ਹੈ ਅਤੇ ਇਸ ਦਾ ਉਦੇਸ਼ ਨਿਯਮ ਬਣਾਉਣਾ ਹੁੰਦਾ ਹੈ। ਪਰ ਨੀਤੀ-ਸ਼ਾਸਤਰ ਦੇ ਜਿਸ ਰੂਪ ਦੀ ਅਸੀਂ ਗੱਲ ਕਰ ਰਹੇ ਹਾਂ ਉਸ ਦਾ ਉਦੇਸ਼ ਸੰਬੰਧਤ ਖੇਤਰ ਦੇ ਅਨੈਤਿਕ ਸੰਕਟ ਨੂੰ ਦੂਰ ਕਰਨਾ ਹੈ ਅਤੇ ਨੈਤਿਕਤਾ ਨੂੰ ਆਮ ਜੀਵਨ ਵਿੱਚ ਮੁੜ ਬਹਾਲ ਕਰਨਾ ਹੈ। ਇਸ ਲਈ ਇਸ ਨੂੰ 'ਵਿਵਹਾਰਿਕ' ਦੀ ਬਜਾਇ 'ਵਿਹਾਰਿਕ' ਮੰਨਣਾ ਜ਼ਿਆਦਾ ਉੱਚਿਤ ਹੈ। ਦੂਸਰੇ ਸ਼ਬਦਾਂ ਵਿੱਚ 'ਵਿਹਾਰਿਕ ਨੀਤੀ-ਸ਼ਾਸ਼ਤਰ' ਸਿਧਾਂਤਕ ਅਤੇ ਵਿਹਾਰਿਕ ਦਾ ਵਿਚਲਾ ਰੂਪ ਹੈ।

ਜਦ ਕਿਸੇ ਵਿਸ਼ੇ ਨੂੰ ਵਿਹਾਰਿਕ ਰੂਪ ਵਿੱਚ ਵਿਵਹਾਰ ਵਿੱਚ ਲਿਆਉਂਦਾ ਜਾਂਦਾ ਹੈ ਉਸ ਨੂੰ ਵਿਹਾਰਿਕ ਵਿਸ਼ਾ (Applied Subject) ਕਹਿੰਦੇ ਹਨ ਜਿਵੇਂ Applied Physics, Applied Psychology, Applied Chemistry, Applied Mathematics, Applied Arts ਆਦਿ। ਠੀਕ ਇਸੇ ਤਰ੍ਹਾਂ ਜਦ ਮਨੁੱਖੀ ਜੀਵਨ ਦੇ ਵੱਖੋ-ਵੱਖ ਖੇਤਰਾਂ ਵਿੱਚ ਨੈਤਿਕ ਸਮੱਸਿਆਵਾਂ ਵੱਧ ਜਾਣਿਆ ਜਾਵੇ ਅਤੇ ਨੀਤੀ-ਸ਼ਾਸ਼ਤਰੀ ਉਹਨਾਂ ਬਾਰੇ ਚਿੰਤਨ ਕਰਨ ਅਤੇ ਉਹਨਾਂ ਸਬੰਧੀ ਸਿੱਟਿਆ ਨੂੰ ਬਾ-ਖੂਬੀ ਲਾਗੂ ਕਰਨ ਅਤੇ ਸੰਬੰਧਤ ਉਦੇਸ਼ ਨੂੰ ਪੂਰਾ ਕਰਨ, ਉਸ ਨੂੰ ਵਿਹਾਰਿਕ ਨੀਤੀ-ਸ਼ਾਸ਼ਤਰ ਕਿਹਾ ਜਾਂਦਾ ਹੈ।

**1.2.2 ਪਰਿਭਾਸ਼ਾਵਾਂ (Definitions) :** ਵਿਹਾਰਿਕ ਨੀਤੀ-ਸ਼ਾਸ਼ਤਰ ਕੋਈ ਨਵਾਂ ਵਿਸ਼ਾ ਨਹੀਂ ਹੈ ਜਿਸ ਦੀ

ਕੋਈ ਵੱਖਰੀ ਅਤੇ ਵਿਲੱਖਣ ਪਰਿਭਾਸ਼ਾ ਦਿੱਤੀ ਜਾਵੇ। ਇਹ ਨੀਤੀ-ਸ਼ਾਸ਼ਤਰ ਦਾ ਹੀ ਇੱਕ ਹੋਰ ਅਤੇ ਵਿਹਾਰਿਕ ਰੂਪ ਹੈ। ਫਿਰ ਵੀ ਇਸ ਨੂੰ ਚੰਗੀ ਤਰ੍ਹਾਂ ਸਮਝਣ ਲਈ ਪਰਿਭਾਸ਼ਿਤ ਕਰਨਾ ਕਾਫੀ ਲਾਹੇਵੰਦ ਹੋ ਸਕਦਾ ਹੈ।

1. ਵਿਹਾਰਿਕ ਨੀਤੀ-ਸ਼ਾਸ਼ਤਰ ਨੈਤਿਕਤਾ ਨੂੰ ਵਿਹਾਰਿਕ ਜੀਵਨ ਵਿੱਚ ਲਾਗੂ ਕਰਦਾ ਹੈ (Applied Ethics applies morality in practical life.)।
2. ਵਿਹਾਰਿਕ ਨੀਤੀ-ਸ਼ਾਸ਼ਤਰ ਵਧ ਰਹੇ ਅਨੈਤਿਕ-ਸੰਕਟ ਤੋਂ ਉਪਜਿਆ ਵਿਗਿਆਨ ਹੈ (Applied Ethics is a science originated from immoral-crisis.)।
3. ਵਿਹਾਰਿਕ ਨੀਤੀ-ਸ਼ਾਸ਼ਤਰ ਮੌਜੂਦਾ ਸਮੇਂ ਦੀਆਂ ਭੌਤਿਕ ਲੋੜਾਂ ਵੱਲ ਧਿਆਨ ਖਿੱਚਦਾ ਹੈ (Applied Ethics draws attention to the enthical needs of the hour)।
4. Brenda Almod ਨੇ ਆਪਣੀ ਪੁਸਤਕ 'Introducing Applied Ethics' ਵਿੱਚ ਲਿਖਿਆ ਹੈ, "ਵਿਹਾਰਿਕ ਨੀਤੀ-ਸ਼ਾਸਤਰ ਦਰਸ਼ਨ ਸ਼ਾਸ਼ਤਰ ਪ੍ਰਤੀ ਵਧੇਰੇ ਪਵਿੱਤਰ ਅਤੇ ਮਾਨਵਵਾਦੀ ਦ੍ਰਿਸ਼ਟੀਕੋਣ ਹੈ (Applied Ethics is a moralistic and humanistic approach to Philosophy)।

### 1.2.3 ਪਿਛੋਕੜ:

ਵੇਖਿਆ ਜਾਵੇ ਤਾਂ ਵਿਹਾਰਿਕ ਨੀਤੀ-ਸ਼ਾਸ਼ਤਰ ਦਾ ਬੋਲਬਾਲਾ 20ਵੀਂ ਸਦੀ ਦੇ ਅੱਧ ਤੋਂ ਬਾਅਦ ਹੀ ਹੋਇਆ ਹੈ ਅਤੇ ਹੌਲੀ-ਹੌਲੀ ਖਾਸ ਕਰਕੇ ਮੌਜੂਦਾ ਸਮੇਂ ਵਿੱਚ ਇਸ ਦੀ ਲੋੜ ਵਧੇਰੇ ਮਹਿਸੂਸ ਹੋਣ ਲੱਗੀ ਹੈ। ਮੌਜੂਦਾ ਸਮੇਂ ਵਿੱਚ ਵੱਧ ਰਹੀ ਅਨੈਤਿਕਤਾ ਅਤੇ ਵੱਧ ਰਹੀ ਜਨ-ਸੰਖਿਆ ਕਾਰਣ ਪੈਦਾ ਹੋਈਆਂ ਸਮੱਸਿਆਵਾਂ ਅਤੇ ਅਨੈਤਿਕਤਾ ਨੇ ਵਿਹਾਰਿਕ ਨੀਤੀ-ਸ਼ਾਸ਼ਤਰ ਦੀ ਲੋੜ ਮਹਿਸੂਸ ਕਰਵਾਈ ਹੈ। ਪਰ ਇਸ ਦੀ ਕੁਝ ਧੁੰਦਲੀ ਤਸਵੀਰ ਨੀਤੀ-ਸ਼ਾਸ਼ਤਰ ਅਤੇ ਦਰਸ਼ਨ ਸ਼ਾਸ਼ਤਰ ਦੇ ਪਿਛਲੇ ਇਤਿਹਾਸ ਵਿੱਚ ਵੀ ਨਜ਼ਰ ਆਉਂਦੀ ਹੈ।

ਪੱਛਮੀ ਦਰਸ਼ਨ-ਸ਼ਾਸ਼ਤਰ ਦੇ ਸੱਭ ਤੋਂ ਪਹਿਲੇ ਦਾਰਸ਼ਨਿਕ ਥੇਲਜ਼ (Thales : C. 585 B.C.) ਨੇ ਆਰਥਿਕ ਤੱਤਾਂ ਨੂੰ ਕਾਨੂੰਨੀ ਅਤੇ ਰਾਜਨੀਤਿਕ ਬਣਾ ਕੇ ਹੱਲ ਕੀਤਾ। ਇਸ ਤੋਂ ਬਾਅਦ ਦੇ ਦਰਸ਼ਨ ਦੀਆਂ ਵਿਚਾਰਕ ਸੰਸਥਾਵਾਂ (Schools)- Pythagorous, Epicureans ਅਤੇ Stoics ਨੇ ਵੀ ਆਪਣੇ ਸਾਥੀਆਂ ਨੂੰ ਜੀਵਨ ਦੇ ਖਾਸ ਤਰੀਕਿਆਂ ਲਈ ਖਾਸ ਨੁਕਸੇ ਅਤੇ ਨਿਯਮ ਸਿਖਾਏ। ਇਨ੍ਹਾਂ ਤੋਂ ਬਾਅਦ ਸੁਕਰਾਤ (Socrates) ਨੇ ਖ਼ੁੱਦ ਆਪਣੇ ਜੀਵਨ ਦੀ ਮਿਸਾਲ ਦੇ ਕੇ ਨੈਤਿਕ ਨਿਯਮ ਦੀ ਮਹੱਤਤਾ ਦਰਸਾਈ। ਇਸ ਤੋਂ ਇਲਾਵਾ ਪਲੇਟੋ (Plato : C428-348 BC) ਅਤੇ ਅਰਸਤੂ (Aristotole : 384-322 B.C.) ਨੇ ਇੱਕ ਸ਼ੁੱਭ ਅਤੇ ਸਹੀ ਮਨੁੱਖ ਦੀ ਪਰਿਭਾਸ਼ਾ ਦਿੱਤੀ। ਇੰਨਾਂ ਹੀ ਨਹੀਂ ਬਲਕਿ ਅਜਿਹੇ ਮਨੁੱਖ ਵਾਲਾ ਜੀਵਨ ਉਨ੍ਹਾਂ ਖੁਦ ਵੀ ਬਿਤਾਇਆ। ਉਨ੍ਹਾਂ ਦੱਸਿਆ ਕਿ ਜੋ ਸ਼ੁੱਭ ਹੈ ਉਸ ਨੂੰ ਆਪਣੇ ਆਪ ਲਈ ਖ਼ੁੱਦ ਵਿਹਾਰਿਕ ਰੂਪ ਵਿੱਚ ਹਾਜ਼ਿਰ ਹੋਣਾ ਚਾਹੀਦਾ ਹੈ (What is good in itself ought to exist for its own sake)। ਪਲੇਟੋ ਨੇ ਆਪਣੀ ਪੁਸਤਕ 'Republic' ਵਿੱਚ ਇੱਕ ਸ਼ੁੱਭ ਸਮਾਜ ਦੀ ਸਰੰਚਨਾ ਦਰਸਾਈ ਹੈ। ਇਸ ਤੋਂ ਇਲਾਵਾ ਸਿੱਖਿਆ, ਸੈਕਸ, ਪੈਦਾਵਾਰ, ਕਲਾ, ਸਾਹਿਤ ਆਦਿ ਤੇ ਵੀ ਉਨ੍ਹਾਂ ਕਾਫੀ ਵਿਹਾਰਿਕ ਰੂਪ ਦਰਸਾਇਆ। ਅਰਸਤੂ ਨੇ ਵੀ ਦੱਸਿਆ ਕਿ ਇੱਕ ਮਨੁੱਖ ਨੂੰ ਨੈਤਿਕ ਹੋਣ ਲਈ ਨੈਤਿਕ ਸਮਾਜ ਦੀ ਖੂਬ ਲੋੜ ਹੈ।

ਮੱਧ-ਕਾਲੀਨ ਦੇ Thomas Aquinas (1225-1274) ਨੇ ਆਪਣੀ ਪੁਸਤਕ "Summa Theologiae" ਵਿੱਚ ਵਿਆਹ ਅਤੇ ਪਰਿਵਾਰ ਵਰਗੇ ਵਿਸ਼ਿਆਂ ਨੂੰ ਵਿਹਾਰਿਕ ਰੂਪ ਵਿੱਚ ਨੈਤਿਕ ਬਣਾਇਆ। John Locke (1632-1704) ਨੇ ਵੀ ਸਿੱਖਿਆ ਅਤੇ ਸਹਿਣਸ਼ੀਲਤਾ ਤੇ ਕਾਫ਼ੀ ਵਿਹਾਰਿਕ ਰੂਪ ਵਿੱਚ ਲਿਖਿਆ। Immanual Kant (1724-1804) ਨੇ ਵੀ ਆਤਮ-ਹੱਤਿਆ ਅਤੇ ਝੂਠ ਬੋਲਣ ਵਰਗੇ ਵਿਸ਼ਿਆਂ ਦੀ ਵਿਹਾਰਿਕ ਪ੍ਰੀਖਿਆ ਕੀਤੀ। Jeremy Bentham (1748-1832) ਨੇ ਸਜ਼ਾ ਦੇ ਸਿਧਾਂਤ ਬਾਰੇ ਕਾਫ਼ੀ ਲਿਖਿਆ ਅਤੇ ਕੈਦ (Prison) ਦੇ ਕਈ ਯੋਗ ਨੁਕਸੇ ਵੀ ਦੱਸੇ, ਜਿਨ੍ਹਾਂ ਨੂੰ ਉਸ ਨੇ 'Panopticon' ਦਾ ਨਾਮ ਦਿੱਤਾ। Hegel (1770-1831) ਨੇ ਵੀ ਸਜ਼ਾ ਅਤੇ ਪਰਿਵਾਰ ਵਰਗੇ ਵਿਹਾਰਿਕ ਵਿਸ਼ਿਆਂ ਨੂੰ ਛੋਹਿਆ। ਉਨ੍ਹਾਂ ਦੇ ਹੀ ਦਵੰਧਾਤਮਕ

ਵਿਚਾਰ ਨੂੰ Karl Marx (1818-83) ਨੇ ਖੂਬ ਵਿਹਾਰਿਕ ਰੂਪ ਦਿੱਤਾ ਜੋ ਅੱਗੇ ਇੱਕ ਵਿਚਾਰਧਾਰਾ ਦਾ ਰੂਪ ਧਾਰਣ ਕਰ ਗਿਆ। ਇਸੇ ਤਰ੍ਹਾਂ John Stuart Mill (1806-1873) ਨੇ ਆਪਣੀ ਹੱਥ-ਲਿਖਤ 'On Liberty' ਵਿੱਚ ਖੁੱਲੇ ਅਤੇ ਬੰਦ ਸਮਾਜ ਦੀ ਅਸਲੀ ਭਾਵਨਾ ਨੂੰ ਪ੍ਰਗਟਾਇਆ। ਅੰਤ ਵਿੱਚ ਅਮਰੀਕੀ ਵਿਵਹਾਰਵਾਦੀ John Dewey (1859-1952) ਦੇ ਸਿੱਖਿਆ ਸੰਬੰਧੀ ਵਿਚਾਰਾਂ ਨੇ ਅਮਰੀਕਾ ਅਤੇ ਇੰਗਲੈਂਡ ਦੇ ਸਿੱਖਿਅਕ ਢਾਂਚੇ ਤੇ ਕਾਫੀ ਪ੍ਰਭਾਵ ਪਾਇਆ।

ਇਸ ਤਰ੍ਹਾਂ ਵਿਹਾਰਿਕ ਨੀਤੀ-ਸ਼ਾਸ਼ਤਰ ਨਿਰੋਲ ਨਵਾਂ ਵਿਸ਼ਾ ਨਹੀਂ ਹੈ। ਇਸ ਦੀਆਂ ਜੜ੍ਹਾਂ ਦਰਸ਼ਨ-ਸ਼ਾਸ਼ਤਰ ਦੇ ਪੂਰੇ ਇਤਿਹਾਸ ਵਿੱਚ ਫੈਲੀਆਂ ਹੋਈਆਂ ਹਨ। ਪਰ ਇਸ ਦੇ ਵਿਹਾਰਿਕ ਰੂਪ ਦੀ ਉਸ ਸਮੇਂ ਇੰਨੀ ਮਹੱਤਤਾ ਨਹੀਂ ਸੀ ਜਿੰਨੀ ਮੌਜੂਦਾ ਸਮੇਂ ਮਹਿਸੂਸ ਹੋ ਰਹੀ ਹੈ, ਜਿਸ ਦੇ ਕਈ ਕਾਰਣ ਹਨ।

**ਮਹੱਤਤਾ:**

ਵਿਹਾਰਿਕ ਨੀਤੀ-ਸ਼ਾਸ਼ਤਰ ਦਾ ਸਰੂਪ ਅਤੇ ਪਰਿਭਾਸ਼ਾ ਜਾਨਣ ਤੋਂ ਬਾਅਦ ਇਸ ਦੀ ਲੋੜ ਜਾਂ ਮਹੱਤਤਾ ਤੇ ਚਾਨਣਾ ਪਾਉਣਾ ਅਤਿ ਜ਼ਰੂਰੀ ਹੈ ਕਿਉਂਕਿ ਉਹ ਨੀਤੀ-ਸ਼ਾਸ਼ਤਰ ਦੇ ਵਧੇਰੇ ਕਰਕੇ ਸਿਧਾਂਤਕ ਰੂਪ ਵਿੱਚ ਹੀ ਵਿਚਾਰਿਆ ਜਾਂਦਾ ਸੀ ਜਿਵੇਂ ਆਪਣੀ ਵਿਹਾਰਿਕ ਲੋੜ ਮਹਿਸੂਸ ਕਰਨ ਲੱਗਾ ਹੈ। ਇਸ ਪ੍ਰਸ਼ਨ ਦਾ ਜਵਾਬ ਹੇਠਾਂ ਦਰਸਾਏ ਤੱਥ ਬਾ-ਖੂਬੀ ਦੇ ਸਕਦੇ ਹਨ -

### 1.3 ਨੀਤੀ-ਸ਼ਾਸ਼ਤਰ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ:

ਨੀਤੀ-ਸ਼ਾਸ਼ਤਰ ਜਾਂ ਨੈਤਿਕਤਾ ਦਾ ਮਨੁੱਖੀ ਜੀਵਨ ਵਿੱਚ ਬਹੁਤ ਮਹੱਤਵ ਹੈ ਜਾਂ ਇੰਝ ਕਹਿ ਲਵੋ ਕਿ ਇਸ ਬਿਨਾਂ ਮਨੁੱਖੀ ਜੀਵਨ ਬੇਅਰਥ ਹੈ। ਇਹ ਨੈਤਿਕਤਾ ਹੀ ਹੈ ਜੋ ਮਨੁੱਖ ਨੂੰ ਹੋਰਾਂ ਪਸ਼ੂਆਂ ਨਾਲੋਂ ਉੱਤਮ ਬਣਾਉਂਦੀ ਹੈ। ਨੈਤਿਕਤਾ ਅਤੇ ਮਨੁੱਖੀ ਜੀਵਨ ਇਕ ਦੂਸਰੇ ਦੇ ਇੰਨੇ ਨੇੜੇ ਅਤੇ ਪੂਰਕ ਹਨ ਕਿ ਕਈ ਵਾਰ ਇੰਨ੍ਹਾਂ ਨੂੰ ਸਮਾਨ-ਅਰਥੀ (Synonyms) ਸਮਝਿਆ ਜਾਂਦਾ ਹੈ। ਸੰਪੂਰਣ ਮਨੁੱਖ ਉਹ ਹੀ ਹੈ ਜੋ ਨੈਤਿਕ ਹੈ। ਨੈਤਿਕਤਾ ਮਨੁੱਖੀ ਜੀਵਨ ਦੀ ਆਤਮਾ ਹੈ। ਇਸੇ ਭਾਵਨਾ ਨੂੰ ਮਹਿਸੂਸ ਕਰਦਿਆਂ ਨੀਤੀ-ਸ਼ਾਸ਼ਤਰ ਵਿੱਚ ਅਧਿਐਨ ਕੀਤਾ ਜਾਂਦਾ ਹੈ ਅਤੇ ਨੀਤੀ-ਸ਼ਾਸ਼ਤਰ ਦਾ ਅਧਿਐਨ ਮਨੁੱਖ ਨੂੰ ਇਹੀ ਭਾਵਨਾ ਅਤੇ ਚੇਤੇ ਕਰਾਉਂਦਾ ਰਹਿੰਦਾ ਹੈ। ਮੌਜੂਦਾ ਸਮੇਂ ਦੌਰਾਨ ਇਸ ਭਾਵਨਾ ਦੀ ਘੱਟ ਰਹੀ ਦਰ ਨੂੰ ਵੇਖਦਿਆਂ ਨੀਤੀ-ਸ਼ਾਸ਼ਤਰ ਨੂੰ ਹੋਰਾ ਵਿਸ਼ਿਆ ਵਾਂਗ ਵਧੇਰੇ ਸੁਚੇਤ ਅਤੇ ਵਿਹਾਰਿਕ ਹੋਣਾ ਪੈ ਰਿਹਾ ਹੈ। ਦੂਸਰੇ ਵਿਸ਼ਿਆਂ ਅਤੇ ਜੀਵਨ ਦੇ ਰੁਝੇਵਿਆਂ ਨੂੰ ਮਨੁੱਖ ਨੂੰ ਇੰਨਾ ਰੁਝਿਆ ਹੋਇਆ ਬਣਾ ਦਿੱਤਾ ਹੈ ਕਿ ਉਹ ਨੈਤਿਕਤਾ ਨੂੰ ਪਰ੍ਹੇ ਰੱਖ ਦੇਂਦਾ ਹੈ। ਨੀਤੀ-ਸ਼ਾਸ਼ਤਰ ਮਨੁੱਖੀ ਜੀਵਨ ਜਾਂ ਮਨੁੱਖਤਾ ਦੇ ਇੰਨਾ ਨੇੜੇ ਹੈ ਕਿ ਇਸ ਤੋਂ ਬਿਨਾਂ ਦੋਵੇਂ ਬੇ-ਅਰਥ ਹਨ।

#### 1.3.1 ਡਿੱਗ ਰਿਹਾ ਨੈਤਿਕਤਾ ਅਤੇ ਮਨੁੱਖਤਾ ਦਾ ਸਤਰ :

ਨੀਤੀ-ਸ਼ਾਸ਼ਤਰ ਦੇ ਵਿਹਾਰਿਕ ਹੋਣ ਦੀ ਮਹੱਤਤਾ ਦਾ ਇੱਕ ਮੁੱਢਲਾ ਕਾਰਣ ਇਹ ਵੀ ਰਿਹਾ ਹੈ ਕਿ ਮੌਜੂਦਾ ਸਮੇਂ ਦੌਰਾਨ ਨੈਤਿਕਤਾ ਅਤੇ ਮਨੁੱਖਤਾ ਵਰਗੇ ਮੁੱਲਾਂ ਅਤੇ ਕਦਰਾਂ-ਕੀਮਤਾਂ ਨੂੰ ਪਰੇ ਰੱਖਿਆ ਜਾਂਦਾ ਹੈ। ਬਹੁਤ ਸਾਰੇ ਅਜਿਹੇ ਕਾਰਣ ਹਨ ਜਿਨ੍ਹਾਂ ਦੇ ਚਲਦਿਆਂ ਮਨੁੱਖ ਨੈਤਿਕਤਾ ਜਿਹੇ ਕਮਜ਼ੋਰ ਮੁੱਲਾਂ ਦੀ ਪ੍ਰਵਾਹ ਤੱਕ ਨਹੀਂ ਕਰਦਾ। ਮੌਜੂਦਾ ਜੀਵਨ ਵਧੇਰੇ ਪਦਾਰਥਵਾਦੀ (Materialistic) ਅਤੇ ਕਾਨੂੰਨ ਤੇ ਆਧਾਰਿਤ ਚਲਦਾ ਹੈ। ਪਰ ਨੈਤਿਕਤਾ ਦੇ ਨਿਯਮ ਕਾਨੂੰਨ ਵਾਂਗ ਨਹੀਂ ਹਨ ਜਿੰਨਾਂ ਦੀ ਉਲੰਘਣਾ ਹੋਣ ਤੇ ਅਦਾਲਤੀ ਸਜ਼ਾ ਮਿਲ ਸਕੇ। ਨੈਤਿਕ ਨਿਯਮ ਮਨੁੱਖ ਦੀ ਆਪਣੀ ਸੋਚ ਅਤੇ ਜ਼ਰੂਰਤ ਤੇ ਨਿਰਭਰ ਹਨ, ਪਰ ਜੀਵਨ ਦੇ ਵਧੇਰੇ ਪਦਾਰਥਵਾਦੀ ਅਤੇ ਪੈਸੇ ਦੇ ਵੱਧਦੇ ਪ੍ਰਭਾਵ ਕਾਰਣ ਮਨੁੱਖ ਇੰਨ੍ਹਾਂ ਅਤਿ ਨਾਜ਼ੁਕ ਨੈਤਿਕ ਨਿਯਮਾਂ ਦੀ ਪ੍ਰਵਾਨ ਨਹੀਂ ਕਰਦਾ ਹੈ।

#### 1.3.2 ਪਦਾਰਥਵਾਦੀ ਜੀਵਨ-ਸੈਕਸ, ਧਨ ਅਤੇ ਸੱਤਾ ਦਾ ਵੱਧਦਾ ਪ੍ਰਭਾਵ:

ਮੌਜੂਦਾ ਮਨੁੱਖੀ ਜੀਵਨ ਵਧੇਰੇ ਪਦਾਰਥਵਾਦੀ ਬਣਦਾ ਜਾ ਰਿਹਾ, ਭਾਵ ਮਨੁੱਖ ਆਰਾਮ-ਪ੍ਰਸਤੀ ਵੱਧ ਵਧੇਰੇ ਝੁਕ ਰਿਹਾ ਹੈ। ਅੰਤਰਰਾਸ਼ਟਰੀ ਪੱਧਰ ਤੇ ਸੈਕਸ ਸੰਬੰਧੀ ਜਾਣਕਾਰੀ, ਹੋਰ ਭੜਕੀਲੀਆਂ ਗਤੀਵਿਧੀਆਂ ਆਦਿ ਨੇ ਮਨੁੱਖ ਨੂੰ ਵਧੇਰੇ ਸੈਕਸ-ਪਸੰਦ ਬਣਾ ਦਿੱਤਾ ਹੈ, ਜਿਸ ਦੇ ਚਲਦਿਆਂ ਉਹ ਨੈਤਿਕਤਾ ਵਰਗੇ ਮੁੱਲਾਂ ਨੂੰ ਛਿੱਕੇ ਟੰਗ ਦਿੰਦਾ ਹੈ। ਇਸੇ ਤਰ੍ਹਾਂ ਧਨ ਦੀ ਲਾਲਚ ਅਨੈਤਿਕਤਾ ਦੀ ਮੋਢੀ-ਮਾਂ ਹੈ। ਵਧੇਰੇ ਆਰਾਮ-ਪਸੰਦ ਉਪਕਰਣਾ ਅਤੇ ਤਕਨੀਕ ਆਉਣ ਨਾਲ ਮਨੁੱਖ ਇੰਨ੍ਹਾ ਸਭ ਉਪਕਰਣਾਂ ਨੂੰ ਮਾਨਣਾ ਚਾਹੁੰਦਾ ਹੈ ਜਿਸ ਲਈ ਉਸ ਦੀ ਇਮਾਨਦਾਰੀ ਦੀ ਇਕੱਲੀ ਤਨਖਾਹ

ਕਾਫੀ ਨਹੀਂ ਹੈ। ਉਸ ਵਿੱਚ ਧਨ ਪ੍ਰਤੀ ਲਾਲਸਾ ਵੱਧਦੀ ਹੈ ਅਤੇ ਉਹ ਅਨੈਤਿਕ ਬਨਣਾ ਸ਼ੁਰੂ ਹੋ ਜਾਂਦਾ ਹੈ। ਠੀਕ ਇਸੇ ਤਰ੍ਹਾਂ ਰਾਜਨੀਤਿਕ ਖੇਤਰ ਵਿੱਚ ਸਤਾ (Authority) ਪ੍ਰਾਪਤੀ ਦੀ ਲਾਲਸਾ ਨੇ ਵੀ ਮਨੁੱਖ ਨੂੰ ਸੰਪੂਰਣ ਮਨੁੱਖ ਨਹੀਂ ਰਹਿਣ ਦਿੱਤਾ। ਸੈਕਸ ਅਤੇ ਧਨ ਦੀ ਚਮਕ ਦੀ ਤਰ੍ਹਾਂ ਸੱਤਾ ਦੀ ਲਾਲਸਾ ਨੇ ਵੀ ਮਨੁੱਖ ਨੂੰ ਖੂਬ ਅਨੈਤਿਕ ਬਣਾਇਆ ਹੈ। ਅਜਿਹੇ ਹਾਲਾਤਾਂ ਵਿੱਚ ਨੀਤੀ-ਸ਼ਾਸ਼ਤਰ ਅਤੇ ਉਸ ਦੇ ਵਿਹਾਰਿਕ ਪੱਖ ਦਾ ਰੋਲ ਕਿਤੇ ਹੋਰ ਵਧੇਰੇ ਵੱਧ ਜਾਂਦਾ ਹੈ। ਮੌਜੂਦਾ ਸਮੇਂ ਦੇ ਅਜਿਹੇ ਹਾਲਾਤਾਂ ਤੋਂ ਭਵਿੱਖ ਵਿੱਚ ਅਜਿਹੇ ਹੋਰ ਭਿਆਨਕ ਹਾਲਾਤਾਂ ਦਾ ਅਨੁਮਾਨ ਸਹਿਜੇ ਬਣਦਾ ਹੈ।

**1.3.3 ਮਨੁੱਖੀ ਜੀਵਨ ਦਾ ਰਾਜਨੀਤੀਕਰਣ :**

ਜੇ ਮੌਜੂਦਾ ਮਨੁੱਖੀ ਜੀਵਨ ਨੂੰ ਰਾਜਨੀਤਿਕ ਜੀਵਨ ਕਹਿ ਦੇਈਏ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ ਕਿਉਂਕਿ ਇਸ ਸਮੇਂ ਦੌਰਾਨ ਰਾਜਨੀਤੀ ਦਾ ਪ੍ਰਭਾਵ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਘਰ ਕਰ ਗਿਆ ਹੈ। ਵਿਸ਼ਵ ਪੱਧਰ ਤੇ ਵੀ ਇਹ ਪ੍ਰਭਾਵ ਖੂਬ ਮਹਿਸੂਸ ਕੀਤਾ ਜਾ ਸਕਦਾ ਹੈ। ਗਰੀਬ, ਵਿਕਾਸ-ਅਧੀਨ (Under development) ਅਤੇ ਵਧੇਰੇ ਜਨ-ਸੰਖਿਆ ਵਾਲੇ ਦੇਸ਼ ਖਾਸ ਕਰਕੇ ਭਾਰਤ ਵਿੱਚ ਰਾਜਨੀਤੀ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਆਪਣੀਆਂ ਜੜ੍ਹਾ ਫੈਲਾਅ ਚੁੱਕੀ ਹੈ। ਇੱਥੋਂ ਤੱਕ ਧਰਮ, ਸਿੱਖਿਆ, ਸਮਾਜਿਕ ਰੀਤੀ-ਰਿਵਾਜ਼ ਵਰਗੇ ਆਦਿ ਖੇਤਰਾਂ ਵਿੱਚ ਵੀ ਰਾਜਨੀਤੀ ਨੇ ਆਪਣਾ ਪ੍ਰਭਾਵ ਪਾਇਆ ਹੈ। ਇਹ ਅਸੀਂ ਸਪਸ਼ਟ ਰੂਪ ਤੋਂ ਜਾਣਦੇ ਹਾਂ ਕਿ ਰਾਜਨੀਤੀ ਅਤੇ ਨੀਤੀ ਵਿੱਚ ਵਿਰੋਧੀ ਸੰਬੰਧ ਹੈ। ਜਦ ਰਾਜਨੀਤੀ ਵਧਦੀ ਹੈ ਤਦ ਨੀਤੀ ਘੱਟਦੀ ਹੈ ਅਤੇ ਇਸੇ ਤਰ੍ਹਾਂ ਇਸ ਦੇ ਉਲਟ (vice versa)। ਹੁਣ ਜਦ ਦੁਨੀਆਂ ਦੇ ਲਗਭਗ 70% ਦੇਸ਼ਾਂ ਵਿੱਚ ਲੋਕਤੰਤਰ (Democracy) ਹੈ ਅਤੇ ਲੋਕਤੰਤਰ ਵੋਟਾਂ ਦੀ ਰਾਜਨੀਤੀ ਹੈ ਤਾਂ ਸਪਸ਼ਟ ਹੈ ਕਿ ਨੈਤਿਕਤਾ ਨੂੰ ਉਸ ਦੇਸ਼ ਵਿੱਚ ਕੋਈ ਚੋਖੀ ਮਹੱਤਤਾ ਨਹੀਂ ਮਿਲਦੀ। ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਬਹੁਤ ਹੀ ਘੱਟ ਸਮੇਂ ਵਿੱਚ ਚੋਣਾਂ ਹੋਣੀਆਂ ਹੁੰਦੀਆਂ ਹਨ ਤਾਂ ਰਾਜਨੀਤੀ ਨੇਤਾ ਆਪਣਾ ਉੱਲੂ ਸਿੱਧਾ ਕਰਨ ਲਈ ਅਨੈਤਿਕਤਾ ਦੀ ਹਰ ਹੱਦ ਤੱਕ ਪਹੁੰਚ ਜਾਂਦੇ ਹਨ। ਲੋਕਤੰਤਰ ਵਿੱਚ ਲੋਕਾਂ ਨੂੰ ਵੀ ਸਰਕਾਰ ਰਾਹੀਂ ਕਾਫੀ ਕੰਮ ਹੁੰਦੇ ਹਨ, ਇਹ ਵੀ ਨੈਤਿਕਤਾ ਦੇ ਇਸ ਕਤਲੇਆਮ ਵਿੱਚ ਖੂਬ ਹਿੱਸਾ ਪਾਉਂਦੇ ਹਨ। ਇਸ ਤਰ੍ਹਾਂ ਰਾਜਨੀਤੀ ਨੇ ਨੀਤੀ-ਸ਼ਾਸ਼ਤਰ ਨੂੰ ਵਿਹਾਰਿਕ ਬਨਣ ਲਈ ਉਤਸੁਕ ਕੀਤਾ ਹੈ।

**1.3.4 ਭ੍ਰਿਸ਼ਟਾਚਾਰ:**

ਰਾਜਨੀਤੀ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਪਹੁੰਚ ਚੁੱਕੀ ਹੈ ਅਤੇ ਇਸ ਦਾ ਬੁਰਾ ਪੱਖ ਮਨੁੱਖ ਅਤੇ ਨੈਤਿਕਤਾ ਲਈ ਵਧੇਰੇ ਘਾਤਕ ਹੈ। ਭ੍ਰਿਸ਼ਟਾਚਾਰ ਵੀ ਇਸ ਵੱਧ ਰਹੇ ਰਾਜਨੀਤਿਕ ਪ੍ਰਭਾਵ ਦਾ ਇੱਕ ਦਰਦਨਾਕ ਸਿੱਟਾ ਹੈ। ਜਦੋਂ ਰਾਜਨੀਤੀ ਹੀ ਸਭ ਕੁਝ ਹੋਵੇ ਤਾਂ ਨੈਤਿਕਤਾ ਦੀ ਥਾਂ ਭ੍ਰਿਸ਼ਟਾਚਾਰ ਰਾਜ ਕਰਦਾ ਹੈ। ਰਾਜਨੀਤੀ ਨੈਤਿਕਤਾ ਵਰਗੇ ਮੁੱਲਾਂ ਦੇ ਅਹਿਸਾਸ ਅਤੇ ਅਰਥਾਂ ਨੂੰ ਵੀ ਨਸ਼ਟ ਕਰ ਦਿੰਦੀ ਹੈ ਅਤੇ ਇਸ ਦੇ ਪ੍ਰਭਾਵ ਹੇਠ ਆਏ ਮਨੁੱਖ ਇਹ ਭੁੱਲ ਜਾਂਦੇ ਹਨ ਕਿ ਉਹ ਜਾਂ ਉਹਨਾਂ ਦੇ ਵੱਡੇ-ਵਡੇਰੇ ਕਦੇ ਨੈਤਿਕ ਹੁੰਦੇ ਸੀ। ਨੈਤਿਕਤਾ ਉਹਨਾਂ ਨੂੰ ਮੂਰਖਤਾ ਜਾਪਦੀ ਹੈ। ਨੈਤਿਕਤਾ, ਧਰਮ ਅਤੇ ਕਦਰਾਂ-ਕੀਮਤਾਂ ਨੂੰ ਉਹ ਕੇਵਲ ਕਿਤਾਬੀ-ਗੱਲਾਂ ਹੀ ਦੱਸਦੇ ਹਨ ਅਤੇ ਜੀਵਨ ਨੂੰ ਇੰਨ੍ਹਾ ਸਭਨਾਂ ਤੋਂ ਵੱਧ ਅਤੇ ਵਧੀਆ ਮੰਨਦੇ ਹਨ। ਪਰ ਅਜਿਹਾ ਨਹੀਂ ਹੈ ਕਿਉਂਕਿ ਨੈਤਿਕਤਾ ਬਿਨਾਂ ਮਨੁੱਖ ਪਸ਼ੂ ਸਮਾਨ ਹੈ ਅਤੇ ਅਨੈਤਿਕਤਾ ਦਾ ਵਧਦਾ ਬੋਲਬਾਲਾ ਉਸ ਨੂੰ ਆਪਣੇ ਆਪ ਪਤਨ ਵੱਲ ਧਕੇਲ ਰਿਹਾ ਹੈ। ਭ੍ਰਿਸ਼ਟਾਚਾਰ, ਸਿਫਾਰਸ਼ ਅਤੇ ਰਿਸ਼ਵਤ ਦੇਣਾ ਆਦਿ ਗਤੀ-ਵਿਧੀਆਂ ਨੇ ਮਨੁੱਖ ਨੂੰ ਖੂਬ ਅਨੈਤਿਕ ਬਣਾਇਆ ਹੈ ਜਿਸ ਕਾਰਣ ਨੀਤੀ-ਸ਼ਾਸ਼ਤਰ ਦੀ ਮਹੱਤਤਾ ਮਹਿਸੂਸ ਹੋਣ ਲੱਗੀ ਹੈ।

**1.3.5 ਵਧਦੀ ਜਨ-ਸੰਖਿਆ :**

ਉਂਝ ਵੇਖਿਆ ਜਾਵੇ ਤਾਂ ਸਮਾਜ ਦੀਆਂ ਲਗਭਗ ਸਾਰੀਆਂ ਸਮੱਸਿਆਵਾਂ ਦਾ ਕਾਰਨ ਵੱਧ ਜਨ-ਸੰਖਿਆ ਹੈ। 2002 ਵਿੱਚ ਹੋਈ ਜਨ ਗਣਨਾ ਅਨੁਸਾਰ ਸੰਸਾਰ ਦੀ ਜਨ-ਸੰਖਿਆ 6 ਅਰਬ (600 ਕਰੋੜ) ਤੋਂ ਵੀ ਵੱਧ ਹੈ। ਇਸ ਵਿੱਚ ਭਾਰਤ ਦਾ ਹਿੱਸਾ 1 ਅਰਬ 5 ਕਰੋੜ ਦੇ ਲਗਭਗ ਅਤੇ ਪੰਜਾਬ ਵਿੱਚ ਲਗਭਗ 2.50 ਕਰੋੜ ਮਨੁੱਖ ਹਨ। ਭਾਰਤ ਦੀ ਆਜ਼ਾਦੀ ਦੇ ਸਮੇਂ ਇਸ ਦੀ ਜਨ ਸੰਖਿਆ 57 ਕਰੋੜ ਦੇ ਕਰੀਬ ਸੀ ਪਰ ਇੰਨਾ 50 ਸਾਲਾਂ ਵਿੱਚ 50 ਕਰੋੜ ਜਨ ਸੰਖਿਆ ਵਧੀ ਹੈ। ਜਨ-ਸੰਖਿਆ ਤਾਂ ਵੱਧਦੀ ਹੈ ਪਰ ਇਸ ਲਈ ਪਹਿਲੋਂ ਪ੍ਰਾਪਤ ਸਾਧਨ ਉਨੇ ਹੀ

ਹਨ, ਪੈਦਾਵਾਰ ਲਈ ਜ਼ਮੀਨ, ਹਵਾ, ਪਾਣੀ ਆਦਿ ਸਭ ਉਨ੍ਹਾਂ ਹੀ ਹੈ ਪਰ ਇਸ ਨੂੰ ਵਰਤਨ ਵਾਲੇ ਲਗਭਗ ਦੁੱਗਣੇ ਹੋ ਗਏ ਹਨ। ਇਸ ਤਰ੍ਹਾਂ ਜਦ ਜੀਵਨ ਦੀਆਂ ਬੁਨਿਆਦੀ ਲੋੜਾਂ ਦੀ ਘਾਟ ਹੋਵੇ ਅਤੇ ਇਹ ਘਾਟ ਹੋਰ ਵਧਦੀ ਜਾਵੇ ਤਾਂ ਨੈਤਿਕਤਾ ਵਰਗੇ ਮੁੱਲਵਾਨ ਅਤੇ ਕੋਮਲ ਵਿਸ਼ਿਆਂ ਦੀ ਪ੍ਰਵਾਨ ਨਹੀਂ ਕੀਤੀ ਜਾਂਦੀ। ਦੂਸਰੇ ਸ਼ਬਦਾਂ ਵਿੱਚ ਵੱਧ ਜਨ-ਸੰਖਿਆ ਅਨੈਤਿਕਤਾ ਦਾ ਘਰ ਹੈ ਜਿਸ ਨੂੰ ਕੇਵਲ ਨੀਤੀ-ਸ਼ਾਸ਼ਤਰ ਦੀ ਵਿਹਾਰਿਕ ਪਹਿਲ-ਕਦਮੀ (Initiativeness) ਹੀ ਠੱਲ ਪਾ ਸਕਦੀ ਹੈ।

**1.3.6 ਗਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ**

ਵਧਦੀ ਜਨ-ਸੰਖਿਆ ਜਿੱਥੇ ਆਪ ਇਕ ਬਹੁਤ ਵੱਡੀ ਸਮੱਸਿਆ ਹੈ ਉੱਥੇ ਹੀ ਆਪਣੇ ਵਰਗੀਆਂ ਕਈ ਹੋਰ ਵੱਡੀਆਂ ਸਮੱਸਿਆਵਾਂ ਪੈਦਾ ਕਰਦੀ ਹੈ। ਗਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਇਸ ਦੀ ਦੇਣ ਹਨ। ਜਿਵੇਂ ਕਿ ਅਸੀਂ ਉਪਰੋਕਤ ਪੜ੍ਹ ਚੁੱਕੇ ਹਾਂ ਕਿ ਜਨਸੰਖਿਆ ਵੱਧ ਹੈ ਪਰ ਜੀਵਨ ਦੇ ਸਾਧਨ ਸੀਮਤ ਹੀ ਹਨ, ਜਿਸ ਕਾਰਣ ਇਕ ਦੇਸ਼ ਦੀ ਸਰਕਾਰ ਰਾਹੀਂ ਸਭਨਾਂ ਨੂੰ ਪੜ੍ਹਾ ਪਾਉਣਾ ਮੁਸ਼ਕਿਲ ਹੈ। ਇਸ ਕਾਰਣ ਬੇਰੁਜ਼ਗਾਰੀ ਅਤੇ ਤਨਾਅ ਵੱਧਦਾ ਹੈ ਅਤੇ ਗਰੀਬੀ ਵੀ ਵੱਧਦੀ ਹੈ। ਇਹ ਤਿੰਨੋ ਸਮੱਸਿਆਵਾਂ ਇਕ ਦੂਸਰੇ ਦੀਆਂ ਪੂਰਕ ਹਨ। ਇਕ ਦੇ ਨਾਲ ਦੂਸਰੀ ਵੀ ਫੈਲਦੀ ਹੈ। ਇੱਕ ਗਰੀਬ ਅਤੇ ਬੇਰੁਜ਼ਗਾਰ ਮਨੁੱਖ ਆਪਣੇ ਜੀਵਨ ਨੂੰ ਸ਼ੁਰੂ ਕਰਨ ਜਾਂ ਚਲਾਉਣ ਬਾਰੇ ਚਿੰਤਤ ਹੋਵੇਗਾ ਜਾਂ ਜੀਵਨ ਦੇ ਮੁੱਲਾਂ ਪ੍ਰਤੀ। ਇੱਕ ਭੁੱਖਾ ਪੇਟ ਕੇਵਲ ਖਾਣਾ ਦੇਖਦਾ ਹੈ, ਨੈਤਿਕਤਾ ਨਹੀਂ। ਵਧ ਜਨ-ਸੰਖਿਆ ਨੇ ਗਰੀਬੀ ਅਤੇ ਬੇਰੁਜ਼ਗਾਰੀ ਵਾਲੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜਿਨਾਂ ਰਾਹੀਂ ਅਨੈਤਿਕਤਾ ਨੂੰ ਖੂਬ ਸ਼ਹਿ ਮਿਲ ਰਹੀ ਹੈ। ਮਨੁੱਖਤਾ ਪ੍ਰਤੀ ਬਣੇ ਅਜਿਹੇ ਨੈਤਿਕ-ਸੰਕਟ ਨੂੰ ਦੂਰ ਕਰਨ ਲਈ ਨੀਤੀ-ਸ਼ਾਸ਼ਤਰ ਨੂੰ ਅੱਗੇ ਆਉਣਾ ਹੀ ਪੈਣਾ ਹੈ।

**1.3.7 ਕੁਦਰਤੀ ਆਫਤਾਂ:**

ਮਨੁੱਖ ਦੇ ਅਨੈਤਿਕ ਬਣਨ ਵਿੱਚ ਕੁਦਰਤ ਵੀ ਬਾਖੂਬੀ ਹਿੱਸਾ ਪਾ ਰਹੀ ਹੈ। ਇੱਕ ਤਾਂ ਵੱਧ ਜਨ-ਸੰਖਿਆਂ ਕਾਰਣ ਪਹਿਲੋਂ ਹੀ ਬਣੀਆਂ ਸਮੱਸਿਆਵਾਂ, ਦੂਸਰਾ ਕਿਸੇ ਦੇਸ਼ ਰਾਹੀਂ ਥੋੜ੍ਹੇ ਬਹੁਤੇ ਕੀਤੇ ਵਿਕਾਸ ਨੂੰ ਕੁਦਰਤੀ ਆਫਤਾਂ ਨਸ਼ਟ ਕਰ ਦਿੰਦੀਆਂ ਹਨ। ਭੂਚਾਲ, ਤੁਫ਼ਾਨ, ਵੱਧ ਵਰਖਾ ਵੱਧ ਸਰਦੀ ਜਾਂ ਗਰਮੀ ਉਜ਼ੋਨ ਪਰਤ ਦਾ ਨਸ਼ਟ ਹੋਣਾ ਐਂਟਾਰਟਿਕਾ ਵਿੱਚ ਬਰਫ ਦਾ ਪਿਘਲਣਾ, ਧਰਤੀ ਹੇਠਲਾ ਪਾਣੀ ਖਤਮ ਹੋਣਾ ਤਰ੍ਹਾਂ-ਤਰ੍ਹਾਂ ਦੇ ਪ੍ਰਦੂਸ਼ਨ ਅਤੇ ਕਈ ਨਵੀਆਂ ਅਨੋਖੀਆਂ ਬੀਮਾਰੀਆਂ ਨੇ ਵੀ ਮਨੁੱਖ ਨੂੰ ਜਤਾ ਦਿੱਤਾ ਹੈ ਕਿ ਨੈਤਿਕਤਾ ਇੰਨਾ ਆਫਤਾਂ ਦੇ ਸਾਹਮਣੇ ਕੁਝ ਵੀ ਨਹੀਂ ਹੈ। ਭੂਚਾਲ, ਤੁਫਾਨ ਅਤੇ ਹੋਰ ਕੁਦਰਤੀ ਆਫਤਾਂ ਤੇ ਤਾਂ ਮਨੁੱਖ ਦਾ ਕੋਈ ਵਧੇਰੇ ਜ਼ੋਰ ਨਹੀਂ ਚੱਲ ਸਕਦਾ ਪਰ ਪ੍ਰਦੂਸ਼ਣ ਬੀਮਾਰੀਆਂ, ਪਾਣੀ ਦੀ ਸਮੱਸਿਆ ਆਦਿ ਵਿਸ਼ਿਆਂ ਪ੍ਰਤੀ ਤਾਂ ਮਨੁੱਖ ਆਪ ਹੀ ਜ਼ਿੰਮੇਵਾਰ ਹੈ। ਵੱਧ ਜਨ-ਸੰਖਿਆ ਅਤੇ ਸੀਮਤ ਸਾਧਨਾ ਕਰਕੇ ਮਨੁੱਖ ਹੋਰ ਵੱਧ ਸਾਧਨਾਂ ਦੀ ਭਾਲ ਕਰਦਾ ਹੈ ਜਾਂ ਸੀਮਤ ਸਾਧਨਾਂ ਨੂੰ ਹੀ ਵਧੇਰੇ ਵਰਤਦਾ ਹੈ ਜਿਸ ਨਾਲ ਵਾਤਾਵਰਣ ਵਿੱਚ ਹਿਲਜੁਲ ਹੁੰਦੀ ਹੈ ਜੋ ਕਿ ਮਨੁੱਖੀ ਅਸਤਿੱਤਵ (Existence) ਲਈ ਘਾਤਕ ਹੈ। ਇੰਨਾਂ ਕੁਦਰਤੀ ਆਫਤਾਂ ਦੇ ਪ੍ਰਕੋਪ ਕਾਰਣ ਮਨੁੱਖ ਨੈਤਿਕਤਾ ਨੂੰ ਖੂੰਜੇ ਸੁੱਟ ਦਿੰਦਾ ਹੈ। ਇਸ ਤਰ੍ਹਾਂ ਮੌਜੂਦਾ ਸਮੇਂ ਨੀਤੀ-ਸ਼ਾਸ਼ਤਰ ਦੀ ਵਧੇਰੇ ਲੋੜ ਹੈ।

**1.3.8 ਵਪਾਰ ਅਤੇ ਅੰਤਰ-ਰਾਸ਼ਟਰੀ ਗਤੀ-ਵਿਧੀਆਂ :**

ਮੌਜੂਦਾ ਸਮਾਂ ਵਿਸ਼ਵੀਕਰਣ (Globalisation) ਦਾ ਸਮਾਂ ਹੈ। ਵਪਾਰ ਅਤੇ ਹੋਰ ਕਈ ਕਾਰਣਾਂ ਕਰਕੇ ਦੁਨੀਆਂ ਭਰ ਦੇ ਦੇਸ਼ ਇਕ ਦੂਸਰੇ ਦੇ ਨੇੜੇ ਆ ਗਏ ਹਨ ਭਾਵ ਸਾਰਾ ਵਿਸ਼ਵ (Globe) ਵਧੇਰੇ ਨੇੜੇ ਜਾਂ ਇਕ ਹੋ ਰਿਹਾ ਹੈ। ਅਜਿਹਾ ਮਾਹੌਲ ਇੱਕ ਦੂਸਰੇ ਤੇ ਅੱਗੇ ਨਿਕਲਣ ਲਈ ਪ੍ਰੇਰਿਤ ਕਰਦਾ ਹੈ, ਜਿਸ ਨਾਲ ਨੈਤਿਕ ਵਿਚਾਰਾਂ ਨੂੰ ਧੱਕਾ ਲੱਞਦਾ ਹੈ। ਵਧੇਰੇ ਅੰਤਰ-ਰਾਸ਼ਟਰੀ ਵਪਾਰ ਅਤੇ ਹੋਰ ਗਤੀ-ਵਿਧੀਆਂ ਕੇਵਲ ਪਦਾਰਥਵਾਦੀ ਅਤੇ ਲਾਭਦਾਇਕ ਸਿੱਟਿਆਂ ਨੂੰ ਹੀ ਪਹਿਲ ਦਿੰਦੀਆਂ ਹਨ। ਇਸੇ ਤਰ੍ਹਾਂ ਅੰਤਰਰਾਸ਼ਟਰੀ ਅੱਤਵਾਦ (International Terrorism) ਨੇ ਵੀ ਅਨੈਤਿਕਤਾ ਨੂੰ ਖੂਬ ਪਾਲਿਆ ਹੈ। ਸ਼ੋਸ਼ਣ ਅਤੇ ਹੋਰ ਕੌਮੀ ਅਤੇ ਧਾਰਮਿਕ ਵਾਦ-ਵਿਵਾਦਾਂ ਕਾਰਣ ਕਈ ਅੰਤਰ-ਰਾਸ਼ਟਰ ਪੱਧਰੀ ਅੱਤਵਾਦੀ ਗਰੁੱਪ ਪੈਦਾ ਹੋਏ ਹਨ, ਜਿਵੇਂ ਉਸਾਮਾ-ਬਿਨ-ਲਾਦੇਨ ਦਾ ਅਲ-ਕਾਇਦਾ, ਸੱਦਾਮ ਹੁਸੈਨ ਦਾ ਇਰਾਕੀ ਕੁਸ਼ਾਸਨ, ਪਾਕਿਸਤਾਨ ਰਾਹੀਂ ਸਥਾਪਿਤ ਅਣਗਿਣਤ ਅੱਤਵਾਦੀ ਸਮੂਹ ਆਦਿ। ਇੰਨਾ ਦੀ ਸੋਚ ਅਤੇ ਗਤੀ-ਵਿਧੀਆਂ ਨੈਤਿਕਤਾ ਤੋਂ ਇਨ-ਬਿਨ ਉਲਟ ਹਨ। ਅੱਤਵਾਦ ਮੌਜੂਦਾ ਦੇਸ਼ਾਂ ਦੀ ਸਭ ਤੋਂ ਵੱਡੀ ਚੁਣੌਤੀ ਬਣ ਚੁੱਕਾ ਹੈ।

ਇਸ ਲਈ ਨੈਤਿਕਤਾ ਜਾਂ ਨੀਤੀ-ਸ਼ਾਸਤਰ ਦਾ ਰੋਲ ਹੋਰ ਮਹੱਤਵਪੂਰਣ ਹੋਇਆ ਹੈ।

**1.3.9 ਧਾਰਮਿਕ ਅਤੇ ਅਧਿਆਤਮਕ ਵਿਚਾਰਾਂ ਵਿੱਚ ਅਵਿਸ਼ਵਾਸ :**

ਨੈਤਿਕਤਾ ਅਤੇ ਧਰਮ ਵਿੱਚ ਬਹੁਤ ਨੇੜੇ ਦਾ ਸੰਬੰਧ ਹੈ ਕਿਉਂਕਿ ਹਰ ਧਰਮ ਨੈਤਿਕਤਾ ਦਾ ਪਾਠ ਮੁੱਢਲੇ ਰੂਪ ਵਿਚ ਪੜਾਉਂਦਾ ਹੈ। ਵਧੇਰੇ ਨੈਤਿਕ ਕਿਸੇ ਨਾ ਕਿਸੇ ਰੂਪ ਵਿੱਚ ਧਾਰਮਿਕ ਜਾਂ ਅਧਿਆਤਮਕ ਸੇਧ ਬਖਸ਼ਦੇ ਹਨ। ਇਸ ਲਈ ਨੀਤੀ-ਸ਼ਾਸਤਰ ਦੇ ਸੰਬੰਧ ਵਿੱਚ ਇਹ ਕਿਹਾ ਗਿਆ ਹੈ ਕਿ ਇਹ ਮਨੁੱਖ ਨੂੰ ਅਧਿਆਤਮਕਤਾ (Spirituality) ਨਾਲ ਜੋੜਦੀ ਹੈ। ਹੁਣ ਜਦ ਧਾਰਮਿਕ ਅਤੇ ਅਧਿਆਤਮਕ ਵਿਸ਼ਵਾਸਾਂ ਵਿੱਚ ਗਿਰਾਵਟ ਆਉਂਦੀ ਹੈ ਤਾਂ ਨੈਤਿਕਤਾ ਦਾ ਪਤਨ ਹੋਣਾ ਸੁਭਾਵਿਕ ਹੈ। ਵੱਧ ਜਨ-ਸੰਖਿਆ, ਸੈਕਸ, ਧਨ ਪ੍ਰਤੀ ਦੌੜ ਅਤੇ ਸੱਤਾ ਦਾ ਵਧੇਰੇ ਲਾਲਚ ਆਦਿ ਸਭ ਧਾਰਮਿਕ ਅਤੇ ਅਧਿਆਤਮਕ ਵਿਚਾਰਾਂ ਦੀ ਮਹੱਤਤਾ ਘਟਾ ਰਹੇ ਹਨ। ਦੂਸਰੇ ਸ਼ਬਦਾਂ ਵਿੱਚ ਅੱਜ ਦਾ ਮਨੁੱਖ ਵਧੇਰੇ ਪਦਾਰਥਵਾਦੀ ਹੋ ਗਿਆ ਹੈ, ਜਿਸ ਕਾਰਣ ਉਹ ਨੈਤਿਕਤਾ ਤੋਂ ਦੂਰ ਅਤੇ ਯਥਾਰਥਵਾਦੀ (Realistic) ਦ੍ਰਿਸ਼ਟੀਕੋਣ ਨਾਲ ਸਫ਼ਲ ਹੋਣਾ ਰੂਸ ਅਤੇ ਚੀਨ ਵਿੱਚ ਮਾਰਕਸਵਾਦ (Marxism) ਦਾ ਸਥਾਪਿਤ ਹੋਣਾ ਇਹ ਜਤਾਉਂਦਾ ਹੈ ਕਿ ਪਦਾਰਥਵਾਦੀ ਤੱਤ ਵਧੇਰੇ ਠੋਸ ਅਤੇ ਫਾਇਦੇਮੰਦ ਹਨ। ਇਹ ਤਿੰਨੇ ਦੇਸ਼ ਦੁਨੀਆਂ ਵਿੱਚ ਵੱਧ ਤਾਕਤਵਰ ਰਹੇ ਹਨ। ਇੰਨਾਂ ਦੀ ਕਾਮਯਾਬੀ ਵਿੱਚ ਇੰਨਾਂ ਦੀ ਵਿਚਾਰਧਾਰਾ ਦਾ ਵਧੇਰੇ ਹੱਥ ਹੈ ਅਤੇ ਇੰਨ੍ਹਾਂ ਦੀ ਵਿਵਹਾਰਧਾਰਾ ਨੈਤਿਕਤਾ ਦੇ ਉਲਟ ਹੈ। ਇਹ ਦੇਸ਼ ਤਾਕਤਵਰ ਤਾਂ ਹਨ ਪਰ ਅੰਤ ਇਹ ਮਾਨਵਤਾ ਦੇ ਨਾਸ਼ ਦਾ ਆਧਾਰ ਹਨ।

ਇਸ ਤਰ੍ਹਾਂ ਕਈ ਵਿਭਿੰਨ ਕਾਰਣਾਂ ਕਰਕੇ ਨੀਤੀ-ਸ਼ਾਸ਼ਤਰ ਦੀ ਲੋੜ ਵਧੇਰੇ ਮਹਿਸੂਸ ਹੋਣ ਲੱਗੀ ਹੈ। ਇਸ ਦੇ ਸਿਧਾਂਤਕ ਪੱਖ ਦੀ ਜਿੰਨੀ ਜ਼ਰੂਰਤ ਮਹਿਸੂਸ ਹੋਣ ਲੱਗੀ ਹੈ, ਉਹ ਵੀ ਬਹੁਤ ਥੋੜ੍ਹੀ ਹੈ ਪਰ ਮੌਜੂਦਾ ਸਮੇਂ ਦੇ ਹਾਲਾਤ ਨੀਤੀ ਸ਼ਾਸ਼ਤਰ ਦਾ ਵਿਹਾਰਿਕ ਪੱਖ ਲੋੜੀਂਦੇ ਹਨ। ਇਸ ਲਈ ਨੀਤੀ-ਸ਼ਾਸ਼ਤਰ ਸਮੇਂ ਦੇ ਅਨੁਸਾਰ ਆਪਣੇ ਆਪ ਨੂੰ ਵਿਹਾਰਿਕ ਬਣਾ ਰਹੀ ਹੈ।

**1.4 ਵਿਹਾਰਿਕ ਨੀਤੀ ਸ਼ਾਸਤਰ ਦਾ ਖੇਤਰ :**

ਵਿਹਾਰਿਕ ਨੀਤੀ-ਸ਼ਾਸ਼ਤਰ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਸ ਦੇ ਵਿਸ਼ਾ-ਖੇਤਰ ਬਾਰੇ ਜਾਣ ਲੈਣਾ ਜ਼ਰੂਰੀ ਹੈ। ਵਿਸ਼ਾ-ਖੇਤਰ ਤੋਂ ਭਾਵ ਸੰਬੰਧਤ ਵਿਸ਼ੇ ਦੇ ਕਿਸ ਖੇਤਰ ਵਿੱਚ ਅਧਿਐਨ ਕਰਨਾ ਹੈ ਜਾਂ ਉਹ ਸੀਮਾਵਾਂ ਜਿੰਨਾ ਦੇ ਅੰਦਰ ਰਹਿ ਕੇ ਉਸ ਵਿਸ਼ੇ ਨੇ ਆਪਣੀਆਂ ਖੋਜਾਂ ਕਰਨੀਆਂ ਹਨ। ਅਸੀਂ ਇਹ ਅਨੁਮਾਨ ਸਹਿਜੇ ਹੀ ਲਗਾ ਸਕਦੇ ਹਾਂ ਕਿ ਵਿਹਾਰਿਕ ਨੀਤੀ-ਸ਼ਾਸ਼ਤਰ ਦਾ ਖੇਤਰ ਨੀਤੀ ਸ਼ਾਸ਼ਤਰ ਵਾਲਾ ਹੀ ਹੋਵੇਗਾ ਕਿਉਂਕਿ ਇਹ ਨੀਤੀ-ਸ਼ਾਸ਼ਤਰ ਦਾ ਹੀ ਵਿਹਾਰਿਕ ਰੂਪ ਹੈ। ਇੱਥੇ ਇਹ ਗੱਲ ਤੇ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਵਿਹਾਰਿਕ ਨੀਤੀ-ਸ਼ਾਸ਼ਤਰ ਨੀਤੀ-ਸ਼ਾਸ਼ਤਰ ਦੇ ਖੇਤਰ ਤੋਂ ਬਾਹਰ ਨਹੀਂ ਹੈ ਪਰ ਇਸ ਦਾ ਖੇਤਰ ਨੀਤੀ-ਸ਼ਾਸ਼ਤਰ ਨਾਲੋਂ ਭਿੰਨ, ਵਿਲੱਖਣ ਅਤੇ ਮਨੁੱਖੀ ਜੀਵਨ ਦੇ ਵਧੇਰੇ ਨੇੜੇ ਹੈ। ਇਹ ਚੇਤੇ ਕਰ ਲੈਣਾ ਲਾਹੇਵੰਦ ਹੋਵੇਗਾ ਕਿ ਨੀਤੀ-ਸ਼ਾਸ਼ਤਰ ਮਨੁੱਖ ਦੇ ਕੇਵਲ ਇੱਛੁਕ ਕੰਮਾਂ ਦਾ ਹੀ ਮੁਲੰਕਣਾਤਮਕ ਅਧਿਐਨ ਹੈ। (Ethics is the evaluative study of the only voluntary actions of a man)। ਉਂਝ ਵਿਹਾਰਿਕ ਨੀਤੀ-ਸ਼ਾਸ਼ਤਰ ਦਾ ਖੇਤਰ ਉਸ ਹਰ ਥਾਂ ਹੈ ਜਿੱਥੇ ਅਨੈਤਿਕਤਾ ਦਾ ਬੋਲਬਾਲਾ ਵਧੇਰੇ ਹੈ, ਜਾਂ ਜਿੱਥੇ ਨੈਤਿਕਤਾ ਦੀ ਵਿਹਾਰਿਕ ਰੂਪ ਵਿੱਚ ਵਧੇਰੇ ਲੋੜ ਹੈ। ਪਰ ਮੌਜੂਦਾ ਸਮੇਂ ਹੇਠਾਂ ਦਰਸਾਏ ਖੇਤਰਾਂ ਵਿੱਚ ਵਿਹਾਰਿਕ ਨੀਤੀ ਸ਼ਾਸ਼ਤਰ ਨੂੰ ਵਧੇਰੇ ਕੋਸ਼ਿਸ਼ਾਂ ਕਰਨ ਦੀ ਲੋੜ ਹੈ :

**1.4.1 ਵਾਤਾਵਰਣ ਨੀਤੀ ਸ਼ਾਸ਼ਤਰ (Environment Ethics) :**

ਇਹ ਵਿਹਾਰਿਕ ਨੀਤੀ-ਸ਼ਾਸ਼ਤਰ ਦਾ ਮੁੱਢਲਾ, ਠੋਸ ਅਤੇ ਸਭ ਤੋਂ ਵੱਧ ਮਹੱਤਵਪੂਰਣ ਖੇਤਰ ਹੈ ਕਿਉਂਕਿ ਇਸ ਸਮੇਂ ਵਾਤਾਵਰਣ ਦੀ ਹੋ ਰਹੀ ਦੁਰਦਸ਼ਾ ਨਾਲ ਮਨੁੱਖ ਅਤੇ ਹੋਰ ਜੀਵਤ ਪ੍ਰਜਾਤੀਆਂ ਦੀ ਸੱਤਾ (Existence) ਤੱਕ ਨਸ਼ਟ ਹੋ ਸਕਦੀ ਹੈ। ਇੱਕ ਸਿਹਤ ਭਰਪੂਰ ਵਾਤਾਵਰਣ ਮਨੁੱਖ ਦਾ ਵਧੇਰੇ ਆਰਾਮ ਪਸੰਦ ਹੋਣਾ, ਲੋੜਾਂ ਪੂਰੀਆਂ ਕਰਨ ਲਈ ਮਨੁੱਖ ਦੀ ਵਾਤਾਵਰਣ ਨਾਲ ਛੇੜਛਾੜ ਵਾਤਾਵਰਣ ਨੂੰ ਪਤਨ ਕਿਨਾਰੇ ਲੈ ਆਈ ਹੈ। ਇਸ ਦਾ ਇੱਕੋ-ਇੱਕ ਹੱਲ ਮਨੁੱਖ ਨੂੰ ਇਸ ਪ੍ਰਤੀ ਜਾਗਰੂਕ ਕਰਨਾ ਅਤੇ ਉਹਨਾਂ ਅੰਦਰ ਨੈਤਿਕ ਭਾਵਨਾ ਨੂੰ ਉਜਾਗਰ ਕਰਨਾ ਹੈ। ਕੇਵਲ ਅਜਿਹੀ ਨੈਤਿਕ ਸਿੱਖਿਆ ਹੀ ਵਾਤਾਵਰਣ ਨੂੰ ਬਚਾ ਸਕਦੀ ਹੈ। ਵਾਤਾਵਰਣ ਨਾਲ ਇਸ ਤਰ੍ਹਾਂ ਦੀ ਛੇੜ-ਛਾੜ ਕਾਰਣ ਹੇਠ ਲਿਖੀਆਂ ਨੈਤਿਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ :

(i) ਪਾਣੀ ਪ੍ਰਦੂਸ਼ਣ (Water Pollution)

(ii) ਧਰਤੀ ਪ੍ਰਦੂਸ਼ਣ (Soil Pollution)

(iii) ਧੁਨੀ ਪ੍ਰਦੂਸ਼ਣ (Noise Pollution)

(iv) ਹਵਾ ਪ੍ਰਦੂਸ਼ਣ (Air Pollution)

(v) ਵੱਧ ਰਿਹਾ ਤਾਪਮਾਨ (Increasing temperature)

(vi) ਉਜ਼ੋਨ ਪਰਤ ਦਾ ਨਸ਼ਟ ਹੋਣਾ (Destroying of ozone layer)

(vii) ਅੰਟਾਰਟਿਕਾ ਦੀ ਬਰਫ਼ ਦਾ ਪਿਘਲਣਾ (Melting of Antartica ice-bergs)

ਇਨ੍ਹਾਂ ਵਾਤਾਵਰਣ ਨਾਲ ਸੰਬੰਧਤ ਪੈਦਾ ਹੋਈਆਂ ਸਮੱਸਿਆਵਾਂ ਨੂੰ ਕੋਈ ਇੱਕ ਦੇਸ਼ ਜਾਂ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਜਾਂ ਵਿਗਿਆਨੀ ਹੱਲ ਨਹੀਂ ਕਰ ਸਕਦੇ। ਇਹ ਆਮ ਮਨੁੱਖ ਰਾਹੀਂ ਪੈਦਾ ਕੀਤੀਆਂ ਸਮੱਸਿਆਵਾਂ ਹਨ ਅਤੇ ਇਨ੍ਹਾਂ ਨੂੰ ਆਮ ਮਨੁੱਖ ਹੀ ਹੌਲੀ-ਹੌਲੀ ਜਾਂ ਇਸ ਦੇ ਬੁਰੇ ਪ੍ਰਭਾਵਾਂ ਨੂੰ ਘਟਾ ਸਕਦੇ ਹਨ। ਇਸ ਲਈ ਆਮ ਮਨੁੱਖ ਨੂੰ ਇਸਦੀ ਜਾਣਕਾਰੀ ਅਤੇ ਉਸ ਅੰਦਰ ਨੈਤਿਕ ਭਾਵਨਾ ਜਗਾਉਣਾ ਅਤਿ ਜ਼ਰੂਰੀ ਹੈ। ਇੱਥੇ ਵਿਹਾਰਿਕ ਨੀਤੀ-ਸ਼ਾਸ਼ਤਰ ਦਾ ਯੋਗਦਾਨ ਪ੍ਰਮੁੱਖ ਰਹਿੰਦਾ ਹੈ।

**1.4.2 ਚਿਕਿਤਸਕ ਨੀਤੀ-ਸ਼ਾਸ਼ਤਰ (Medical or Bio-Ethics):**

ਚਿਕਿਤਸਕ ਜਾਂ ਡਾਕਟਰੀ ਪੇਸ਼ਾ ਵੀ ਨੈਤਿਕ ਸਮੱਸਿਆਵਾਂ ਦਾ ਕੇਂਦਰ ਬਣਦਾ ਜਾ ਰਿਹਾ ਹੈ। ਹਾਲਾਂਕਿ ਡਾਕਟਰ ਜਾਂ ਇਸ ਖੇਤਰ ਨਾਲ ਸੰਬੰਧਤ ਬਾਕੀ ਸਭ ਲੋਕਾਂ ਨੂੰ ਦੇਵਤਾ ਸਮਾਨ ਮੰਨਿਆ ਜਾਦਾ ਹੈ ਪਰ ਇਸ ਵਿੱਚ ਬਹੁਤ ਅਨੈਤਿਕ ਗਤੀਵਿਧੀਆ ਹੁੰਦੀਆਂ ਹਨ। ਉਹ ਕੇਵਲ ਅਨੈਤਿਕ ਹੀ ਨਹੀਂ ਹਨ ਬਲਕਿ ਉਹ ਮਰੀਜ਼ਾਂ ਦੀ ਜ਼ਿੰਦਗੀ ਨਾਲ ਖਿਲਵਾੜ ਹਨ। ਇਹ ਸਮਾਜ ਦਾ ਪ੍ਰਮੁੱਖ ਹਿੱਸਾ ਹੈ ਜਿਸ ਵਿੱਚ ਵੀ ਵੱਧੋ-ਵੱਧ ਨੈਤਿਕਤਾ ਦੀ ਜ਼ਰੂਰਤ ਹੈ। ਇਸ ਵਿੱਚ ਨੈਤਿਕਤਾ ਸੰਬੰਧੀ ਚੁਕੰਨੇ ਕਰਨ ਵਾਲੇ ਵਿਸ਼ੇ ਹਨ:

(1) ਡਾਕਟਰ ਅਤੇ ਮਰੀਜ਼ ਸੰਬੰਧ।

(2) ਡਾਕਟਰ ਅਤੇ ਦਵਾਈ-ਵਪਾਰੀਆਂ ਵਿੱਚ ਸੰਬੰਧ।

(3) ਮਰ ਰਹੇ ਮਰੀਜ਼ਾਂ ਸੰਬੰਧੀ ਡਾਕਟਰੀ ਦ੍ਰਿਸ਼ਟੀਕੋਣ।

(4) ਡਾਕਟਰ-ਨਰਸ ਸਬੰਧ।

(5) ਕਿਸੇ ਮਰੀਜ਼ ਨੂੰ ਮਰਨ ਦੀ ਆਗਿਆ ਦੇਣਾ।

(6) ਡਾਕਟਰਾਂ ਰਾਹੀਂ ਮਰੀਜ਼ਾਂ ਨੂੰ ਸੱਚ ਦੱਸਣਾ।

(7) ਦਇਆਪੂਰਣ ਮੌਤ (Mercy killing or Euthanasia)

**1.4.3 ਵਪਾਰ ਨੀਤੀ-ਸ਼ਾਸ਼ਤਰ (Business Ethics) :**

ਠੀਕ ਡਾਕਟਰੀ ਪੇਸ਼ੇ ਦੀ ਤਰ੍ਹਾਂ ਵਪਾਰ ਵੀ ਸਮਾਜ ਦਾ ਪ੍ਰਮੁੱਖ ਭਾਗ ਹੈ। ਹਜ਼ਾਰਾਂ ਵਸਤਾਂ ਅਤੇ ਧਨ ਦਾ ਰੋਜ਼ਾਨਾ ਅਥਾਹ ਲੈਣ-ਦੇਣ ਸਮਾਜ ਨੂੰ ਅੱਗੇ ਤੋਰਦਾ ਹੈ। ਪ੍ਰੰ. ਮੌਜੂਦਾ ਸਮੇਂ ਵਿੱਚ ਇਸ ਖੇਤਰ ਵਿੱਚ ਨੈਤਿਕਤਾ ਦੀ ਖੂਬ ਘਾਟ ਪਾਈ ਗਈ ਹੈ। ਵਪਾਰ ਨੂੰ ਉੱਚਾ ਚੁੱਕਣ ਜਾਂ ਲਾਭ ਕਮਾਉਣ ਲਈ ਵਪਾਰੀ, ਦਲਾਲ ਜਾਂ ਫੈਕਟਰੀਆਂ ਦੇ ਮਾਲਕ ਨੈਤਿਕਤਾ ਦੀ ਹਰ ਗਿਰਾਵਟ ਤੱਕ ਜਾਂਦੇ ਹਨ। ਹਾਲਾਂਕਿ ਵਪਾਰ ਸੰਬੰਧੀ ਬਹੁਤ ਕਾਨੂੰਨ ਵੀ ਬਣੇ ਹਨ ਪਰ ਉਹਨਾਂ ਦੀ ਆੜ ਵਿੱਚ ਨੈਤਿਕਤਾ ਨੂੰ ਖੂਬ ਕੁਚਲਿਆ ਜਾਂਦਾ ਹੈ। ਇਸ ਸੰਬੰਧੀ ਨੈਤਿਕ ਸਮੱਸਿਆਵਾਂ ਹਨ:

(i) ਕਰਮਚਾਰੀ-ਮਾਲਕ ਸੰਬੰਧ

(ii) ਗ੍ਰਾਹਕਾਂ ਦੀ ਕੀਮਤ ਦੇ ਨਾਂ ਤੇ ਲੁੱਟ-ਖਸੁੱਟ

(iii) ਮਸ਼ਹੂਰੀਆਂ ਰਾਹੀਂ ਗ੍ਰਾਹਕਾਂ ਦਾ ਸ਼ੋਸ਼ਣ।

(iv) ਏਕਾਧਿਕਾਰ (Monopoly) ਦੌਰਾਣ ਮਨਚਾਹਾ ਸ਼ੋਸ਼ਣ।

(v) ਡੁਪਲੀਕੇਟ ਸਮਾਨ ਰਾਹੀਂ ਅਥਾਹ ਲੁੱਟ-ਖਸੁੱਟ ਆਦਿ।

**1.4.4 ਕਾਨੂੰਨ ਨੀਤੀ-ਸ਼ਾਸ਼ਤਰ (Legal Ethics) :**

ਕਾਨੂੰਨ ਵੀ ਸਮਾਜ ਦਾ ਖਾਸ ਕਰਕੇ ਭਾਰਤ ਵਰਗੇ ਦੇਸ਼ ਦਾ ਇੱਕ ਪ੍ਰਮੁੱਖ ਭਾਗ ਹੈ। ਇਹ ਉਹ ਖੇਤਰ ਹੈ ਜਿੱਥੇ ਹੋਰਾਂ ਖੇਤਰਾਂ ਵਿੱਚ ਹੋਏ ਅਨਿਆਂ ਦਾ ਫੈਸਲਾ ਨਿਆਂ ਪੱਖੋਂ ਕੀਤਾ ਜਾਂਦਾ ਹੈ। ਭਾਵ ਇਹ ਕਾਨੂੰਨੀ ਰੂਪ ਵਿੱਚ ਨੈਤਿਕਤਾ ਦੀ ਆਖਰੀ ਆਸ ਹੈ ਪਰ ਜੇ ਇਸ ਵਿੱਚ ਅਨੈਤਿਕਤਾ ਦਾ ਬੋਲਬਾਲਾ ਵੱਧ ਰਿਹਾ ਹੋਵੇ ਤਾਂ ਸਮਾਜ ਦਾ ਅੰਤ ਨਿਸ਼ਚਿਤ ਹੀ ਨੇੜੇ ਹੈ। ਜੱਜਾਂ ਨੂੰ ਖਾਸ ਕਰਕੇ ਪਰਮਾਤਮਾ ਦੇ ਬਰਾਬਰ ਦਾ ਸਥਾਨ ਹਾਸਿਲ ਹੈ ਪਰ ਉਹ ਵੀ ਅਨੈਤਿਕਤਾ ਦਾ ਸ਼ਿਕਾਰ ਹੁੰਦਿਆ ਦੇਰ ਨਹੀਂ ਲਾਉਂਦੇ। ਇਸ ਸੰਬੰਧੀ ਅਨੈਤਿਕਤਾ ਨਾਲ ਭਰਪੂਰ ਵਿਸ਼ੇ ਹਨ :-

(i) ਜੱਜਾਂ ਦਾ ਸਪੱਸ਼ਟ ਅਤੇ ਸਫ਼ੈਦ ਰੋਲ।
(ii) ਵਕੀਲ-ਮੁਵੱਕਲ ਸੰਬੰਧ (Advocate-client relations)
(iii) ਪੁਲਿਸ-ਲੋਕ ਸੰਬੰਧ।
(iv) ਪੁਲਿਸ-ਕਾਨੂੰਨ ਸੰਬੰਧ।
(v) ਆਮ ਜਨਤਾ ਦਾ ਪੁਲਿਸ ਤੇ ਵਿਸ਼ਵਾਸ।
(vi) ਪੁਲਿਸ ਰਾਹੀਂ ਨੌਕਰੀ ਦਾ ਦੁਰਉਪਯੋਗ।
(vii) ਪ੍ਰਸ਼ਾਸਨਿਕ ਅਧਿਕਾਰੀਆਂ ਵਿੱਚ ਨੈਤਿਕਤਾ।
(viii) ਸਰਕਾਰੀ ਕਰਮਚਾਰੀਆਂ ਦਾ ਦ੍ਰਿਸ਼ਟੀਕੋਣ ਆਦਿ।

**1.4.5 ਸਿੱਖਿਆ ਨੀਤੀ-ਸ਼ਾਸ਼ਤਰ (Education Ethics) :**

ਸਿੱਖਿਆ ਹਰ ਸਮਾਜ ਦਾ ਬੁਨਿਆਦੀ ਖੇਤਰ ਹੈ। ਇਹ ਉਹ ਖੇਤਰ ਹੈ ਜਿੱਥੇ ਨਾ ਕੇਵਲ ਸੰਬੰਧਿਤ ਵਿਸ਼ਿਆਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਵਿਦਿਆਰਥੀ ਦੇ ਮਾਨਸਿਕ ਪੱਧਰ ਨੂੰ ਨਵੀਂ ਚੁਣੌਤੀਆਂ ਸੰਬੰਧੀ ਲੜਨ ਦੇ ਯੋਗ ਬਣਾਇਆ ਜਾਂਦਾ ਹੈ। ਬਲਕਿ ਬਾਕੀ ਸਭ ਖੇਤਰਾਂ ਸੰਬੰਧੀ ਵਿਦਿਆਰਥੀ ਨੂੰ ਨੈਤਿਕਤਾ ਸੰਬੰਧੀ ਮਾਨਸਿਕ ਤੌਰ ਤੇ ਤਿਆਰ ਕੀਤਾ ਜਾਂਦਾ ਹੈ। ਭਾਵ ਇਹ ਇੱਕੋ ਇੱਕ ਖੇਤਰ ਹੈ ਜਿੱਥੇ ਮਨੁੱਖਾਂ ਵਿਚ ਨੈਤਿਕਤਾ ਦਾ ਪ੍ਰਚਾਰ ਅਤੇ ਨੈਤਿਕਤਾ ਵਿਹਾਰਿਕ ਰੂਪ ਵਿੱਚ ਸਿਖਾਈ ਜਾਂਦੀ ਹੈ। ਪਰ ਜੇ ਇਹ ਖੇਤਰ ਖੁਦ ਹੀ ਅਨੈਤਿਕਤਾ ਅਧੀਨ ਹੋਵੇ ਤਾਂ ਨੈਤਿਕਤਾ ਦਾ ਰੱਬ ਹੀ ਰਾਖਾ ਇਸ ਲਈ ਨੀਤੀ-ਸ਼ਾਸਤਰੀਆਂ ਲਈ ਵਿਹਾਰਿਕ ਰੂਪ ਵਿੱਚ ਇਹ ਖੇਤਰ ਵੀ ਇਹ ਬਹੁਤ ਵੱਡੀ ਚੁਣੌਤੀ ਹੈ। ਕਿਉਂਕਿ ਬਾਕੀ ਸਭ ਖੇਤਰਾਂ ਦੀ ਅਨੈਤਿਕਤਾ ਤੇ ਕਾਬੂ ਪਾਉਣ ਲਈ ਸਿੱਖਿਆ ਦਾ ਖੇਤਰ ਆਧਾਰ ਰੂਪ ਵਿੱਚ ਪ੍ਰਯੋਗ ਹੁੰਦਾ ਹੈ ਇਸ ਲਈ ਇਸ ਨੂੰ ਅਨੈਤਿਕਤਾ ਮੁਕਤ ਰੱਖਣਾ ਅਤਿ ਜ਼ਰੂਰੀ ਹੈ। ਇਸ ਖੇਤਰ ਦੀ ਮੁੱਖ ਨੈਤਿਕ ਚਿੰਤਾਵਾਂ ਹਨ:

(i) ਵਿਦਿਆਰਥੀ-ਅਧਿਆਪਕ ਸੰਬੰਧ।
(ii) ਅਧਿਆਪਕ ਦਾ ਆਪਣੇ ਫਰਜ਼ ਪ੍ਰਤੀ ਵਿਵਹਾਰ।
(iii) ਸਿੱਖਿਆ ਅਧਿਕਾਰ।
(iv) ਸਿੱਖਿਆ ਦਾ ਵਪਾਰੀਕਰਣ।
(v) ਸਿੱਖਿਆ ਦਾ ਰਾਜਨੀਤੀਕਰਣ।
(vi) ਸਿੱਖਿਆ ਦਾ ਧਾਰਮਿਕ ਅਤੇ ਰਾਸ਼ਟਰੀਕਰਣ।
(vii) ਪੁਸਤਕ ਪ੍ਰਸ਼ਾਸਕਾਂ ਰਾਹੀਂ ਸਿੱਖਿਆ ਦਾ ਵਪਾਰੀਕਰਣ।
(viii) ਪੌਕਟ ਪੁਸਤਕਾਂ ਛਾਪ ਕੇ ਪ੍ਰੀਖਿਆ ਦੌਰਾਨ ਨਕਲ ਵਿੱਚ ਸਾਥ ਦੇਣਾ।
(ix) ਸਿੱਖਿਆ ਸੰਬੰਧੀ ਸਰਕਾਰ ਦਾ ਨਾਕਾਰਾਤਮਕ ਦ੍ਰਿਸ਼ਟੀਕੋਣ।
(x) ਅਧਿਆਪਕਾਂ ਦੀ ਭਰਤੀ ਦੌਰਾਨ ਭ੍ਰਿਸ਼ਟਾਚਾਰ ਆਦਿ।

**1.4.6 ਖੇਤੀਬਾੜੀ ਨੀਤੀ-ਸ਼ਾਸ਼ਤਰ (Agricultural Ethics) :**

ਖੇਤੀਬਾੜੀ ਵੀ ਨੈਤਿਕਤਾ ਪੱਖੋਂ ਇੱਕ ਚਰਚਾ ਦਾ ਵਿਸ਼ਾ ਬਣਦੀ ਜਾ ਰਹੀ ਹੈ ਕਿਉਂਕਿ ਹਰ ਪ੍ਰਕਾਰ ਦੀ ਖੇਤੀਬਾੜੀ ਦਾ ਸਿੱਧਾ ਸੰਬੰਧ ਸਮਾਜ ਨਾਲ ਹੈ। ਇਸ ਵਿੱਚ ਵਧੀ ਅਨੈਤਿਕਤਾ ਸੰਪੂਰਣ ਸਮਾਜ ਤੇ ਪ੍ਰਭਾਵ ਪਾਉਂਦੀ ਹੈ। ਇਸ ਸੰਬੰਧੀ ਨੈਤਿਕਤਾ ਦੇ ਵਿਸ਼ੇ ਹਨ :

(i) ਫਲਾਂ ਅਤੇ ਸਬਜ਼ੀਆਂ ਤੇ ਕੀੜੇ-ਮਾਰ ਦਵਾਈਆਂ ਦਾ ਅਥਾਹ ਪ੍ਰਯੋਗ ਜੋ ਮਨੁੱਖ ਦੀ ਸਿਹਤ ਲਈ ਬਹੁਤ ਨੁਕਸਾਨਦੇਹ ਹੈ।

(ii) ਬੇ-ਮੌਸਮੀ ਸਬਜ਼ੀਆਂ ਅਤੇ ਫਲਾਂ ਦਾ ਉਤਪਾਦਨ।

(iii) ਫਲਾਂ ਅਤੇ ਸਬਜ਼ੀਆਂ ਦੀ ਰੱਖ-ਸੰਭਾਲ ਸੰਬੰਧੀ ਅਨੈਤਿਕ ਤਰੀਕੇ।

(iv) ਕਿਸਾਨਾਂ ਦਾ ਕਣਕ ਅਤੇ ਜੀਰੀ ਵੱਢਣ ਤੋਂ ਬਾਅਦ ਦੇ ਪ੍ਰਾਲੀ ਨੂੰ ਅੱਗ ਲਾਉਣਾ ਅਤੇ ਵਾਤਾਵਰਣ ਨੂੰ ਬਹੁਤ ਗੰਦਾ ਕਰਨਾ।

(v) ਜੀਰੀ ਲਈ ਜ਼ਮੀਨ ਹੇਠਲੇ ਪੀਣ ਵਾਲੇ ਪਾਣੀ ਦਾ ਵਾਧੂ ਦੁਰਉਪਯੋਗ।

(vi) ਉਪਜਾਊ ਜ਼ਮੀਨ ਤੋਂ ਹੱਦੋਂ-ਵੱਧ ਉਪਜ ਲੈਣਾ।

(vii) ਫਲਾਂ ਅਤੇ ਸਬਜ਼ੀਆਂ ਦੀ ਮਨਮਾਨੀ ਕੀਮਤ ਵਸੂਲਣਾ।

### 1.4.7 ਯੁੱਧ ਜਾਂ ਰੱਖਿਆ ਨੀਤੀ-ਸ਼ਾਸ਼ਤਰ (War or Defence Ethics):

ਯੁੱਧ ਜਾਂ ਰੱਖਿਆ ਸੰਬੰਧੀ ਦੇਸ਼ਾਂ ਦੀ ਦੌੜ ਇੱਕ ਰੂਪ ਵਿੱਚ ਇਕ ਪਾਗਲ ਦੌੜ (Mad-Race) ਹੈ ਕਿਉਂਕਿ ਇਸ ਸੰਬੰਧੀ ਸਮਾਂ, ਤਾਕਤ ਅਤੇ ਪੈਸਾ ਬੇਅਰਥ ਹੀ ਜਾਂਦਾ ਹੈ। ਹਾਲਾਂਕਿ ਇੱਕ ਦੇਸ਼ ਨੂੰ ਆਪਣੇ-ਆਪ ਨੂੰ ਬਣਾਏ ਰੱਖਣ ਲਈ ਸੁਰੱਖਿਆ ਦੇ ਖੂਬ ਪ੍ਰਬੰਧ ਕਰਨੇ ਪੈਂਦੇ ਹਨ, ਪਰ ਇਸ ਪ੍ਰਤੀ ਅਨੈਤਿਕ ਤੌਰ-ਤਰੀਕਿਆਂ ਦਾ ਖੂਬ ਪ੍ਰਯੋਗ ਹੁੰਦਾ ਹੈ। ਇੱਕ ਦ੍ਰਿਸ਼ਟੀਕੋਣ ਰਾਹੀਂ ਅਗਰ ਸਾਰੇ ਦੇਸ਼ ਸਮਝੌਤਾ ਕਰ ਲੈਣ ਤਾਂ ਯੁੱਧ ਸੰਬੰਧੀ ਸਮੱਸਿਆ ਹੀ ਖਤਮ ਹੋ ਜਾਵੇਗੀ। ਪਰ ਰਾਜਨੀਤੀ ਦ੍ਰਿਸ਼ਟੀਕੋਣ ਤੋਂ ਅਜਿਹਾ ਬਿਲਕੁਲ ਸੰਭਵ ਨਹੀਂ ਹੈ। ਇਸ ਖੇਤਰ ਸੰਬੰਧੀ ਅਨੈਤਿਕ ਸਮੱਸਿਆਵਾਂ ਹੇਠ ਲਿਖੇ ਹਨ:

(i) ਪ੍ਰਮਾਣੂ ਧਮਕੀ (Nuclear Threat)

(ii) ਯੁੱਧ ਸੰਬੰਧੀ ਵਰਤਿਆ ਜਾਣ ਵਾਲਾ ਬਜਟ।

(iii) ਸੁਰੱਖਿਆ ਸੰਬੰਧੀ ਵਰਤਿਆ ਜਾਣ ਵਾਲਾ ਬਜਟ।

(iv) ਬਿਨਾਂ ਵਜਹ ਯੁੱਧ ਦੇ ਨਾਮ ਤੇ ਮਨੁੱਖੀ ਕਤਲੇਆਮ ਆਦਿ।

### 1.4.8 ਧਾਰਮਿਕ ਨੀਤੀ-ਸ਼ਾਸ਼ਤਰ (Religious Ethics) :

ਉਂਝ ਧਾਰਮਿਕ ਨੀਤੀ-ਸ਼ਾਸ਼ਤਰ ਬਾਰੇ ਸੁਣਨਾ ਅਜੀਬ ਜਿਹਾ ਲੱਗਦਾ ਹੈ ਕਿਉਂਕਿ ਅਸੀਂ ਨੀਤੀ-ਸ਼ਾਸ਼ਤਰ ਵਿੱਚ ਪੜ੍ਹ ਚੁੱਕੇ ਹਾਂ ਕਿ ਨੀਤੀ-ਸ਼ਾਸ਼ਤਰ ਧਰਮ ਜਾਂ ਅਧਿਆਤਮਕਤਾ (Spirituality) ਦੇ ਨੇੜੇ ਹੈ। ਫਿਰ ਧਾਰਮਿਕ ਨੀਤੀ-ਸ਼ਾਸ਼ਤਰ ਦਾ ਕੀ ਅਰਥ ਹੋਇਆ? ਪਰ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਵਿਹਾਰਿਕ ਨੀਤੀ-ਸ਼ਾਸ਼ਤਰ ਦਾ ਅਧਿਐਨ ਕਰ ਰਹੇ ਹਾਂ ਅਤੇ ਇਸ ਦਾ ਖੇਤਰ ਉਹ ਹੈ ਜਿੱਥੇ ਅਨੈਤਿਕਤਾ ਦਾ ਬੋਲਬਾਲਾ ਵਧੇਰੇ ਹੋ ਚੁੱਕਾ ਹੈ ਜਾਂ ਜਿੱਥੇ ਨੈਤਿਕਤਾ ਦੀ ਅਤਿਅੰਤ ਲੋੜ ਹੈ। ਜੋ ਕਾਰਣ ਬਾਕੀ ਖੇਤਰਾਂ ਵਿੱਚ ਵਿਹਾਰਿਕ ਨੀਤੀ-ਸ਼ਾਸ਼ਤਰ ਦੀ ਲੋੜ ਲਈ ਜ਼ਿੰਮੇਵਾਰ ਹਨ ਉਹਨਾਂ ਧਰਮ ਦੇ ਖੇਤਰ ਵਿੱਚ ਵੀ ਨੈਤਿਕਤਾ ਨੂੰ ਕੁਚਲ ਦਿੱਤਾ ਹੈ। ਧਰਮ ਵੀ ਨੈਤਿਕਤਾ ਦਾ ਰਖਵਾਲਾ ਹੋਣ ਦੇ ਬਾਵਜੂਦ ਅਨੈਤਿਕਤਾ ਦਾ ਘਰ ਬਣਦਾ ਜਾ ਰਿਹਾ ਹੈ। ਇਸ ਖੇਤਰ ਵਿੱਚ ਕਈ ਅਜਿਹੇ ਅਨੈਤਿਕ ਕਰਮ ਹੋਣ ਲੱਗ ਪਏ ਹਨ ਜਿੱਥੇ ਨੀਤੀ-ਸ਼ਾਸ਼ਤਰ ਨੂੰ ਵਿਹਾਰਿਕ ਰੂਪ ਵਿੱਚ ਪੈਣਾ ਹੈ। ਇਸ ਖੇਤਰ ਦੀਆਂ ਨੈਤਿਕ-ਸੰਕਟ ਵਾਲੀਆਂ ਕੁਝ ਸਮੱਸਿਆਵਾਂ ਇਸ ਪ੍ਰਕਾਰ ਹਨ:

(i) ਧਰਮ ਦਾ ਰਾਜਨੀਤੀਕਰਣ (Politicisation of Religion)

(ii) ਧਰਮਾਂ ਵਿੱਚ ਆਪਸੀ ਟਕਰਾਅ।

(iii) ਧਾਰਮਿਕ ਸੰਸਥਾਵਾਂ ਦੇ ਰਖਵਾਲਿਆਂ ਦਾ ਖੁੱਦ ਵਧੇਰੇ ਅਨੈਤਿਕ ਹੋਣਾ।

(iv) ਸਾਧੂ, ਸੰਤਾਂ ਫਕੀਰਾਂ ਅਤੇ ਡੇਰੇ ਵਾਲਿਆਂ ਦਾ ਯੁੱਗ।

(v) ਧਾਰਮਿਕ ਸੰਪਤੀ ਦਾ ਦੁਰਉਪਯੋਗ।

(vi) ਧਰਮ ਦੇ ਨਾਂ ਤੇ ਦੰਗੇ-ਫਸਾਦ।

(vii) ਭੋਲੇ-ਭਾਲੇ ਲੋਕਾਂ ਦਾ ਧਰਮ ਦੇ ਨਾਮ ਤੇ ਸ਼ੋਸ਼ਣ।

ਇਸ ਤਰ੍ਹਾਂ ਧਰਮ ਦਾ ਖੇਤਰ ਵੀ ਨੈਤਿਕ-ਸੰਕਟ ਦਾ ਵਿਸ਼ਾ ਬਣ ਗਿਆ ਹੈ। ਇਹ ਉਹ ਖੇਤਰ ਹੈ ਜਿਸ ਵਿੱਚ ਆ ਕੇ ਮਨੁੱਖ ਬਾਕੀ ਅਨੈਤਿਕ ਖੇਤਰਾਂ ਦੇ ਡਰ ਤੋਂ ਸ਼ਾਂਤੀ ਪਾਉਂਦਾ ਹੈ। ਪਰ ਜੇ ਇਹ ਵੀ ਖ਼ੁੱਦ ਹੀ ਅਨੈਤਿਕ ਬਣ ਚੁੱਕਾ ਹੋਵੇ ਤਾਂ ਮਨੁੱਖ ਦਾ ਪਰਮਾਤਮਾ ਵੀ ਰਾਖਾ ਨਹੀਂ ਹੋ ਸਕਦਾ। ਇੱਥੇ ਵਿਹਾਰਿਕ ਨੀਤੀ-ਸ਼ਾਸ਼ਤਰ ਦਾ ਰੋਲ ਹੋਰ ਵਧੇਰੇ ਉੱਘਾ ਹੋ ਜਾਂਦਾ ਹੈ।

**1.4.9 ਰਾਜਨੀਤਿਕ ਨੀਤੀ-ਸ਼ਾਸ਼ਤਰ (Political Ethics) :**

ਉਂਝ ਇਹ ਚਰਚਾ ਦਾ ਵਿਸ਼ਾ ਰਿਹਾ ਹੈ ਕਿ ਰਾਜਨੀਤੀ ਨੂੰ ਨੀਤੀ ਦੇ ਅਨੁਸਾਰ ਹੋਣਾ ਚਾਹੀਦਾ ਹੈ ਜਾਂ ਨੀਤੀ ਨੂੰ ਰਾਜਨੀਤੀ ਮੁਤਾਬਿਕ। ਵਧੇਰੇ ਵਿਚਾਰ ਨੀਤੀ ਨੂੰ ਮੁੱਢਲਾ ਆਧਾਰ ਮੰਨਦੇ ਹਨ ਕਿਉਂਕਿ ਬਿਨਾਂ ਨੀਤੀ ਦੀ ਰਾਜਨੀਤੀ-ਜੰਗਲੀ ਰਾਜ ਹੈ ਅਤੇ ਮੌਜੂਦਾ ਸਮੇਂ ਦੌਰਾਨ ਅਜਿਹਾ ਹੀ ਕੁਝ ਮਹਿਸੂਸ ਅਤੇ ਪ੍ਰਤੱਖ ਰੂਪ ਵਿੱਚ ਨਜ਼ਰ ਆ ਰਿਹਾ ਹੈ। ਇਕ ਅਨੁਮਾਨ ਦੇ ਅਨੁਸਾਰ ਬਾਕੀ ਸਾਰੇ ਖੇਤਰਾਂ ਦੇ ਅਨੈਤਿਕ ਹੋਣ ਦੀ ਜੜ੍ਹ ਇਹ ਰਾਜਨੀਤੀ ਹੀ ਹੈ। ਇਸ ਅਨੁਮਾਨ ਵਿਚ ਸੱਚਾਈ ਨਜ਼ਰ ਆਉਂਦੀ ਹੈ ਕਿਉਂਕਿ ਅੱਜਕੱਲ ਰਾਜਨੀਤੀ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਫੈਲ ਚੁੱਕੀ ਹੈ ਅਤੇ ਨਾਲ ਹੀ ਬਹੁਤ ਹੀ ਬੁਰੇ ਅਤੇ ਨਾਕਾਰਾਤਮਕ ਰੂਪ ਵਿੱਚ ਫੈਲੀ ਹੈ। ਇਸ ਤਰ੍ਹਾਂ ਇਹ ਖੇਤਰ ਵੀ ਵਿਹਾਰਿਕ ਨੀਤੀ ਸ਼ਾਸ਼ਤਰ ਲਈ ਅਹਿਮ ਹੈ। ਇਸ ਸੰਬੰਧੀ ਕੁਝ ਅਨੈਤਿਕ ਸਮੱਸਿਆਵਾਂ ਹਨ :

(i) ਮਨੁੱਖੀ ਜੀਵਨ ਅਤੇ ਸਮਾਜ ਦਾ ਰਾਜਨੀਤੀਕਰਣ।

(ii) ਭ੍ਰਿਸ਼ਟਾਚਾਰ

(iii) ਜਿੱਤਣ ਤੋਂ ਬਾਅਦ ਜਨਤਾ ਨੂੰ ਗੁਲਾਮ ਸਮਝਣਾ।

(iv) ਜਨਤਕ ਪੈਸੇ ਦਾ ਮਨ-ਮਾਨਾ ਦੁਰਉਪਯੋਗ।

(v) ਪਾਰਟੀ ਹਿੱਤ ਨੂੰ ਵੇਖਦਿਆਂ ਨੀਤੀਆਂ ਬਣਾਉਣਾ।

(vi) ਵੋਟਰਾਂ ਨੂੰ ਲਾਲਚ, ਸ਼ਰਾਬ ਅਤੇ ਪੈਸੇ ਦਾ ਖੁੱਲ੍ਹਾ ਦੁਰਉਪਯੋਗ।

(vii) ਨੌਕਰੀਆਂ ਸੰਬੰਧੀ ਭਾਈ ਭਤੀਜਾਵਾਦ (Nepotism)।

ਇਸ ਤੋਂ ਇਲਾਵਾ ਵੀ ਸਾਡੀ ਆਮ ਜ਼ਿੰਦਗੀ ਵਿੱਚ ਕਈ ਹੋਰ ਖੇਤਰ ਹਨ ਜਿੰਨ੍ਹਾਂ ਵਿੱਚ ਨੈਤਿਕਤਾ ਦਾ ਨਿਘਾਰ ਹੁੰਦਾ ਜਾ ਰਿਹਾ ਹੈ। ਨੀਤੀ-ਸ਼ਾਸ਼ਤਰ ਆਪਣੇ ਦ੍ਰਿਸ਼ਟੀਕੋਣ, ਸੋਚ ਅਤੇ ਖੋਜ ਨੂੰ ਬਿਨਾਂ ਖੇਤਰਾਂ ਵੱਲ ਮੋੜ ਅਤੇ ਲਾਗੂ ਕਰ ਰਿਹਾ ਹੈ ਅਤੇ ਹੋਲੀ-ਹੋਲੀ ਇਹ ਆਪਣੇ ਇਸ ਖੇਤਰ ਵਿਚ ਆਪਣੀ ਮਹੱਤਤਾ ਪ੍ਰਗਟਾਅ ਰਿਹਾ ਹੈ। ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਨੀਤੀ-ਸ਼ਾਸ਼ਤਰ ਸਿਧਾਂਤਕ ਅਤੇ ਵਿਹਾਰਿਕ ਦੋਵਾਂ ਰੂਪਾਂ ਵਿੱਚ ਮਨੁੱਖੀ ਜੀਵਨ ਲਈ ਅਹਿਮ ਚਾਨਣ-ਮੁਨਾਰਾ (Beacon Light) ਸਾਬਿਤ ਹੋ ਰਿਹਾ ਹੈ। ਲੋੜ ਹੈ ਵਿਦਿਆਰਥੀਆਂ, ਲੋਕਾਂ ਅਤੇ ਸਰਕਾਰ ਨੂੰ ਇਸ ਦੀ ਮਹੱਤਤਾ ਨੂੰ ਪਹਿਚਾਨਣ ਦੀ ਅਤੇ ਇਸ ਨੂੰ ਪ੍ਰਤੱਖ ਰੂਪ ਵਿਚ ਸਕੂਲੀ ਪੱਧਰ ਤੋਂ ਲਾਗੂ ਕਰਨ ਦੀ। ਆਉਣ ਵਾਲਾ ਸਮਾਂ ਜਿੱਥੇ ਕਮਪਿਊਟਰ, ਤਕਨੀਕ ਅਤੇ ਹਥਿਆਰਾਂ ਵਾਲਾ ਹੋਵੇਗਾ ਉਹ ਨੈਤਿਕਤਾ ਦੀ ਮਹੱਤਤਾ ਦਾ ਯੁੱਗ ਵੀ ਹੋਵੇਗਾ।

**1.5 ਵਿਸ਼ੇਸ਼ਤਾਵਾਂ :**

ਅਸੀਂ ਵਿਹਾਰਿਕ ਨੀਤੀ-ਸ਼ਾਸ਼ਤਰ ਦਾ ਅਰਥ ਅਤੇ ਖੇਤਰ ਸਮਝ ਚੁੱਕੇ ਹਾਂ। ਪਰ ਫਿਰ ਵੀ ਇਸ ਸੰਬੰਧੀ ਕੁਝ ਅਜਿਹੇ ਪਹਿਲੂ ਹਨ ਜਿੰਨਾ ਤੇ ਗੌਰ ਕਰਨਾ ਲਾਜ਼ਮੀ ਹੈ। ਇਹਨਾਂ ਪਹਿਲੂਆਂ ਨੂੰ ਵਿਸ਼ੇਸ਼ਤਾਵਾਂ ਦੇ ਰੂਪ ਵਿੱਚ ਹੇਠਾਂ ਵਿਅਕਤ ਕੀਤਾ ਗਿਆ ਹੈ :

**1.5.1 ਵਿਹਾਰਿਕ ਨੀਤੀ-ਸ਼ਾਸ਼ਤਰ ਨੈਤਿਕਤਾ ਦਾ ਉਚੱਤਮ ਰੂਪ ਹੈ:**

ਜਿਵੇਂ ਕਿ ਅਸੀਂ ਜਾਣ ਚੁੱਕੇ ਹਾਂ ਕਿ ਨੀਤੀ-ਸ਼ਾਸ਼ਤਰ ਮਨੁੱਖੀ ਜੀਵਨ ਦਾ ਬਹੁਤ ਹੀ ਪ੍ਰਮੁੱਖ ਹਿੱਸਾ ਹੈ। ਇਹ ਕੇਵਲ ਇੱਕ ਅਕਾਦਮਿਕ ਵਿਸ਼ਾ ਹੀ ਨਹੀਂ ਹੈ ਸਗੋਂ ਮਨੁੱਖੀ ਜੀਵਨ ਦੀ ਧਾਰਾ ਹੈ। ਮਨੁੱਖ ਦਾ ਜੀਵਨ ਬਿਨਾ ਨੈਤਿਕਤਾ ਬੇ-ਅਰਥ ਹੈ। ਇਹ ਨੈਤਿਕਤਾ ਹੀ ਹੈ ਜੋ ਉਸ ਨੂੰ ਮਨੁੱਖ ਬਣਾਉਂਦੀ ਹੈ ਪਰ ਪੁਰਾਤਨ ਸਮੇਂ ਇਸ ਦਾ ਸਿਧਾਂਤਿਕ ਰੂਪ ਹੀ ਇਸ ਦੀ ਮਹੱਤਤਾ ਨੂੰ ਤਰਸਾਉਣ ਲਈ ਕਾਫੀ ਸੀ। ਮੌਜੂਦਾ ਪਦਾਰਥਵਾਦੀ ਅਤੇ ਵੱਧ ਜਨਸੰਖਿਆ ਵਾਲੇ ਸਮੇਂ ਦੌਰਾਨ ਸਿਧਾਂਤ ਨਾ-ਕਾਫੀ ਹੈ ਇਸ ਲਈ ਨੈਤਿਕਤਾ ਨੂੰ ਵਿਹਾਰਿਕ ਰੂਪ ਵਿੱਚ ਮਨੁੱਖੀ ਜੀਵਨ ਵਿੱਚ ਆਉਣਾ ਪੈ ਰਿਹਾ ਹੈ। ਇਹ ਨੈਤਿਕਤਾ ਦੀ ਚਰਮ ਸੀਮਾ ਵਾਲਾ ਰੂਪ ਹੈ। ਨੈਤਿਕਤਾ ਇੰਨਾ ਮਹੱਤਵਪੂਰਣ ਵਿਸ਼ਾ ਹੈ ਕਿ ਇਸ ਦੀ ਕੇਵਲ

ਸਿੱਖਿਆ ਹੀ ਕਾਫੀ ਮੰਨੀ ਜਾਂਦੀ ਹੈ ਪਰ ਜੇ ਕਿਤੇ ਨਾਲ ਹੀ ਵਿਹਾਰਿਕ ਰੂਪ ਵਿੱਚ ਇਹ ਖੂਬ ਯੋਗਦਾਨ ਪਾਉਣ ਲੱਗ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ।

**1.5.2 ਵਿਹਾਰਿਕ ਨੀਤੀ-ਸ਼ਾਸ਼ਤਰ ਨੀਤੀ-ਸ਼ਾਸ਼ਤਰ ਨੂੰ ਪਵਿੱਤਰ ਅਤੇ ਮਾਨਵਵਾਦੀ ਬਣਾਉਂਦਾ ਹੈ:**

ਵਿਹਾਰਿਕ ਨੀਤੀ-ਸ਼ਾਸ਼ਤਰ ਦੀ ਨੀਤੀ-ਸ਼ਾਸ਼ਤਰ ਨੂੰ ਇਹ ਮੁੱਖ ਦੇਣ ਹੈ ਕਿ ਇਸ ਨੇ ਨੀਤੀ-ਸ਼ਾਸ਼ਤਰ ਨੂੰ ਹੋਰ ਪਵਿੱਤਰ ਅਤੇ ਮਾਨਵਵਾਦੀ ਬਣਾਇਆ ਹੈ। ਇਸ ਨਾਲ ਨੈਤਿਕਤਾ ਅਤੇ ਨੈਤਿਕ ਵਿਸ਼ਿਆਂ ਵਿੱਚ ਮੁੜ ਵਧੇਰੇ ਜਾਨ ਆਉਣ ਲੱਗ ਪਈ ਹੈ। ਨੀਤੀ-ਸ਼ਾਸ਼ਤਰ ਆਪਣੇ ਸਰੂਪ ਅਨੁਸਾਰ ਆਪਣੀ ਮਹੱਤਤਾ ਪ੍ਰਗਟਾਅ ਰਹੀ ਹੈ। ਇਹ ਸਿੱਧੇ ਰੂਪ ਵਿੱਚ ਆਮ ਮਨੁੱਖ ਨਾਲ ਸੰਬੰਧਤ ਹੈ ਅਤੇ ਇੰਨਾ ਹੀ ਨਹੀਂ ਇਹ ਮਨੁੱਖ ਦੀ ਇਸ ਸਮੇਂ ਦੀਆਂ ਭਿਆਨਕ ਸਮੱਸਿਆਵਾਂ ਨਾਲ ਸੰਬੰਧਿਤ ਹੈ ਜਿਸ ਨਾਲ ਖੁਦ ਨੀਤੀ-ਸ਼ਾਸ਼ਤਰ ਦੀ ਮਹੱਤਤਾ ਉੱਭਰ ਕੇ ਸਾਹਮਣੇ ਆਈ ਹੈ। Brenda Almond ਨੇ ਕਿਹਾ ਹੈ, "ਵਿਹਾਰਿਕ ਨੀਤੀ-ਸ਼ਾਸ਼ਤਰ ਨੂੰ ਦਰਸ਼ਨ ਸ਼ਾਸ਼ਤਰ ਵੱਲ ਇਕ ਵਧੇਰੇ ਪਵਿੱਤਰ ਅਤੇ ਮਾਨਵਵਾਦੀ ਦ੍ਰਿਸ਼ਟੀਕੋਣ ਦੇ ਤੌਰ ਤੇ ਵੀ ਵੇਖਿਆ ਜਾ ਸਕਦਾ ਹੈ" (Applied Ethics can also be seen as a turn to a more holistic and humanistic approach to Philosophy)। ਪਹਿਲਾਂ ਜਿੱਥੇ ਇਹ ਮਹੱਤਤਾ ਜ਼ਿਆਦਾਤਰ ਧਾਰਮਿਕ ਅਤੇ ਹੋਰ ਕਿਤਾਬਾਂ ਵਿੱਚ ਹੀ ਸੀ ਅਤੇ ਕੇਵਲ ਕਿਤੇ-ਕਿਤੇ ਅਤੇ ਕਦੇ-ਕਦੇ ਸਿੱਖਿਆ ਰਾਹੀਂ ਮਨੁੱਖ ਤੱਕ ਪਹੁੰਚਾਈ ਜਾਂਦੀ ਸੀ, ਉੱਥੇ ਇਹ ਹੁਣ ਬਹੁਤ ਹੀ ਤੇਜ਼ੀ ਨਾਲ ਪ੍ਰਤੱਖ ਰੂਪ ਵਿੱਚ ਮਨੁੱਖ ਦੇ ਨੇੜੇ ਹੈ। ਇੰਨਾਂ ਹੀ ਨਹੀਂ ਨੀਤੀ-ਸ਼ਾਸ਼ਤਰ ਨੇ ਆਪਣੇ ਮੁੱਖ ਵਿਸ਼ੇ ਦਰਸ਼ਨ-ਸ਼ਾਸ਼ਤਰ (Philosophy) ਦਾ ਅਕਸ ਵੀ ਸੰਵਾਰਿਆ ਹੈ।

**1.5.3 ਮਨੁੱਖੀ ਜੀਵਨ ਦੇ ਵਧੇਰੇ ਨੇੜੇ:**

ਜਿਵੇਂ ਕਿ ਅਸੀਂ ਪੜ੍ਹ ਚੁੱਕੇ ਹਾਂ ਕਿ ਇਹ ਨਾ ਕੇਵਲ ਨੀਤੀ-ਸ਼ਾਸ਼ਤਰ ਜਾਂ ਦਰਸ਼ਨ-ਸ਼ਾਸ਼ਤਰ ਬਲਕਿ ਸਾਰੇ ਬਾਕੀ ਵਿਸ਼ਿਆਂ ਨਾਲੋਂ ਇਹ ਵਿਹਾਰਿਕ ਨੀਤੀ-ਸ਼ਾਸ਼ਤਰ ਮਨੁੱਖੀ ਜੀਵਨ ਦੇ ਵਧੇਰੇ ਨੇੜੇ ਹੈ। ਇਹ ਉਸ ਦੇ ਜੀਵਨ ਦੀਆਂ ਉਹਨਾਂ ਭਿਆਨਕ ਸਮੱਸਿਆਵਾਂ ਪ੍ਰਤੀ ਮਨੁੱਖ ਦੇ ਮਨ ਨੂੰ ਸ਼ਾਂਤੀ ਬਖਸ਼ਦਾ ਹੈ ਅਤੇ ਉਹਨਾਂ ਪ੍ਰਤੀ ਹੌਸਲਾ ਪੈਦਾ ਕਰਦਾ ਹੈ। ਉਸ ਨੂੰ ਜੀਵਨ ਪ੍ਰਤੀ ਸਾਕਾਰਾਤਮਕ ਅਤੇ ਹਿੰਮਤੀ ਬਣਾਉਂਦਾ ਹੈ। ਇਸ ਤਰ੍ਹਾਂ ਮਨੁੱਖ ਆਪਣੇ ਹੀ ਪਦਾਰਥਵਾਦੀ ਦ੍ਰਿਸ਼ਟੀਕੋਣ ਰਾਹੀਂ ਪੈਦਾ ਹੋਈ ਤਬਾਹੀ ਤੋਂ ਮੂੰਹ ਮੋੜ ਕੇ ਵਾਪਿਸ ਫਿਰ ਆਪਣੇ ਅਸਲੀ ਅਤੇ ਆਮ ਸੁਭਾਅ, ਜੋ ਨੈਤਿਕ ਅਤੇ ਫਿਰ ਕੁਝ ਅਧਿਆਤਮਕ ਹੈ, ਤੇ ਆਉਂਦਾ ਹੈ। ਭਾਵ ਵਿਹਾਰਿਕ ਨੀਤੀ-ਸ਼ਾਸ਼ਤਰ ਮਨੁੱਖ ਨੂੰ ਪਦਾਰਥਵਾਦੀ ਦ੍ਰਿਸ਼ਟੀਕੋਣ ਛੱਡਣ ਦੀ ਪ੍ਰੇਰਣਾ ਦਿੰਦਾ ਹੈ।

**1.5.4 ਸਮੇਂ ਦੀ ਜ਼ਰੂਰਤ:**

ਨੀਤੀ-ਸ਼ਾਸ਼ਤਰ ਦਾ ਵਿਹਾਰਿਕ ਰੂਪ ਵਿੱਚ ਉਤਰਨਾ ਸਮੇਂ ਦੀ ਜ਼ਰੂਰਤ ਹੈ ਕਿਉਂਕਿ ਜਿੰਨਾ ਹੀ ਨੈਤਿਕਤਾ ਨੂੰ ਦਬਾਇਆ ਗਿਆ ਹੈ ਉਨਾ ਹੀ ਮਨੁੱਖੀ ਜੀਵਨ ਦਾ ਵੱਧੋ-ਵੱਧ ਨੁਕਸਾਨ ਹੋਇਆ ਹੈ। ਇਤਿਹਾਸ ਵਿੱਚ ਜਦੋਂ ਵੀ ਨੈਤਿਕਤਾ ਨੂੰ ਅੱਖੋਂ ਉਹਲੇ ਕੀਤਾ ਗਿਆ ਹੈ, ਮਨੁੱਖ ਨੂੰ ਜੀਵਨ-ਸੰਕਟ ਪਏ ਹਨ। ਜਿਵੇਂ ਹੀ ਵਿਗਿਆਨ ਦਾ ਪ੍ਰਸਾਰ ਹੋਇਆ ਹੈ ਅਤੇ ਖਾਸ ਕਰਕੇ ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਤਕਨੀਕ ਨੇ ਆਪਣੇ ਪੈਰ ਪਸਾਰੇ ਹਨ ਤਿਵੇਂ ਹੀ ਅਨੈਤਿਕਤਾ ਵਧੀ ਹੈ ਅਤੇ ਨਾਲ ਹੀ ਵਧੀ ਜਨ-ਸੰਖਿਆ ਨੇ ਰਹਿੰਦੀ-ਖੂੰਹਦੀ ਜ਼ਰੂਰਤ ਪੂਰੀ ਕਰ ਦਿੱਤੀ ਹੈ। ਮੌਜੂਦਾ ਸਮੇਂ ਹਾਲਾਤ ਇਸ ਹੱਦ ਤੱਕ ਪਹੁੰਚ ਚੁੱਕੇ ਹਨ ਕਿ ਮਨੁੱਖ ਦੇ ਇਲਾਵਾ ਬਾਕੀ ਜੀਵ-ਜੰਤੂਆਂ ਅਤੇ ਕੁਦਰਤ ਦਾ ਅਸਤਿੱਤਵ (Existence) ਖਤਰੇ ਵਿੱਚ ਪੈ ਗਿਆ ਹੈ। ਵਾਤਾਵਰਣ ਦਾ ਖਰਾਬ ਹੋਣਾ ਇਸ ਖਤਰੇ ਦਾ ਇੱਕ ਵੱਡਾ ਭਾਗ ਹੈ। ਇਸ ਲਈ ਹੁਣ ਵੀ ਕੁਝ ਨਾ ਕੀਤਾ ਗਿਆ ਤਾਂ ਮਨੁੱਖ ਪ੍ਰਜਾਤੀ ਦਾ ਖਾਤਮਾ ਬਹੁਤ ਨੇੜੇ ਹੀ ਹੈ। ਇਸ ਸੰਬੰਧੀ ਬਾਕੀ ਸਾਰੀਆਂ ਕੋਸ਼ਿਸ਼ਾਂ ਵਿੱਚ ਨੈਤਿਕਤਾ ਜਾਂ ਨੀਤੀ-ਸ਼ਾਸ਼ਤਰ ਦਾ ਬਹੁਤ ਹੀ ਅਹਿਮ ਰੋਲ ਰਹੇਗਾ।

**1.5.5 ਇਹ ਮਨੁੱਖੀ ਅਸਤਿੱਤਵ ਅਤੇ ਕੁਦਰਤ ਦਾ ਪ੍ਰਮੁੱਖ ਰਖਵਾਲਾ ਹੈ:**

ਨੀਤੀ-ਸ਼ਾਸ਼ਤਰ ਦੀ ਵਿਹਾਰਿਕ ਲੋੜ ਸਿੱਧੇ ਰੂਪ ਵਿੱਚ ਮਨੁੱਖ ਦੇ ਅਸਤਿੱਤਵ ਅਤੇ ਕੁਦਰਤ ਦੋਵਾਂ ਲਈ ਬਹੁਤ ਉਪਯੋਗੀ ਹੈ। ਮੌਜੂਦਾ ਸਮੇਂ ਵਿੱਚ ਪੈਦਾ ਹੋਈਆਂ ਹੋਈ ਅਨੈਤਿਕ ਸਮੱਸਿਆਵਾਂ ਨੂੰ ਕੇਵਲ ਵਿਗਿਆਨ ਜਾਂ ਹੋਰ ਸਰਕਾਰੀ ਉਦਮਾਂ ਰਾਹੀਂ ਹੀ ਹੱਲ ਨਹੀਂ ਕੀਤਾ ਜਾ ਸਕਦਾ। ਇਸ ਲਈ ਹਰ ਮਨੁੱਖ ਦੀ ਵੱਧੋ-ਵੱਧ ਅਤੇ ਸਾਕਾਰਾਤਮਕ ਭਾਗੀਦਾਰੀ ਅਹਿਮ ਹੈ ਅਤੇ ਅਜਿਹੀ ਭਾਗੀਦਾਰੀ ਲਈ ਸਪੱਸ਼ਟ ਹੈ ਕਿ ਮਨੁੱਖ ਦਾ ਨੈਤਿਕ ਹੋਣਾ ਅਤਿ

ਜ਼ਰੂਰੀ ਹੈ। ਜਿੰਨਾ ਚਿਰ ਮਨੁੱਖ ਨੂੰ ਇੰਨ੍ਹਾਂ ਅਨੈਤਿਕ ਸਮੱਸਿਆਵਾਂ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਨਹੀਂ ਹੁੰਦੀ ਅਤੇ ਉਹ ਨੈਤਿਕਤਾ ਦੇ ਅਹਿਸਾਸ ਅਧੀਨ ਇੰਨ੍ਹਾਂ ਨੂੰ ਹੱਲ ਕਰਨ ਦੀ ਠਾਨ ਨਹੀਂ ਲੈਂਦਾ, ਇਹ ਸਮੱਸਿਆਵਾਂ ਇਸੇ ਤਰ੍ਹਾਂ ਬਰਕਰਾਰ ਅਤੇ ਵੱਧਦੀਆਂ ਰਹਿਣਗੀਆਂ। ਇਹ ਨੀਤੀ-ਸ਼ਾਸ਼ਤਰ ਹੈ ਜੋ ਸਹਿਜੇ ਅਤੇ ਠੋਸ ਆਧਾਰਾਂ ਨਾਲ ਇੰਨ੍ਹਾਂ ਸਮੱਸਿਆਵਾਂ ਤੇ ਠੱਲ ਪਾ ਸਕਦਾ ਹੈ। ਦੂਸਰੇ ਸ਼ਬਦਾਂ ਵਿੱਚ ਇਹ ਮਨੁੱਖ ਦੇ ਅਸਤਿੱਤਵ ਅਤੇ ਕੁਦਰਤ ਦੋਵਾਂ ਲਈ ਵਰਦਾਨ ਸਿੱਧ ਹੋ ਰਿਹਾ ਹੈ। ਇਹੀ ਇੰਨਾਂ ਨੂੰ ਬਚਾਉਣ ਵਾਲਾ ਇੱਕੋ-ਇਕ ਮੁੱਢਲਾ ਉੱਦਮ ਹੈ। ਇਸ ਲਈ ਇਹ ਹੋਰ ਭਾਸ਼ਾਵਾਂ, ਵਿਗਿਆਨਾਂ, ਕਲਾਵਾਂ ਅਤੇ ਦਸਤਕਾਰੀ ਵਿਸ਼ਿਆਂ ਤੋਂ ਪਹਿਲਾਂ ਸਿਖਾਈ ਜਾਣੀ ਚਾਹੀਦੀ ਹੈ।

**1.5.6 ਇਹ ਆਦਰਸ਼ਾਤਮਕ ਹੈ:**

ਨੀਤੀ ਸ਼ਾਸ਼ਤਰ ਇੱਕ ਆਦਰਸ਼ਾਤਮਕ ਵਿਗਿਆਨ ਹੈ ਭਾਵ ਇਸ ਵਿੱਚ ਸਮੱਸਿਆਵਾਂ ਨੂੰ ਹੱਲ ਕਰਨ ਲਈ ਭਵਿੱਖ ਨੂੰ ਆਧਾਰ ਬਣਾਇਆ ਜਾਂਦਾ ਹੈ। ਵਰਤਮਾਨ ਸਮੇਂ ਨੂੰ ਵੇਖਦਿਆਂ ਭਵਿੱਖ ਵਿੱਚਲੀਆਂ ਸਮੱਸਿਆਵਾਂ ਬਾਰੇ ਨੈਤਿਕ ਪ੍ਰੇਰਣਾ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਵਿਹਾਰਿਕ ਨੀਤੀ-ਸ਼ਾਸ਼ਤਰ ਦੀ ਆਦਰਸ਼ਾਤਮਕ ਹੈ ਕਿਉਂਕਿ ਇਹ ਵਰਤਮਾਨ ਸਮੱਸਿਆਵਾਂ ਦੇ ਭਿਆਨਕ ਰੂਪ ਤੋਂ ਪ੍ਰਭਾਵਿਤ ਹੁੰਦਿਆਂ ਉਹਨਾਂ ਨੂੰ ਹੱਲ ਕਰਨ ਲਈ ਨੈਤਿਕ ਪ੍ਰੇਰਣਾ ਪ੍ਰਦਾਨ ਕਰਦਾ ਹੈ। ਪਰ ਵਿਹਾਰਿਕ ਹੋਣ ਕਾਰਣ ਇਹ ਨੀਤੀ-ਸ਼ਾਸ਼ਤਰ ਤੋਂ ਵੱਧ ਵਰਤਮਾਨ ਨਾਲ ਸੰਬੰਧਤ ਹੈ। ਨੀਤੀ-ਸ਼ਾਸ਼ਤਰ ਕੋਰੇ ਭਵਿੱਖ ਤੇ ਨਿਰਭਰ ਹੈ ਜਦਕਿ ਵਿਹਾਰਿਕ ਨੀਤੀ-ਸ਼ਾਸ਼ਤਰ ਆਉਂਦੇ ਵਰਤਮਾਨ ਜਾਂ ਬਹੁਤ ਨੇੜੇ ਦੇ ਭਵਿੱਖ ਨਾਲ ਸੰਬੰਧਿਤ ਹੈ ਭਾਵ ਇਹ ਸਮੱਸਿਆਵਾਂ ਨੂੰ ਵੇਖਦਿਆਂ ਤੁਰੰਤ ਹੀ ਹੱਲ ਕਰਨ ਦੀ ਸਲਾਹ ਦਿੰਦਾ ਹੈ। ਇੰਨਾਂ ਹੀ ਨਹੀਂ ਉਹਨਾਂ ਨੂੰ ਹੱਲ ਕਰਨ ਲਈ ਖੁਦ ਉਸੇ ਵਰਤਮਾਨੀ ਸਮੇਂ ਵਿੱਚ ਪਹਿਲ ਕਰਦਾ ਹੈ ਤਾਂ ਜੋ ਉਹ ਜਲਦ ਤੋਂ ਜਲਦ ਸਿੱਟੇ ਤੇ ਪੁੱਜ ਸਕਣ। ਦੂਸਰੇ ਸ਼ਬਦਾਂ ਇਹ ਕੇਵਲ ਫੋਕਾ ਸਿਧਾਂਤ ਹੀ ਨਹੀਂ ਜੋ ਕਿ ਭਵਿੱਖ ਵਿੱਚ ਵਰਤਨ ਲਈ ਛੱਡ ਦਿੱਤਾ ਜਾਵੇ। ਇਹ ਵਧੇਰੇ ਯਥਾਰਥਕ (Realistic) ਅਤੇ ਜੀਵਨ ਦੇ ਨੇੜੇ ਹੈ।

**1.5.7 ਇਹ ਦਰਸ਼ਨ-ਸ਼ਾਸ਼ਤਰ ਨੂੰ ਆਮ ਲੋਕਾਂ ਵਿੱਚ ਵਿਚਰਨ ਦਾ ਮੌਕਾ ਪ੍ਰਦਾਨ ਕਰਦਾ ਹੈ:**

Brenda Almond ਨੇ ਆਪਣੀ ਪੁਸਤਕ ਵਿੱਚ ਦਰਸਾਇਆ ਹੈ ਕਿ ਵਿਹਾਰਿਕ ਨੀਤੀ-ਸ਼ਾਸ਼ਤਰ ਜਿੱਥੇ ਮਨੁੱਖੀ ਸੱਤਾ ਸੰਬੰਧੀ ਇੱਕ ਅਹਿਮ ਰੋਲ ਅਦਾ ਕਰਦਾ ਹੈ ਉਥੇ ਇਹ ਆਪਣੇ ਮੁੱਢ ਗੁਰੂ-ਵਿਸ਼ਾ ਨੀਤੀ-ਸ਼ਾਸ਼ਤਰ ਅਤੇ ਫਿਰ ਦਰਸ਼ਨ-ਸ਼ਾਸ਼ਤਰ ਨੂੰ ਆਮ ਲੋਕਾਂ ਵਿੱਚ ਵਿਚਰਨ ਦਾ ਇੱਕ ਖਾਸ ਮੌਕਾ ਪ੍ਰਦਾਨ ਕਰਦਾ ਹੈ। ਦਰਸ਼ਨ-ਸ਼ਾਸ਼ਤਰ ਮਨੁੱਖੀ ਸੋਚ-ਸਮਝ ਦਾ ਸਭ ਤੋਂ ਪ੍ਰਯੋਗਸ਼ਾਲੀ ਅਤੇ ਉੱਚਤਮ ਵਿਸ਼ਾ ਹੈ ਪਰ ਮੌਕੇ ਪ੍ਰਦਾਨ ਨਾ ਹੋਣ ਕਾਰਣ ਵਿਚ ਅਤਿ ਮੁੱਲਵਾਨ ਅਤੇ ਮਹੱਤਵਪੂਰਣ ਵਿਸ਼ਾ ਲੁਕਿਆ ਰਿਹਾ ਹੈ। ਸਿੱਖਿਆ ਦੀ ਦ੍ਰਿਸ਼ਟੀ ਤੋਂ ਇਹੀ ਇੱਕੋ-ਇਕ ਵਿਸ਼ਾ ਹੈ ਜੋ ਸੱਚੀ ਅਤੇ ਉਪਯੋਗੀ ਸਿੱਖਿਆ ਦਿੰਦਾ ਹੈ। ਇਹ ਮਨੁੱਖ ਨੂੰ ਵਧੇਰੇ ਬੁੱਧੀਵਾਨ ਸੰਘਰਸ਼ਪੂਰਕ ਅਤੇ ਆਤਮ-ਵਿਸ਼ਵਾਸੀ ਬਣਾਉਂਦਾ ਹੈ। ਨੀਤੀ-ਸ਼ਾਸ਼ਤਰ ਇਸ ਦੀ ਹੀ ਇੱਕ ਖਾਸ ਸ਼ਾਖਾ ਹੈ। ਨੀਤੀ-ਸ਼ਾਸ਼ਤਰ ਦੇ ਵਿਹਾਰਿਕ ਹੋਣ ਨਾਲ ਦਰਸ਼ਨ-ਸ਼ਾਸ਼ਤਰ ਨੂੰ ਵੀ ਇਹ ਇੱਕ ਖਾਸ ਮੌਕਾ ਜਾਂ ਪਲੇਟ-ਫਾਰਮ ਮਿਲ ਗਿਆ ਹੈ ਕਿ ਉਹ ਆਮ ਲੋਕਾਂ ਤੱਕ ਆਪਣੀ ਮਹੱਤਤਾ ਪਹੁੰਚਾ ਸਕੇ। ਮਨੁੱਖ ਦੇ ਜੀਵਨ ਸੰਬੰਧੀ ਸਮੱਸਿਆਵਾਂ ਨੂੰ ਹੱਲ ਕਰਦਿਆਂ ਜਦ ਦਰਸ਼ਨ-ਸ਼ਾਸ਼ਤਰ ਅੱਗੇ ਆਉਂਦਾ ਹੈ ਤਾਂ ਇਹ ਮਨੁੱਖ ਦੇ ਮਨ ਵਿੱਚ ਘਰ ਕਰ ਜਾਂਦਾ ਹੈ। ਦੂਸਰਾ, ਦਰਸ਼ਨ-ਸ਼ਾਸ਼ਤਰ ਨੂੰ ਇੱਕ ਕੇਵਲ ਸਿਧਾਂਤਕ ਅਤੇ ਨਾ-ਉਪਯੋਗੀ ਅਧਿਐਨ ਦਾ ਨਾਮ ਹਾਸਿਲ ਹੈ ਪਰ ਨੀਤੀ ਸ਼ਾਸ਼ਤਰ ਦਾ ਵਿਹਾਰਿਕ ਰੂਪ ਇਸ ਦਾ ਇਹ ਦਰਜਾ ਬਦਲ ਰਿਹਾ ਹੈ। ਦਰਸ਼ਨ-ਸ਼ਾਸ਼ਤਰ ਵਧੇਰੇ ਕੁਸ਼ਲ ਅਤੇ ਖੁਸ਼ਹਾਲ ਮਨੁੱਖੀ ਜੀਵਨ ਨੂੰ ਉਦੇਸ਼ ਮੰਨ ਕੇ ਚੱਲਣ ਵਾਲਾ ਵਿਗਿਆਨ ਹੈ (Philosophy is a more efficient and prosperous human life oriented science).

**1.5.8 ਵਿਹਾਰਿਕ ਨੀਤੀ-ਸ਼ਾਸ਼ਤਰ ਨੈਤਿਕ ਸਮੱਸਿਆਵਾਂ ਤੇ ਵਧੇਰੇ ਡੂੰਘਾ ਚਿੰਤਨ ਹੈ:**

ਦਰਸ਼ਨ-ਸ਼ਾਸ਼ਤਰ ਹੋਰਨਾਂ ਸਭ ਚਿੰਤਨ ਅਤੇ ਅਧਿਐਨ ਤੋਂ ਇਸ ਕਾਰਣ ਵਿਲੱਖਣ ਹੈ ਕਿ ਇਸ ਵਿੱਚ ਹਰ ਸਮੱਸਿਆ ਨੂੰ ਚੌਹ-ਤਰਫੋਂ ਪਰਖਿਆ, ਵੇਖਿਆ ਅਤੇ ਚਿੰਤਨ ਕੀਤਾ ਜਾਂਦਾ ਹੈ ਜਿਸ ਨਾਲ ਉਸ ਵਿਸ਼ੇ ਦਾ ਸੰਪੂਰਣ ਗਿਆਨ ਅਤੇ ਠੋਸ ਹੱਲ ਹੁੰਦਾ ਹੈ। ਦਰਸ਼ਨ-ਸ਼ਾਸ਼ਤਰ ਇੱਕ ਵਿਲੱਖਣ ਸੋਚ-ਵਿਚਾਰ ਦਾ ਨਾਮ ਹੈ। ਨੀਤੀ-ਸ਼ਾਸ਼ਤਰ ਇਸੇ ਦਾ ਇੱਕ ਅੰਗ ਹੈ, ਸਪੱਸ਼ਟ ਹੈ ਕਿ ਇਹ ਵੀ ਨੈਤਿਕ ਵਿਸ਼ਿਆਂ ਤੇ ਇਸ ਵਿਲੱਖਣ ਸੋਚ-ਵਿਚਾਰ ਦਾ ਪ੍ਰਯੋਗ ਕਰਦਾ

ਹੈ। ਭਾਵ ਨੀਤੀ-ਸ਼ਾਸ਼ਤਰ ਦਾ ਨਜ਼ਰੀਆ ਪਹਿਲਾਂ ਹੀ ਉਪਯੋਗੀ ਅਤੇ ਵਿਲੱਖਣ ਹੈ ਪਰ ਇਸ ਦੇ ਵਿਹਾਰਿਕ ਹੋਣ ਨਾਲ ਇਕ ਹੋਰ ਵੀ ਵਧੇਰੇ ਵਿਲੱਖਣ ਬਣ ਗਿਆ ਹੈ। ਇਸ ਨਾਲ ਇਸ ਵਿਲੱਖਣ ਸੋਚ-ਵਿਚਾਰ ਦਾ ਵਿਹਾਰਿਕ ਪ੍ਰਯੋਗ ਹੁੰਦਾ ਹੈ, ਜੋ ਇਸ ਦਾ ਸਹੀ ਉਪਯੋਗ ਅਤੇ ਇਸ ਦੇ ਵਿਲੱਖਣ ਹੋਣ ਦਾ ਪ੍ਰਤੱਖ-ਪ੍ਰਮਾਣ ਦਿੰਦਾ ਹੈ। ਮੌਜੂਦਾ ਜੀਵਨ ਦੀਆਂ ਪ੍ਰਤੱਖਯੋਗ ਸਮੱਸਿਆਵਾਂ ਅਤੇ ਉਹਨਾਂ ਨੂੰ ਉਸੇ ਵਰਤਮਾਨੀ ਰੂਪ ਤੋਂ ਹੱਲ ਕਰਨਾ ਨੀਤੀ-ਸ਼ਾਸ਼ਤਰ ਨੂੰ ਤਾਰਕਿਕ ਵਿਗਿਆਨੀ ਅਤੇ ਮੁੱਲਵਾਨ ਬਣਾਉਂਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇਸ ਨਾਲ ਨੀਤੀ-ਸ਼ਾਸ਼ਤਰ ਸਿਧਾਂਤਕ ਰੂਪ ਵਿੱਚੋਂ ਨਿਕਲ ਕੇ ਮਨੁੱਖ ਦੇ ਜੀਵਨ ਵਿੱਚ ਉਸਦੇ ਨਾਲ ਖੜਾ ਹੈ।

**1.5.9 ਵਿਹਾਰਿਕ ਨੀਤੀ-ਸ਼ਾਸ਼ਤਰ ਖਾਸ ਅਤੇ ਠੋਸ ਮੁੱਦਿਆਂ ਨਾਲ ਸੰਬੰਧਤ ਹੈ:**

ਨੀਤੀ-ਸ਼ਾਸ਼ਤਰ ਇੱਕ ਆਦਰਸ਼ਾਤਮਕ ਵਿਗਿਆਨ ਹੋਣ ਦੇ ਨਾਂ ਤੇ ਜੀਵਨ ਦੇ ਸਭ ਖੇਤਰਾਂ ਸੰਬੰਧੀ ਵੱਡੀ ਜਾਂ ਸਾਂਝੀ ਸਿੱਖਿਆ ਦਿੰਦਾ ਹੈ ਜਿਸ ਨਾਲ ਉਸ ਦਾ ਕਿਸੇ ਵੀ ਇੱਕ ਖੇਤਰ ਤੇ ਯੋਗ ਪ੍ਰਭਾਵ ਘੱਟ ਜਾਂਦਾ ਹੈ। ਇਸ ਦੇ ਉਲਟ ਵਿਹਾਰਿਕ ਨੀਤੀ-ਸ਼ਾਸ਼ਤਰ ਕਿਸੇ ਇਕ ਖਾਸ ਅਤੇ ਠੋਸ ਖੇਤਰ ਨਾਲ ਸੰਬੰਧਤ ਵਿਸ਼ਿਆਂ ਤੇ ਚਿੰਤਨ ਅਤੇ ਵਿਹਾਰਿਕ ਕੋਸ਼ਿਸ਼ਾਂ ਕਰਦਾ ਹੈ। ਭਾਵ ਇਹ ਆਪਣੇ ਖੇਤਰ ਦੇ ਕੁਝ ਖਾਸ ਮਹੱਤਵਪੂਰਣ ਅਤੇ ਚੋਣਵੇਂ ਮੁੱਦਿਆਂ ਨੂੰ ਹੀ ਆਪਣੇ ਅਧਿਐਨ ਵਿਚ ਸ਼ਾਮਿਲ ਕਰਦਾ ਹੈ ਤਾਂ ਜੋ ਉਸ ਦਾ ਯੋਗ ਅਤੇ ਜਲਦ ਹੱਲ ਨਿਕਲ ਸਕੇ। ਦੂਸਰੇ ਸ਼ਬਦਾਂ ਵਿੱਚ ਇਹ ਇੱਥੇ ਵਿਗਿਆਨ ਦੀ ਵਿਸ਼ਲੇਸ਼ਣਾਤਮਕ ਵਿਧੀ (Analytical method) ਦਾ ਇਸਤੇਮਾਲ ਕਰਦਾ ਹੈ। ਇਹ ਕਿਸੇ ਖਾਸ ਹਿੱਸੇ ਤੇ ਹੀ ਧਿਆਨ ਦਿੰਦਾ ਹੈ ਜਿਸ ਨਾਲ ਉਸ ਹਿੱਸੇ ਦਾ ਯੋਗ ਅਤੇ ਲੋੜੀਂਦਾ ਹੱਲ ਹੁੰਦਾ ਹੈ, ਜਿਵੇਂ ਵਾਤਾਵਰਣ ਸੰਬੰਧੀ ਇਹ ਮਨੁੱਖਾਂ ਦਾ ਪ੍ਰਦੂਸ਼ਣ ਰਾਹੀਂ ਹੋ ਰਹੇ ਨੁਕਸਾਨ ਅਤੇ ਇਸ ਤੋਂ ਬਚਣ ਦੇ ਉਪਾਵਾਂ ਬਾਰੇ ਦੱਸਦਾ ਹੈ ਅਤੇ ਇੰਨ੍ਹਾਂ ਸੰਬੰਧੀ ਵਿਹਾਰਿਕ ਰੂਪ ਵਿੱਚ ਕਾਫੀ ਕੁਝ ਕਰਦਾ ਵੀ ਹੈ।

**1.6 ਸਿੱਟਾ (Conclusion)**

ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਵਿਹਾਰਿਕ ਨੀਤੀ-ਸ਼ਾਸ਼ਤਰ ਨੇ ਮਨੁੱਖੀ ਜੀਵਨ ਨੂੰ ਸੁਰੱਖਿਅਤ ਰੱਖਣ ਅਤੇ ਹੋਰ ਵਧੀਆ ਅਰਥਪੂਰਣ ਬਣਾਉਣ ਸੰਬੰਧੀ ਜੋ ਬੀੜਾ ਚੁੱਕਿਆ ਹੈ ਉਹ ਨਾ ਕੇਵਲ ਇਸ ਦਾ ਫਰਜ਼ ਹੈ ਬਲਕਿ ਸਮੇਂ ਦੀ ਲੋੜ ਵੀ ਹੈ। ਇਸ ਨੇ ਜਿੱਥੇ ਇੰਨਾ ਮੁੱਲਵਾਨ ਕੰਮ ਸ਼ੁਰੂ ਕੀਤਾ ਹੈ ਉਥੇ ਹੀ ਨੀਤੀ-ਸ਼ਾਸ਼ਤਰ ਅਤੇ ਫਿਰ ਦਰਸ਼ਨ ਸ਼ਾਸ਼ਤਰ ਦਾ ਅਕਸ ਵੀ ਸੰਵਾਰਿਆ ਅਤੇ ਇਸ ਨੂੰ ਜਗ-ਜ਼ਾਹਿਰ ਕੀਤਾ ਹੈ। ਵਾਕਇ ਹੀ ਇਹ ਮੌਜੂਦਾ ਜੀਵਨ ਲਈ ਅਤਿ ਜ਼ਰੂਰੀ ਅਤੇ ਮੁੱਲਵਾਨ ਹੈ। ਇਸ ਸੰਬੰਧੀ ਸਭਨਾਂ ਨੂੰ ਖਾਸ ਕਰਕੇ ਸਰਕਾਰ ਨੂੰ ਹਰ ਪਹਿਲ-ਕਦਮੀ ਕਰਨੀ ਚਾਹੀਦੀ ਹੈ।

**1.7 ਲਾਭ :**

ਜਿਵੇਂ ਕਿ ਨੀਤੀ-ਸ਼ਾਸ਼ਤਰ ਉਸੇ ਤਰ੍ਹਾਂ ਵਿਹਾਰਿਕ ਨੀਤੀ-ਸ਼ਾਸ਼ਤਰ ਕੋਈ ਅਜਿਹਾ ਵਿਗਿਆਨ ਨਹੀਂ ਹੈ ਜੋ ਸਾਨੂੰ ਕਿਸੇ ਖਾਸ ਖੇਤਰ ਬਾਰੇ ਕੇਵਲ ਜਾਣਕਾਰੀ ਹੀ ਦਿੰਦਾ ਹੈ, ਜਾਂ ਸਾਨੂੰ ਉਸ ਖੇਤਰ ਵਿੱਚ ਨਿਪੁੰਨ ਬਣਾਉਂਦਾ ਹੈ ਅਤੇ ਆਮਦਨ ਜਾਂ ਨੌਕਰੀ ਸੰਬੰਧੀ ਸਾਡੀ ਸਹਾਇਤਾ ਕਰਦਾ ਹੈ। ਨੌਕਰੀ ਜਾਂ ਕਮਾਈ ਅਤੇ ਖਾਸ ਕਰਕੇ ਇੱਕ ਸ਼ੁੱਧ ਵਾਤਾਵਰਣ ਅਤੇ ਸ਼ੁੱਧ ਜੀਵਨ ਲਈ ਕਿਸੇ ਸਹੀ ਇਨਸਾਨ ਦੀ ਜ਼ਰੂਰਤ ਹੈ, ਨੀਤੀ-ਸ਼ਾਸ਼ਤਰ ਅਜਿਹੇ ਇਨਸਾਨ ਬਣਾਉਂਦਾ ਹੈ। ਮਨੁੱਖੀ ਜੀਵਨ ਵਿਚ ਕੁੱਝ ਵੀ ਕਰਨ ਜਾਂ ਬਣਨ ਤੋਂ ਪਹਿਲਾਂ ਇੱਕ ਅਰਥਪੂਰਣ ਅਤੇ ਸ਼ੁੱਧ ਇਨਸਾਨ ਬਣਨਾ ਅਤਿ ਜ਼ਰੂਰੀ ਹੈ। ਇੱਕ ਡਾਕਟਰ, ਅਫਸਰ, ਅਧਿਆਤਮਕ, ਫੌਜ਼ੀ, ਨੇਤਾ ਆਦਿ ਅਗਰ ਨੈਤਿਕ ਹਨ ਤਾਂ ਹੀ ਉਹ ਆਪਣੇ ਜੀਵਨ ਅਤੇ ਖਾਸ ਕਰ ਆਪਣੇ ਜੀਵਨ ਅਤੇ ਸਮਾਜ ਨੂੰ ਮਨੁੱਖ ਦੇ ਰਹਿਣ ਯੋਗ ਅਤੇ ਹੋਰ ਵਧੀਆ ਬਣਾ ਸਕਦੇ ਹਨ। ਇਸੇ ਤਰ੍ਹਾਂ ਆਪਣੇ ਜੀਵਨ ਅਤੇ ਖਾਸ ਕਰ ਆਪਣੇ ਅਸਤਿੱਤਵ ਨੂੰ ਬਣਾਏ ਰੱਖਣ ਅਤੇ ਇਸ ਦੇ ਸਹੀ ਅਰਥਾਂ ਨੂੰ ਬਣਾਏ ਰੱਖਣ ਲਈ ਵੀ ਵਿਹਾਰਕ ਨੀਤੀ-ਸ਼ਾਸ਼ਤਰ ਇੱਕੋ-ਇੱਕ ਯੋਗ ਸਾਧਨ ਹੈ। ਨੀਤੀ-ਸ਼ਾਸ਼ਤਰ ਵਾਂਗ ਇਹ ਕੋਈ ਵਾਧੂ ਵਿਸ਼ਾ ਨਹੀਂ ਸਗੋਂ ਮਨੁੱਖੀ ਜੀਵਨ, ਅਸਤਿੱਤਵ ਅਤੇ ਕੁਦਰਤ ਦੇ ਭਵਿੱਖ ਜਾਂ ਸੁਨਹਿਰੇ ਭਵਿੱਖ ਦੀ ਆਧਾਰਸ਼ਿਲਾ ਹੈ। ਇਸ ਤੋਂ ਬਿਨਾਂ ਮਨੁੱਖ ਅਧੂਰਾ ਹੈ ਜਾਂ ਉਹ ਮਨੁੱਖ ਹੀ ਨਹੀਂ ਹੈ। ਇਸ ਲਈ ਵਿਹਾਰਿਕ ਨੀਤੀ-ਸ਼ਾਸ਼ਤਰ ਨੂੰ ਨਾ ਕੇਵਲ ਖੂਬ ਪੜ੍ਹਾਇਆ ਜਾਣਾ ਚਾਹੀਦਾ ਹੈ ਬਲਕਿ ਸਰਕਾਰ, ਹੋਰ ਸਮਾਜ ਸੇਵਕੀ ਸੰਸਥਾਵਾਂ, ਸਭ ਦੇਸ਼ਾਂ ਅਤੇ ਸਨਮੁੱਖ ਮਨੁੱਖ ਪ੍ਰਜਾਤੀ ਨੂੰ ਇਸ ਦੀਆਂ ਵਿਹਾਰਿਕ ਸਲਾਹਾਂ ਨੂੰ ਇੰਨ-ਬਿੰਨ ਮੰਨਣਾ ਚਾਹੀਦਾ ਹੈ।

ਇਸਦੇ ਹੋਰ ਵੀ ਕਈ ਲਾਭ ਹਨ ਜੋ ਹੇਠਾਂ ਲਿਖੇ ਹਨ-

**1.7.1 ਵਿਹਾਰਿਕ ਨੀਤੀ-ਸ਼ਾਸ਼ਤਰ ਮਨੁੱਖੀ ਅਸਤਿੱਤਵ ਅਤੇ ਜੀਵਨ ਦਾ ਇੱਕੋ ਇਕ ਰੱਖਿਅਕ ਹੈ:**

ਜਿੰਨ੍ਹਾਂ ਕਾਰਣਾਂ ਕਰਕੇ ਨੀਤੀ-ਸ਼ਾਸ਼ਤਰ ਨੂੰ ਵਿਹਾਰਿਕ ਬਣਨਾ ਪਿਆ ਹੈ ਉਹ ਇੰਨੇ ਜ਼ਿਆਦਾ ਖਤਰਨਾਕ ਹਨ ਕਿ ਉਹਨਾਂ ਦਾ ਹੱਲ ਅਤੇ ਮਨੁੱਖ ਦੇ ਮਨ ਵਿੱਚ ਉਹਨਾਂ ਦਾ ਡਰ ਕਿਸੇ ਹੋਰ ਸਾਧਨ ਜਾਂ ਕੋਸ਼ਿਸ਼ਾਂ ਰਾਹੀਂ ਪੂਰਣ ਰੂਪ ਵਿਚ ਅਸੰਭਵ ਹੈ। ਨੀਤੀ-ਸ਼ਾਸ਼ਤਰ ਦਾ ਵਿਹਾਰਿਕ ਹੋਣਾ ਹੀ ਇੰਨ੍ਹਾਂ ਚਿੰਤਾਵਾਂ ਤੋਂ ਛੁਟਕਾਰਾ ਦਿਲਵਾ ਸਕਦਾ ਹੈ। ਵਿਗਿਆਨ, ਸਰਕਾਰ, ਪੈਸਾ, ਧਾਰਮਿਕ ਸੰਸਥਾਵਾਂ ਆਦਿ ਸਭ ਇੰਨ੍ਹਾਂ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਬੇਅਰਥ ਹੈ। ਵਾਤਾਵਰਣ, ਜਨ-ਸੰਖਿਆ, ਪ੍ਰਮਾਣੂ-ਬੰਬ ਖੇਤੀਬਾੜੀ ਆਦਿ ਅਜਿਹੀਆਂ ਸਮੱਸਿਆਵਾਂ ਹਨ ਜਿੰਨਾਂ ਨੂੰ ਹੱਲ ਕਰਨ ਲਈ ਸਰਕਾਰੀ ਅਤੇ ਹੋਰ ਕੋਸ਼ਿਸ਼ਾਂ ਤੋਂ ਪਹਿਲਾਂ ਸਾਰੇ ਮਨੁੱਖਾਂ ਨੂੰ ਨੈਤਿਕ ਬਣਾ ਕੇ ਨਾਲ ਲੈ ਕੇ ਚਲਣਾ ਅਤਿ ਜ਼ਰੂਰੀ ਹੈ ਅਤੇ ਇਹ ਸਭ ਨੀਤੀ-ਸ਼ਾਸ਼ਤਰ ਅਤੇ ਖਾਸ ਕਰਕੇ ਇਸ ਦੇ ਵਿਹਾਰਿਕ ਰੂਪ ਰਾਹੀਂ ਹੀ ਸੰਭਵ ਹੈ। ਇਸ ਤਰ੍ਹਾਂ ਅਸੀਂ ਸਮਝ ਸਕਦੇ ਹਾਂ ਕਿ ਆਉਣ ਵਾਲਾ ਸਮਾਂ ਨੈਤਿਕਤਾ-ਪ੍ਰਧਾਨ (Morality oriented) ਹੋਵੇਗਾ। ਇੱਕ ਅਨੁਮਾਨ ਅਨੁਸਾਰ ਮੌਜੂਦਾ ਪ੍ਰਸਥਿਤੀਆਂ ਦਾ ਕਾਰਣ ਨੈਤਿਕਤਾ ਨੂੰ ਪਰ੍ਹਾਂ ਸੁੱਟਣਾ ਹੈ। ਇਸ ਤਰ੍ਹਾਂ ਨੈਤਿਕਤਾ ਹੀ ਉਹਨਾਂ ਪੁਰਾਣੀਆਂ ਅਤੇ ਯੋਗ ਪ੍ਰਸਥਿਤੀਆਂ ਵਾਪਿਸ ਲਿਆ ਸਕਦੀ ਹੈ।

**1.7.2 ਵਿਹਾਰਿਕ ਨੀਤੀ-ਸ਼ਾਸ਼ਤਰ ਪਦਾਰਥੀ ਜੀਵਨ ਨੂੰ ਅਨੁਸ਼ਾਸਿਤ ਕਰਦਾ ਹੈ :**

ਜੇ ਗੌਰ ਨਾਲ ਵੇਖਿਆ ਜਾਵੇ ਤਾਂ ਮੌਜੂਦਾ ਅਨੈਤਿਕ ਅਤੇ ਭਿਆਨਕ ਪ੍ਰਸਥਿਤੀਆਂ ਜਾਂ ਮੌਜੂਦਾ ਮਨੁੱਖ ਦੀ ਪਰਿਭਾਸ਼ਾ ਅਤੇ ਸਰੂਪ ਉਸ ਦੇ ਪਦਾਰਥਵਾਦੀ ਹੋਣ ਕਾਰਣ ਹੀ ਬਣੇ ਹਨ। ਜਿਵੇਂ-ਜਿਵੇਂ ਵਿਗਿਆਨ ਅਤੇ ਤਕਨੀਕ ਨੇ ਤਰੱਕੀ ਕੀਤੀ ਹੈ ਤਿਉਂ-ਤਿਉਂ ਪਦਾਰਥਵਾਦੀ ਦ੍ਰਿਸ਼ਟੀਕੋਣ ਅਤੇ ਜੀਵਨ ਨੂੰ ਉਭਰਨ ਦੇ ਮੌਕੇ ਮਿਲੇ ਹਨ। ਹੌਲੀ ਹੌਲੀ ਇਹ ਦ੍ਰਿਸ਼ਟੀਕੋਣ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਘਰ ਕਰਦਾ ਜਾ ਰਿਹਾ ਹੈ। ਇਸ ਨੇ ਮਨੁੱਖ ਨੂੰ ਵਧੇਰੇ ਆਰਾਮਵਾਦੀ ਅਤੇ ਐਸ਼-ਪ੍ਰਸਥੀ ਬਣਾ ਦਿੱਤਾ ਹੈ ਅਤੇ ਸਪਸ਼ਟ ਹੀ ਅਨੈਤਿਕ ਵੀ ਬਣਾ ਦਿੱਤਾ ਹੈ। ਹੁਣ ਇਹ ਸਭ ਆਪਣੇ ਪ੍ਰਭਾਵਾ ਦੀ ਚਰਮ-ਸੀਮਾ ਤੇ ਹਨ। ਇਸ ਸਭ ਨੂੰ ਨੀਤੀ-ਸ਼ਾਸ਼ਤਰ ਖੁੱਦ ਵਿਹਾਰਿਕ ਰੂਪ ਵਿੱਚ ਅਨੁਸ਼ਾਸਿਤ ਕਰਦਾ ਹੈ। ਇਹ ਆਪਣੀਆਂ ਸੰਘਰਸ਼ਮਈ ਕੋਸ਼ਿਸ਼ਾਂ ਰਾਹੀਂ ਮਨੁੱਖ ਪ੍ਰਜਾਤੀ ਨੂੰ ਇਹ ਸਮਝਾਉਂਦਾ ਅਤੇ ਸਾਬਿਤ ਵੀ ਕਰ ਰਹੀ ਹੈ ਕਿ ਮਨੁੱਖ ਜਿੰਨਾ ਆਰਾਮ ਅਤੇ ਐਸ਼ ਲਈ ਇੱਛਾ ਕਰ ਰਿਹਾ ਹੈ ਉਹ ਵੀ ਉਸ ਦੇ ਅਸਤਿੱਤਵ ਅਤੇ ਜੀਵਨ ਦੇ ਨਾਸ਼ ਦਾ ਕਾਰਣ ਬਣ ਰਹੇ। ਇਸ ਲਈ ਉਸ ਨੂੰ ਉੱਠ ਕੇ ਆਪਣੇ ਜੀਵਨ ਨੂੰ ਸਹੀ ਸੇਧ ਦੇਣੀ ਚਾਹੀਦੀ ਹੈ। ਭਾਵ ਇਹ ਮਨੁੱਖ ਨੂੰ ਪਦਾਰਥਵਾਦੀ ਤੋਂ ਮਾਨਵਵਾਦੀ ਅਤੇ ਆਦਰਸ਼ਵਾਦੀ ਬਣਾਉਂਦਾ ਹੈ (It turns a man humanistic and idealistic from materialistic)।

**1.7.3 ਇਹ ਮਨੁੱਖ ਨੂੰ ਮਨੁੱਖ ਬਣਾਉਂਦਾ ਹੈ :**

ਇਹ ਵੀ ਨੀਤੀ-ਸ਼ਾਸ਼ਤਰ ਰਾਹੀਂ ਕੀਤਾ ਜਾਂਦਾ ਇੱਕ ਵਿਲੱਖਣ ਕਾਰਜ ਹੈ। ਇਹ ਮਨੁੱਖ ਨੂੰ ਸਹੀ ਅਰਥਾਂ ਵਿੱਚ ਮਨੁੱਖ ਬਣਾਉਂਦਾ ਹੈ। ਮਨੁੱਖ ਤੋਂ ਭਾਵ ਕੁਦਰਤ ਦੀਆਂ ਹੋਰ ਸਭ ਵਸਤਾਂ, ਘਟਨਾਵਾਂ ਅਤੇ ਪਸ਼ੂਆਂ ਤੋਂ ਕਿਤੇ ਜ਼ਿਆਦਾ ਮੁੱਲਵਾਨ ਅਤੇ ਵਿਲੱਖਣ ਜੀਵਨ। ਇਸ ਤਰ੍ਹਾਂ ਦੇ ਜੀਵਨ ਵਿੱਚ ਨੈਤਿਕਤਾ, ਬੁੱਧੀ ਅਤੇ ਸਮਾਜਿਕ ਭਾਵਨਾ ਪ੍ਰਮੁੱਖ ਤੌਰ ਤੇ ਸ਼ਾਮਿਲ ਹਨ। ਹੁਣ ਜਦੋਂ ਬੁੱਧੀ ਦਾ ਵਧੇਰੇ ਅਤੇ ਦੁਰਉਪਯੋਗ ਕਰਦਿਆਂ ਮਨੁੱਖ ਅਨੈਤਿਕ ਬਣਦਾ ਜਾਵੇ ਅਤੇ ਸਮਾਜ ਦਾ ਮੈਂਬਰ ਹੋਣ ਦੇ ਨਾਂ ਤੇ ਇਸ ਦਾ ਭਾਵਨਾ ਨੂੰ ਭੁਲਾਉਂਦਾ ਜਾਵੇ ਤਦ ਉਸ ਨੂੰ ਸੰਪੂਰਣ ਮਨੁੱਖ ਜਾਂ ਮਨੁੱਖ ਕਹਿਣਾ ਅਤਿ-ਕਥਨੀ ਹੀ ਜਾਪਦਾ ਹੈ। ਮਨੁੱਖ ਬਹੁਤ ਹੀ ਪ੍ਰਤੀਸ਼ਠਾ, ਮਾਣ ਅਤੇ ਇੱਜ਼ਤ ਭਰੇ ਉਦੇਸ਼ਪੂਰਕ ਜੀਵਨ ਬਣਾਉਣਾ ਚਾਹੁੰਦਾ ਹੈ। ਪਰ ਪੈਸਾ ਸੈਕਸ ਅਤੇ ਹੋਰ ਕਈ ਪ੍ਰਕਾਰ ਦੇ ਲਾਲਚਾਂ ਨਾਲ ਮਨੁੱਖ ਨੈਤਿਕਤਾ ਨੂੰ ਛਿੱਕੇ ਟੰਗਦਾ ਜਾ ਰਿਹਾ ਹੈ ਜਿਸ ਨਾਲ ਨੈਤਿਕ-ਸੰਕਟ ਇੱਥੇ ਤੱਕ ਪੁੱਜ ਗਿਆ ਹੈ ਕਿ ਮਨੁੱਖ ਦੇ ਅਸਤਿੱਤਵ ਨੂੰ ਖਤਰਾ ਪੈ ਗਿਆ ਹੈ। ਇਸ ਤਰ੍ਹਾਂ ਵਿਹਾਰਿਕ ਨੀਤੀ-ਸ਼ਾਸ਼ਤਰੀਆਂ ਦੀਆਂ ਕੋਸ਼ਿਸ਼ਾਂ ਇਸ ਮੌਜੂਦਾ ਮਨੁੱਖ ਨੂੰ ਸਹੀ ਅਰਥਾਂ ਵਾਲੇ ਮਨੁੱਖ ਬਣਾਉਣ ਪ੍ਰਤੀ ਇੱਕ ਸ਼ਲਾਘਾਯੋਗ ਅਤੇ ਮਹੱਤਵਪੂਰਣ ਕਦਮ ਹੈ। ਇਹ ਮਨੁੱਖ ਨੂੰ ਮਨੁੱਖ ਬਣਾਉਂਦਾ ਹੈ।

**1.7.4 ਇਹ ਨੈਤਿਕਤਾ ਦੀਆਂ ਲਾਹੇਵੰਦ ਆਦਤਾਂ ਪਾਉਂਦਾ ਹੈ :**

ਜਿਵੇਂ ਕਿ ਅਸੀਂ ਨੀਤੀ-ਸ਼ਾਸ਼ਤਰ ਸੰਬੰਧੀ ਇਹ ਪੜ੍ਹ ਚੁੱਕੇ ਹਾਂ ਕਿ ਇਹ ਮਨੁੱਖ ਨੂੰ ਸਹੀ ਆਦਰਸ਼ਾਂ ਦੀ

ਜਾਣਕਾਰੀ ਦਿੰਦਾ ਹੈ, ਉਸ ਦੇ ਜੀਵਨ ਨੂੰ ਉਦੇਸ਼ ਪੂਰਣ ਸੇਧ ਦਿੰਦਾ ਹੈ। ਪਰ ਪਿੱਛਲੇ ਸਮਿਆਂ ਦੌਰਾਨ ਨੀਤੀ-ਸ਼ਾਸ਼ਤਰ ਦੀਆਂ ਕੋਸ਼ਿਸ਼ਾਂ ਅਕਾਦਮਿਕ, ਕਿਤਾਬੀ ਅਤੇ ਸਿਧਾਂਤਕ ਹੀ ਸਨ। ਇੰਨ੍ਹਾਂ ਸਿੱਖਿਆਵਾਂ ਨੂੰ ਵਰਤਨ ਸੰਬੰਧੀ ਕੋਈ ਅੰਦਰੂਨੀ ਜਾਂ ਬਾਹਰੀ ਮਜ਼ਬੂਰੀ ਨਹੀਂ ਸੀ। ਪਰ ਮੌਜੂਦਾ ਸਮੇਂ ਦੌਰਾਨ ਇਸ ਦੀ ਮਹੱਤਤਾ ਨਜ਼ਰ ਆਉਣ ਲੱਗੀ ਹੈ। ਮੌਜੂਦਾ ਨੈਤਿਕ-ਸੰਕਟ ਦੀਆਂ ਸਮੱਸਿਆਵਾਂ ਨੂੰ ਕੇਵਲ ਵਿਵਹਾਰ ਰਾਹੀ ਹੀ ਨਿਪਟਿਆ ਜਾ ਸਕਦਾ ਹੈ। ਇਸ ਸੰਬੰਧੀ ਨੀਤੀਆਂ-ਸ਼ਾਸ਼ਤਰੀਆਂ ਦੀਆਂ ਵਿਹਾਰਿਕ ਕੋਸ਼ਿਸ਼ਾਂ, ਸੰਘਰਸ਼ ਅਤੇ ਸਫ਼ਲਤਾਵਾਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਮਨੁੱਖ ਨੂੰ ਅਜਿਹੀਆਂ ਨੈਤਿਕ ਆਦਤਾਂ ਨੂੰ ਜੀਵਨ ਵਿੱਚ ਧਾਰਨ ਕਰਨਾ ਪਵੇਗਾ ਤਾਂ ਹੀ ਉਸ ਦਾ ਜੀਵਨ ਅਤੇ ਅਸਤਿੱਤਵ ਬਚ ਸਕਦਾ ਹੈ ਅਤੇ ਉਹ ਮੁੜ ਸਹੀ ਅਤੇ ਸ਼ੁੱਧ ਮੁੱਖ ਦਾ ਸਰੂਪ ਪ੍ਰਾਪਤ ਕਰ ਸਕਦਾ ਹੈ। ਦੂਸਰੇ ਸ਼ਬਦਾਂ ਵਿੱਚ ਇਹ ਕੇਵਲ ਸਿੱਖਿਆ ਨਹੀਂ ਬਲਕਿ ਆਦਤਾਂ ਦੇ ਰੂਪ ਵਿੱਚ ਭਵਿੱਖ ਵਿੱਚ ਵਰਤੀ ਜਾਣ ਵਾਲੀ ਅਤਿ ਜ਼ਰੂਰੀ ਵਿਚਾਰਧਾਰਾ ਹੈ। ਇਸ ਨੂੰ ਕੇਵਲ ਪੜ੍ਹਨਾ ਹੀ ਨਹੀਂ ਬਲਕਿ ਜੀਵਨ ਵਿੱਚ ਅਪਨਾਉਣਾ ਪੈਂਦਾ ਹੈ।

**1.7.5 ਇਹ ਜੀਵਨ ਸਿਖਾਉਂਦਾ ਹੈ :**

ਨੀਤੀ-ਸ਼ਾਸ਼ਤਰ ਖਾਸ ਕਰਕੇ ਵਿਹਾਰਿਕ ਨੀਤੀ-ਸ਼ਾਸ਼ਤਰ ਮਨੁੱਖ ਦੀ ਅਸਲੀ ਅਤੇ ਸ਼ੁੱਧ ਜੀਵਨ ਦੀ ਪਰਿਭਾਸ਼ਾ ਸਮਝਾਉਂਦਾ ਅਤੇ ਸਿਖਾਉਂਦਾ ਹੈ। ਇਹ ਮਨੁੱਖਤਾ ਨਾਲ ਜਾਣ-ਪਹਿਚਾਣ ਕਰਾਉਂਦਾ ਹੈ। ਜਿਵੇਂ ਕਿ ਅਰਸਤੂ ਨੇ ਕਿਹਾ ਹੈ ਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ (Man is a social animal) ਭਾਵ ਮਨੁੱਖ ਪ੍ਰਾਣੀ ਮਨੁੱਖਤਾ ਅਤੇ ਨੈਤਿਕਤਾ ਭਰਿਆ ਜੀਵਨ ਹੀ ਅਸਲੀ ਮਨੁੱਖੀ ਜੀਵਨ ਹੈ, ਨੈਤਿਕਤਾ ਬਿਨਾਂ ਅਸੀਂ ਘੱਟ ਮਨੁੱਖ ਜਾਂ ਪਸ਼ੂ ਹਾਂ। ਇਸ ਸੰਬੰਧੀ ਇੱਕ ਕਹਾਵਤ ਵੀ ਹੈ, ਅਸੀਂ ਸਾਰੇ ਪਾਗਲ ਪੈਦਾ ਹੋਏ ਸਾਂ ਕੁਝ ਉਸੇ ਤਰ੍ਹਾਂ ਰਹਿ ਗਏ (We all were born mad some remained so)। ਨੈਤਿਕਤਾ ਜੀਵਨ ਦੇ ਲਈ ਹੈ, ਜੇ ਇਸ ਨੂੰ ਜੀਵਨ ਵਿੱਚ ਢਾਲਿਆਂ ਹੀ ਨਾ ਜਾਵੇ ਜਾਂ ਜੀਵਨ ਨੂੰ ਇਸ ਤੇ ਆਧਾਰਿਤ ਬਿਤਾਇਆ ਨਾ ਜਾਵੇ ਉਸ ਜੀਵਨ ਨੂੰ ਮਨੁੱਖੀ ਜੀਵਨ ਨਹੀਂ ਕਿਹਾ ਜਾ ਸਕਦਾ। ਨੈਤਿਕਤਾ ਦਾ ਵਿਹਾਰਿਕ ਪ੍ਰਯੋਗ ਹੀ ਅਸਲੀ ਜੀਵਨ ਹੈ। ਇਹੋ ਅਸਲੀ ਜੀਵਨ ਦੀ ਪਰਿਭਾਸ਼ਾ ਹੈ। ਇਸ ਤੋਂ ਬਿਨਾਂ ਜੀਵਨ ਅਧੂਰਾ ਅਤੇ ਪਸ਼ੂਆਂ ਸਮਾਨ ਹੈ। ਇਸ ਤਰ੍ਹਾਂ ਵਿਹਾਰਿਕ ਨੀਤੀ-ਸ਼ਾਸ਼ਤਰ ਇੱਕ ਅਤਿ ਬਹੁਮੁਲੀ ਵਿਸ਼ਾ ਹੈ ਜਿਸ ਦੀ ਮਨੁੱਖ ਨੂੰ ਸ਼ਵਾਸਾਂ, ਖਾਣਾਂ, ਪਾਣੀ ਆਦਿ ਦੀ ਤਰ੍ਹਾਂ ਬਹੁਤ ਲੋੜ ਹੈ।

**1.7.6 ਇਹ ਵਿਗਿਆਨ ਅਤੇ ਤਕਨੀਕ ਦੇ ਭਿਆਨਕ ਪਹਿਲੂ ਨੂੰ ਉਜਾਗਰ ਕਰਦਾ ਹੈ :**

ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਵਿਗਿਆਨ ਤਕਨੀਕ ਅਤੇ ਫਿਰ ਇਨਫਰਮੇਸ਼ਨ ਤਕਨੀਕ ਨੇ ਮਨੁੱਖ ਨੂੰ ਕਈ ਫਾਇਦੇ ਪ੍ਰਦਾਨ ਕੀਤੇ ਹਨ। ਇਹ ਇੱਕ ਨਵੀਂ ਸੱਭਿਅਤਾ ਦੀ ਸਥਾਪਨਾ ਕਰ ਚੁੱਕੇ ਹਨ। ਇਨਾਂ ਨੇ ਮਨੁੱਖ ਨੂੰ ਕਈ ਪ੍ਰਕਾਰ ਦੇ ਆਰਾਮ, ਸੁਵਿਧਾਵਾਂ, ਨਵੇਂ ਉਪਕਰਣ ਅਤੇ ਗਿਆਨ ਦੇ ਨਵੇਂ ਖੇਤਰ ਪ੍ਰਦਾਨ ਕੀਤੇ ਹਨ। ਇੰਨਾਂ ਨੇ ਮਨੁੱਖ ਦਾ ਕਾਫੀ ਵਿਕਾਸ ਕੀਤਾ ਹੈ। ਪਰ ਨਾਲ ਹੀ ਇੰਨ੍ਹਾਂ ਦੇ ਨੁਕਸਾਨ ਦੇ ਪਹਿਲੂਆਂ ਨੇ ਮਨੁੱਖ ਦੇ ਜੀਵਨ, ਸਮਾਜ ਅਤੇ ਕੁਦਰਤ ਨੂੰ ਤਬਾਹੀ ਕਿਨਾਰੇ ਲੈ ਆਂਦਾ ਹੈ। ਕਈ ਪ੍ਰਕਾਰ ਦੇ ਵੱਖ-ਵੱਖ ਅਤੇ ਛੋਟੇ-ਛੋਟੇ ਆਰਾਮਾਂ ਦੇ ਬਦਲੇ ਮਨੁੱਖ ਦਾ ਜੀਵਨ ਖੁਦ ਖਤਰੇ ਵਿੱਚ ਪੈ ਗਿਆ ਹੈ। ਇੰਨ੍ਹਾਂ ਨੇ ਮਨੁੱਖ ਨੇ ਨੈਤਿਕਤਾ ਤੋਂ ਕਿਤੇ ਦੂਰ ਕਰ ਦਿੱਤਾ ਹੈ ਜਿਵੇਂ ਕਿ ਭਾਰਤ ਦੇ ਦੂਸਰੇ ਰਾਸ਼ਟਰਪਤੀ ਸ੍ਰੀ ਸਰਵਪਾਲੀ ਰਾਧਾਕ੍ਰਿਸ਼ਨਨ ਨੇ ਕਿਹਾ ਹੈ, ਵਿਗਿਆਨ ਨੇ ਸਾਨੂੰ ਆਕਾਸ਼ ਵਿੱਚ ਚਲਣਾ ਸਿਖਾ ਦਿੱਤਾ, ਪਾਣੀ ਤੇ ਚੱਲਣਾ ਸਿੱਖਾ ਦਿੱਤਾ ਪਰ ਧਰਤੀ ਤੇ ਚੱਲਣਾ ਨਹੀਂ ਸਿਖਾਇਆ (ਭਾਵ ਭੁਲਾ ਦਿੱਤਾ)। ਦੂਸਰੇ ਸ਼ਬਦਾਂ ਵਿੱਚ ਵਿਗਿਆਨ ਨੈਤਿਕਤਾ ਵਿਰੋਧੀ ਹੈ: ਵਿਹਾਰਿਕ ਨੀਤੀ-ਸ਼ਾਸ਼ਤਰ ਦੀ ਉਭੱਰਦੀ ਲੋੜ ਅਤੇ ਇਸ ਰਾਹੀਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੇ ਵਿਗਿਆਨ ਅਤੇ ਤਕਨੀਕ ਦੇ ਭਿਆਨਕ ਅਤੇ ਨੈਤਿਕਤਾ-ਵਿਰੋਧੀ ਪਹਿਲੂ ਨੂੰ ਸਾਹਮਣੇ ਲਿਆਂਦਾ ਹੈ ਅਤੇ ਮਨੁੱਖ ਨੂੰ ਵਾਪਿਸ ਨੈਤਿਕਤਾ ਭਰੇ ਜੀਵਨ ਦਾ ਰਾਹ ਵਿਖਾਇਆ ਹੈ।

**1.7.7 ਇਹ ਸਾਕਾਰਾਤਮਕ ਕੰਮਾਂ ਲਈ ਪ੍ਰੇਰਣਾ ਦਿੰਦਾ ਹੈ:**

ਵਿਹਾਰਿਕ ਨੀਤੀ-ਸ਼ਾਸ਼ਤਰ ਆਪਣੇ ਗੁਰੂ-ਵਿਸ਼ਾ ਨੀਤੀ-ਸ਼ਾਸ਼ਤਰ ਵਾਂਗ ਆਦਰਸ਼ਾਤਮਕ (normative) ਹੋਣ ਦੇ ਨਾਲ-ਨਾਲ ਸਾਕਾਰਾਤਮਕ ਦ੍ਰਿਸ਼ਟੀਕੋਣ ਵੀ ਰੱਖਦਾ ਹੈ। ਇਸ ਰਾਹੀਂ ਕੀਤਾ ਜਾਂਦਾ ਅਧਿਐਨ ਅਤੇ ਫਿਰ ਵਿਵਹਾਰਿਕ ਰੂਪ ਵਿੱਚ ਸੰਬੰਧਿਤ ਖੇਤਰ ਦੀਆਂ ਸਮੱਸਿਆਵਾਂ ਪ੍ਰਤੀ ਸੰਘਰਸ਼ ਹਮੇਸ਼ਾ ਸਾਕਾਰਾਤਮਕ ਹੁੰਦਾ ਹੈ ਭਾਵ ਇਹ ਕਿਸੇ ਖਾਸ ਵਿਵਹਾਰ ਨੂੰ ਸੰਵਾਰਣ ਅਤੇ ਕੁਝ ਵਧੀਆ ਬਣਾਉਣਾ ਚਾਹੁੰਦਾ ਹੈ। ਇਹ ਹਮੇਸ਼ਾ ਵਧੀਆ ਅਰਥਪੂਰਣ ਮਨੁੱਖੀ ਜੀਵਨ-

ਉਦੇਸ਼ਪੂਰਕ ਰਹਿੰਦਾ ਹੈ (It has always been pure and meaningful human life-oriented)। ਇਹ ਜੀਵਨ ਨੂੰ ਇੱਕ ਮੁੱਲ (value) ਮੰਨ ਕੇ ਚਲਦਾ ਹੈ ਅਤੇ ਹਮੇਸ਼ਾਂ ਇਸ ਨੂੰ ਹੋਰ ਵਧੀਆ, ਹੋਰ ਵਧੀਆ ਬਣਾਉਣਾ ਚਾਹੁੰਦਾ ਹੈ। ਇਸ ਦੀ ਇਹ ਪਵਿੱਤਰ ਕੋਸ਼ਿਸ਼ ਹਮੇਸ਼ਾ ਨਿਰੰਤਰ ਅਤੇ ਅਨੰਤ ਚਲਦੀ ਰਹਿੰਦੀ ਹੈ। ਇਸ ਸੰਬੰਧੀ ਇਹ ਕਿਸੇ ਵਿਵਹਾਰ ਜਾਂ ਵਿਗਿਆਨ ਦਾ ਨਾਕਾਰਾਤਮਕ ਵਿਰੋਧ ਨਹੀਂ ਕਰਦਾ। ਜੋ ਕੁਝ ਵੀ ਮਨੁੱਖ ਵਿਕਾਸ ਅਤੇ ਜੀਵਨ ਲਈ ਬਹੁਮੁੱਲਾ ਹੈ ਇਹ ਉਸ ਨੂੰ ਬਚਾਉਂਦਾ ਅਤੇ ਵਧਾਉਂਦਾ ਹੈ।

**1.7.8 ਇਹ ਫਰਜ਼ ਦੀ ਮਹੱਤਤਾ ਦੱਸਦਾ ਹੈ :-**

ਵਿਹਾਰਿਕ ਨੀਤੀ-ਸ਼ਾਸ਼ਤਰ ਦੀ ਇਹ ਇੱਕ ਬਹੁਤ ਵੱਡੀ ਦੇਣ ਹੈ ਕਿ ਇਹ ਮਨੁੱਖ ਨੂੰ ਫਰਜ਼ ਪ੍ਰਤੀ ਪ੍ਰੇਰਿਤ ਕਰਦਾ ਹੈ। ਇੱਕ ਨੀਤੀ-ਸ਼ਾਸ਼ਤਰੀ Jean Jacques Roussau ਦੇ ਅਨੁਸਾਰ ਹਰ ਮਨੁੱਖ ਸਮਾਜ ਵਿੱਚ ਇੱਕ ਸਮਝੌਤੇ ਦੇ ਅਧੀਨ ਰਹਿੰਦਾ ਹੈ। ਭਾਵ ਹਰ ਮਨੁੱਖ ਜਿੱਥੇ ਸਮਾਜ ਦਾ ਮੈਂਬਰ ਹੈ ਉੱਥੇ ਉਸਨੂੰ ਸਮਾਜ ਦਾ ਕੋਈ ਕੰਮ ਵੀ ਸੌਂਪਿਆ ਗਿਆ ਹੈ। ਜੇ ਉਹ ਸਮਾਜ ਨੂੰ ਸਹੀ ਚਲਦਾ ਹੋਇਆ ਪਾਉਣਾ ਚਾਹੁੰਦਾ ਹੈ ਤਾਂ ਉਸਨੂੰ ਚਾਹੀਦਾ ਹੈ ਕਿ ਉਹ ਖੁਦ ਵੀ ਆਪਣਾ ਫਰਜ਼ ਪੂਰੀ ਤਰ੍ਹਾਂ ਸਹੀ ਸਮੇਂ ਨਿਭਾਵੇ। ਸਮਾਜ ਦੇ ਸਹੀ ਚੱਲਣ ਅਤੇ ਵਿਕਸਤ ਹੋਣ ਦਾ ਅਰਥ ਹੈ ਇਸਦੇ ਸਾਰੇ ਮੈਂਬਰ ਫਰਜ਼ ਪੂਰੀ ਤਰ੍ਹਾਂ ਸਹੀ ਤਰੀਕੇ ਨਾਲ ਨਿਭਾ ਰਹੇ ਹਨ। Plato, Immanual Kant, Bradley ਅਤੇ ਗੀਤਾ ਵਿੱਚ ਸਵੈ-ਧਰਮ (Swadharma) ਦਾ ਵਿਚਾਰ ਫਰਜ਼ ਦੀ ਇਸੇ ਮਹੱਤਤਾ ਨੂੰ ਪ੍ਰਗਟਾਉਂਦੇ ਹਨ। ਵਿਹਾਰਿਕ ਨੀਤੀ-ਸ਼ਾਸ਼ਤਰ ਇਸ ਸਭ ਵਿੱਚ ਸਭ ਤੋਂ ਅੱਗੇ ਹੈ ਕਿਉਂਕਿ ਮੌਜੂਦਾ ਨੈਤਿਕ-ਸੰਕਟ ਨੂੰ ਜਿਸ ਨੈਤਿਕ ਢੰਗਾਂ ਰਾਹੀਂ ਹੱਲ ਕੀਤਾ ਜਾਣਾ ਹੈ ਉਸ ਵਿੱਚ ਹਰ ਮਨੁੱਖ ਦਾ ਨੈਤਿਕ ਬਣਨਾ ਅਤੇ ਖਾਸ ਕਰਕੇ ਨੈਤਿਕ ਬਣ ਕੇ ਆਪਣੇ ਮਿਲੇ ਸਭ ਫਰਜ਼ਾਂ ਨੂੰ ਬਾਖੂਬੀ ਪੂਰਾ ਕਰਨਾ ਸਭ ਤੋਂ ਪਹਿਲਾਂ ਜ਼ਰੂਰੀ ਹੈ। ਇਸ ਤਰ੍ਹਾਂ ਇਹ ਮਨੁੱਖ ਨੂੰ ਫਰਜ਼ ਦੀ ਮਹੱਤਤਾ ਅਤੇ ਉਸ ਦੀ ਆਦਤ ਪਾਉਂਦਾ ਹੈ।

**1.7.9 ਇਹ ਮਜ਼ਬੂਤ ਅਤੇ ਮਨੁੱਖੀ ਸਮਾਜ ਲਈ ਇੱਕੋ-ਇੱਕ ਯੋਗ ਰਾਹ ਹੈ :**

ਨੀਤੀ-ਸ਼ਾਸ਼ਤਰ ਖਾਸ ਕਰਕੇ ਵਿਹਾਰਿਕ ਨੀਤੀ-ਸ਼ਾਸ਼ਤਰ ਜਿਵੇਂ ਕਿ ਅਸੀਂ ਪੜ੍ਹ ਚੁੱਕੇ ਹਾਂ ਕਿ ਇਹ ਸਾਕਾਰਾਤਮਕ ਅਤੇ ਆਦਰਸ਼ਾਤਮਕ ਹੈ ਇਹ ਇੱਕ ਮਜ਼ਬੂਤ ਅਤੇ ਮਾਨਵੀ ਸਮਾਜ ਦੀ ਆਧਾਰ-ਸ਼ਿਲਾ ਬਣਾਉਂਦਾ ਹੈ। ਇਸ ਦਾ ਉਦੇਸ਼, ਅਧਿਐਨ, ਵਿਚਾਰਧਾਰਾਵਾਂ, ਇਸ ਦੀਆਂ ਵਿਹਾਰਿਕ ਕੋਸ਼ਿਸ਼ਾਂ ਅਤੇ ਮੌਜੂਦਾ ਸਮੇਂ ਦੀਆਂ ਨੈਤਿਕ ਸਮੱਸਿਆਵਾਂ ਨਾਲ ਸੰਘਰਸ਼ ਸਭ ਮਨੁੱਖ ਕਲਿਆਣ ਲਈ ਹੈ। ਇਹ ਮਨੁੱਖ ਦੇ ਕਲਿਆਣ ਸੰਬੰਧੀ ਇੱਕ ਮਜ਼ਬੂਤ ਅਤੇ ਮਨੁੱਖੀ ਜੀਵਨ ਦੇ ਯੋਗ ਸਮਾਜ ਨੂੰ ਆਪਣਾ ਉਦੇਸ਼ ਮੰਨਦਾ ਹੈ। ਜੇ ਇਹ ਕਹਿ ਦਿੱਤਾ ਜਾਵੇ ਕਿ ਮੌਜੂਦਾ ਸਮੇਂ ਦਾ ਸਮਾਜ ਜਿੰਨਾਂ ਵੀ ਸ਼ਲਾਘਾਯੋਗ ਹੈ ਉਹ ਨੈਤਿਕਤਾ ਦੇ ਆਸਰੇ ਹੀ ਹੈ ਤਾਂ ਕੋਈ ਦੋ-ਰਾਇ ਵਾਲੀ ਕਥਨੀ ਨਹੀਂ ਹੋਵੇਗੀ। ਇਸੇ ਤਰ੍ਹਾਂ ਇਹ ਵੀ ਬਿਨਾਂ ਦੋ-ਰਾਇ ਪ੍ਰਵਾਨ ਕਰ ਲਿਆ ਜਾਵੇਗਾ ਕਿ ਭਵਿੱਖ ਦੇ ਸਮਾਜ ਦੀ ਮਜ਼ਬੂਤੀ ਅਤੇ ਮਹੱਤਤਾ ਨੈਤਿਕਤਾ ਦੀ ਮਾਤਰਾ ਅਤੇ ਗੁਣ ਤੇ ਨਿਰਭਰ ਹੋਵੇਗੀ। ਇਸ ਤਰ੍ਹਾਂ ਨੀਤੀ-ਸ਼ਾਸ਼ਤਰ ਜਾਂ ਨੈਤਿਕਤਾ ਪੂਰੀ ਤਰ੍ਹਾਂ ਮਾਨਵਵਾਦੀ ਹੈ।

**1.7.10 ਵਿਹਾਰਿਕ ਨੀਤੀ-ਸ਼ਾਸ਼ਤਰ ਹੀ ਅਸਲੀ ਸਿੱਖਿਆ ਹੈ:**

ਸਿੱਖਿਆ ਮਨੁੱਖੀ ਜੀਵਨ ਦਾ ਅਹਿਮ ਅੰਗ ਹੈ। ਉਂਝ ਮਨੁੱਖ ਸਾਰਾ ਜੀਵਨ ਸਿੱਖਦਾ ਹੀ ਰਹਿੰਦਾ ਹੈ ਪਰ ਇਸ ਦੀ ਖਾਸ ਉਮਰ 3 ਤੋਂ 30 ਸਾਲ ਤੱਕ ਦੀ ਹੈ। ਇਸ ਸੰਬੰਧੀ ਸਮਾਜ ਵਿੱਚ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਦਾ ਪ੍ਰਬੰਧ ਹੈ। ਸਹੀ ਅਰਥਾਂ ਵਿੱਚ ਸਿੱਖਿਆ ਜਿੱਥੇ ਕਿਸੇ ਖਾਸ ਖੇਤਰ ਜਾਂ ਵਿਸ਼ੇ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ ਮਨੁੱਖ ਨੂੰ ਕਮਾਈ ਜਾਂ ਨੌਕਰੀ ਦੇ ਯੋਗ ਬਣਾਉਂਦੀ ਹੈ ਉੱਥੇ ਹੀ ਇਸ ਦਾ ਡੂੰਘਾ ਅਤੇ ਮਹੱਤਵਪੂਰਣ ਉਦੇਸ਼ ਵਿਦਿਆਰਥੀ ਦਾ ਚੌਂਹ-ਪੱਖੀ ਵਿਕਾਸ ਹੈ। ਉਸ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਅਹਿਮ ਉਦੇਸ਼ ਹੈ। ਪਰ ਨਾਲ ਵਿਦਿਆਰਥੀ ਨੂੰ ਇਹ ਸਹੀ, ਨੈਤਿਕ ਅਤੇ ਸਮਾਜ ਵਿੱਚ ਰਹਿਣ ਦੇ ਯੋਗ ਇਨਸਾਨ ਬਣਾਉਣਾ ਇੰਨਾਂ ਸੱਭ ਉਦੇਸ਼ਾਂ ਵਿੱਚੋਂ ਇੱਕ ਹਲ ਪਰ ਜੋ ਸਿੱਖਿਆ ਮਨੁੱਖ ਨੂੰ ਮਨੁੱਖ ਨਹੀਂ ਬਣਾਉਂਦੀ ਉਸ ਨੂੰ ਨੈਤਿਕਤਾ ਦੀ ਮਹੱਤਤਾ ਨਹੀਂ ਦੱਸਦੀ ਅਤੇ ਨੈਤਿਕਤਾ ਨਹੀਂ ਸਿਖਾਉਂਦੀ ਉਸ ਨੂੰ ਸਿੱਖਿਆ ਨਹੀਂ ਕਿਹਾ ਜਾਣਾ ਚਾਹੀਦਾ। ਨੀਤੀ-ਸ਼ਾਸ਼ਤਰ ਖਾਸ ਕਰਕੇ ਇਸ ਦਾ ਵਿਹਾਰਿਕ ਰੂਪ ਸਭ ਵਿੱਚ ਸਭ ਤੋਂ ਅੱਗੇ ਹੈ। ਇਸ ਲਈ ਇਹ

ਹੀ ਅਸਲੀ ਸਿੱਖਿਆ ਹੈ। ਇਸ ਲਈ ਆਮ ਤੌਰ ਤੇ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਸਮਾਜ, ਲੋਕ, ਰਾਜ ਜਾਂ ਸਰਕਾਰ ਨੂੰ ਚਾਹੀਦਾ ਹੈ ਕਿ ਨੀਤੀ-ਸ਼ਾਸ਼ਤਰ ਨੂੰ ਮੁੱਢਲੀ ਸਿੱਖਿਆ ਤੋਂ ਹੀ ਇੱਕ ਜ਼ਰੂਰੀ ਵਿਸ਼ੇ ਦੇ ਤੌਰ ਤੇ ਪੜਾਇਆ ਜਾਵੇ। ਇਹ ਅਸਲੀ ਵਿਦਿਆ ਹੈ।

**ਆਪਣੇ ਗਿਆਨ ਦੀ ਪਰਖ ਕਰੋ :**

1. ਵਾਤਾਵਰਣ ਨੀਤੀ ਸ਼ਾਸਤਰ ਕੀ ਹੈ? ਚਰਚਾ ਕਰੋ।

   ______________________________________________
   ______________________________________________
   ______________________________________________

2. ਵਿਹਾਰਕ ਨੀਤੀ ਸ਼ਾਸਤਰ ਮਨੁੱਖ ਦੇ ਕਿਵੇਂ ਨੇੜੇ ਹੈ।

   ______________________________________________
   ______________________________________________
   ______________________________________________

3. ਚਿਕਿਤਸਕ ਨੀਤੀ ਸ਼ਾਸਤਰ ਦਾ ਅਰਥ ਦੱਸੋ।

   ______________________________________________
   ______________________________________________
   ______________________________________________

## 1.8 ਸਿੱਟਾ :

ਵਿਹਾਰਿਕ ਨੀਤੀ-ਸ਼ਾਸ਼ਤਰ ਸੰਬੰਧੀ ਉਪਰੋਕਤ ਇਸ ਦਾ ਅਰਥ, ਖੇਤਰ, ਵਿਸ਼ੇਸ਼ਤਾਵਾਂ ਅਤੇ ਅੰਤ ਵਿੱਚ ਲਾਭ ਪੜ੍ਹਨ ਤੋਂ ਬਾਅਦ ਅਸੀਂ ਸਹਿਜੇ ਹੀ ਇਹ ਅਨੁਮਾਨ ਲਗਾ ਸਕਦੇ ਹਾਂ ਕਿ ਵਾਕਇ ਹੀ ਇਹ ਮਨੁੱਖੀ ਜੀਵਨ ਲਈ ਇਕ ਮਸੀਹਾ ਸਮਾਨ ਹੈ। ਇਸ ਦਾ ਸਰੂਪ, ਇਸ ਦੀ ਦਰਸ਼ਨ-ਸ਼ਾਸ਼ਤਰ ਨਾਲ ਪਿਛੋਕੜ ਉਦੇਸ਼ ਅਤੇ ਮੌਜੂਦਾ ਸਮੇਂ ਇਸ ਦੀ ਲੋੜ ਅਤੇ ਮਹੱਤਤਾ ਇਸ ਨੂੰ ਇੱਕ ਵਿਲੱਖਣ ਵਿਸ਼ਾ ਬਣਾਉਂਦੇ ਹਨ। ਇਹ ਨਾ ਕੇਵਲ ਸਿੱਖਿਆ ਦੇ ਖੇਤਰ ਵਿਚ ਬਲਕਿ ਇੱਕ ਲੋਕ-ਲਹਿਰ ਬਣਨ ਵਾਲਾ ਵਿਸ਼ਾ ਹੈ। ਭਵਿੱਖ ਵਿਚ ਇਸ ਦੀ ਅਥਾਹ ਲੋੜ ਹੈ। ਵੱਧ ਰਹੀ ਜਨ-ਸੰਖਿਆ ਮਨੁੱਖ ਦਾ ਡਿੱਗ ਰਿਹਾ ਨੈਤਿਕ ਚਰਿੱਤਰ, ਮਰ ਰਹੀ ਮਾਨਵਤਾ ਆਦਿ ਸਭ ਨੈਤਿਕਤਾ ਦੀ ਘਾਟ ਮਹਿਸੂਸ ਕਰਵਾ ਰਹੇ ਹਨ। ਇਸ ਲਈ ਲੋੜ ਹੈ ਸਮੇਂ ਅਨੁਸਾਰ ਇਸ ਦੀ ਮਹੱਤਤਾ ਨੂੰ ਪਹਿਚਾਨਣ ਸੇਵੀ ਸੰਸਥਾਵਾਂ, ਅੰਤਰ-ਰਾਸ਼ਟਰੀ ਬਿਰਾਦਰੀ, ਸਿੱਖਿਆ ਮਹਿਕਮਾ ਅਤੇ ਆਮ ਲੋਕਾਂ ਨੂੰ ਇਸ ਤੋਂ ਵੱਧੋ-ਵੱਧ ਧਿਆਨ ਦੇਣਾ ਚਾਹੀਦਾ ਹੈ। ਇਹ ਮਨੁੱਖੀ ਜੀਵਨ ਲਈ ਇੱਕ-ਇੱਕ ਚਾਨਣ ਮੁਨਾਰਾ ਰਹਿ ਗਿਆ ਹੈ। ਇਸ ਬਿਨਾਂ ਮਨੁੱਖ ਦਾ ਵਰਤਮਾਨ ਅਤੇ ਭਵਿੱਖ ਅਸੰਭਵ ਹੈ।

## 1.9 ਮਹੱਤਵਪੂਰਨ ਸ਼ਬਦ :

**ਵਪਾਰ ਨੀਤੀ ਸ਼ਾਸਤਰ (Business Ethics)**

ਡਾਕਟਰੀ ਪੇਸ਼ੇ ਦੀ ਤਰ੍ਹਾਂ ਵਪਾਰ ਵੀ ਅੱਜ ਸਮਾਜ ਦਾ ਪ੍ਰਮੁੱਖ ਭਾਗ ਹੈ। ਹਜ਼ਾਰਾਂ ਵਸਤਾਂ ਅਤੇ ਧਨ ਦਾ ਰੋਜ਼ਾਨਾ ਅਥਾਹ ਲੈਣ ਦੇਣ ਸਮਾਜ ਨੂੰ ਅੱਗੇ ਤੋਰਦਾ ਹੈ। ਮਜੂਦਾ ਸਮੇਂ ਵਿਚ ਇਸ ਖੇਤਰ ਵਿਚ ਖਾਸ ਕਰਕੇ ਨੈਤਿਕਤਾ ਦੀ ਘਾਟ ਪਾਈ ਗਈ ਹੈ। ਵਪਾਰ ਨੂੰ ਉੱਚਾ ਚੁੱਕਣ ਜਾਂ ਲਾਭ ਕਮਾਉਣ ਲਈ ਵਪਾਰੀ, ਦਲਾਲ ਜਾਂ ਫੈਕਟਰੀਆਂ ਦੇ ਮਾਲਕ ਹਰ ਗਿਰਾਵਟ ਤੱਕ ਚਲੇ ਜਾਂਦੇ ਹਨ। ਹਾਲਾਂਕਿ ਵਪਾਰ ਸੰਬੰਧੀ ਬਹੁਤ ਕਾਨੂੰਨ ਵੀ ਬਣੇ ਹਨ। ਪਰ ਉਹਨਾਂ ਦੀ ਆੜ ਵਿਚ ਨੈਤਿਕਤਾ ਨੂੰ ਖੂਬ ਕੁਚਲਿਆ ਜਾਂਦਾ ਹੈ। ਜਿਹੜੀਆਂ ਨੈਤਿਕ ਸਮੱਸਿਆਵਾਂ ਵਪਾਰ ਵਿਚ ਆਉਂਦੀਆਂ ਹਨ। ਉਹ ਹਨ ਕਰਮਚਾਰੀ-ਮਾਲਕ-ਸੰਬੰਧ, ਗਾਹਕਾਂ ਦੀ ਕੀਮਤ ਦੇ ਨਾ ਤੇ ਲੁਟ-ਖਸੁਟ, ਮਸ਼ਹੂਰੀਆਂ ਰਾਹੀਂ ਗਾਹਕਾਂ ਦਾ ਸ਼ੋਸ਼ਣ, ਏਕਾਧਿਕਾਰ ਦੌਰਾਨ ਮਨਚਾਹਾ ਸ਼ੋਸ਼ਣ ਅਤੇ ਨਕਲੀ ਸਮਾਨ ਰਾਹੀਂ ਲੁਟ ਖਸੁੱਟ ਆਦਿ।

**ਵਾਤਾਵਰਣ ਨੀਤੀ ਸ਼ਾਸਤਰ**

ਇਹ ਵਿਵਹਾਰਿਕ ਨੀਤੀ ਸ਼ਾਸਤਰ ਦਾ ਪ੍ਰਭਾਵਿਕ, ਠੋਸ ਅਤੇ ਸਭ ਤੋਂ ਅਧਿਕ ਮਹੱਤਵਪੂਰਨ ਖੇਤਰ ਹੈ ਕਿਉਂਕਿ

ਇਸ ਸਮੇਂ ਵਾਤਾਵਰਣ ਦੀ ਹੋ ਰਹੀ ਦੁਰਦਸ਼ਾ ਨਾਲ ਮਨੁੱਖ ਅਤੇ ਦੂਸਰੇ ਜੀਵਾਂ ਜਾਤੀਆਂ ਦਾ ਅਸਤਿੱਤਵ ਤੱਕ ਖ਼ਤਮ ਹੋ ਸਕਦਾ ਹੈ। ਇਕ ਤੰਦਰੁਸਤ ਵਾਤਾਵਰਣ ਮਨੁੱਖ ਦੇ ਜੀਵਨ ਦੇ ਲਈ ਬਹੁਤ ਜ਼ਰੂਰੀ ਹੈ ਪਰ ਜ਼ਿਆਦਾ ਜਨਸੰਖਿਆ, ਮਨੁੱਖ ਦਾ ਬਹੁਤ ਆਰਾਮ ਪਸੰਦ ਹੋਣਾ; ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਮਨੁੱਖ ਵਾਤਾਵਰਣ ਦੇ ਨਾਲ ਛੇੜਛਾੜ ਵਾਤਾਵਰਣ ਦੇ ਪਤਨ ਦੇ ਕਿਨਾਰੇ ਲੈ ਆਈ ਹੈ। ਇਸ ਦਾ ਇੱਕ ਹੀ ਹੱਲ ਹੈ, ਮਨੁੱਖ ਨੂੰ ਇਸ ਦੇ ਪ੍ਰਤੀ ਜਾਗੂਰਕ ਕਰਨਾ ਅਤੇ ਉਹਨਾਂ ਦੇ ਅੰਦਰ ਨੇਤਿਕ ਭਾਵਨਾ ਨੂੰ ਜਾਗਨਾ। ਕੇਵਲ ਇਸੀ ਨੈਤਿਕ ਸਿੰਖਿਆ ਹੀ ਵਾਤਾਵਰਣ ਨੂੰ ਬਚਾ ਸਕਦੀ ਹੈ। ਵਾਤਾਵਰਣ ਨਾਲ ਇਸ ਤਰ੍ਹਾਂ ਦੀ ਛੇੜ-ਛਾੜ ਦੇ ਕਾਰਨ ਹੇਠ ਲਿਖੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ –

(1) ਪਾਣੀ ਪ੍ਰਦੂਸ਼ਣ
(2) ਭੂਮੀ ਪ੍ਰਦੂਸ਼ਣ
(3) ਧੁਨੀ ਪ੍ਰਦੂਸ਼ਣ
(4) ਹਵਾ ਪ੍ਰਦੂਸ਼ਣ
    (a) ਪਟਾਕਿਆਂ ਨਾਲ ਦੀਵਾਲੀ, ਦੁਸਹਿਰਾ, ਗੁਰਪੂਰਵ, ਵਿਆਹ ਆਦਿ ਮੌਕੇ ਤੇ
    (b) ਪਰਾਲੀ ਨਾਲ
    (c) ਗੋਹੇ ਤੇ ਕੋਲੇ ਵਾਲੇ ਚੂਲੇ ਨਾਲ
    (d) ਕੋਲੇ ਵਾਲੇ ਇੰਜਨ ਨਾਲ
    (e) ਥਰਮਲ ਪਲਾਟਾਂ ਨਾਲ
(5) ਵਧ ਰਿਹਾ ਤਾਪਮਾਨ
(6) ਓਜ਼ੋਨ ਪਰਤ ਦਾ ਨਸ਼ਟ ਹੋਣਾ
(7) ਅਟਾਂਰਟਿਕਾ ਦੀ ਬਰਫ਼ ਦਾ ਪਿਘਲਣਾ।

ਇਸ ਵਾਤਾਵਰਣ ਨਾਲ ਸੰਬੰਧਿਤ ਪੈਦਾ ਸਮੱਸਿਆ ਨੂੰ ਕੋਈ ਇੱਕ ਦੇਸ਼ ਜਾਂ ਸਾਰੇ ਦੇਸ਼ਾਂ ਦੀ ਸਰਕਾਰਾਂ ਜਾਂ ਵਿਗਿਆਨਿਕ ਹੱਲ ਨਹੀਂ ਕਰ ਸਕਦੇ। ਇਹ ਆਮ ਮਨੁੱਖਾਂ ਦੁਆਰਾ ਪੈਦਾ ਕੀਤੀ ਸਮੱਸਿਆ ਹੈ ਅਤੇ ਇਹਨਾਂ ਨੂੰ ਆਮ ਮਨੁੱਖ ਹੀ ਹੌਲੀ ਹੌਲੀ ਜਾਂ ਇਸ ਦੇ ਬੁਰੇ ਪ੍ਰਭਾਵਾਂ ਨੂੰ ਘੱਟ ਕਰ ਸਕਦਾ ਹੈ। ਇਸ ਲਈ ਆਮ ਮਨੁੱਖ ਨੂੰ ਇਸ ਦੀ ਜਾਣਕਾਰੀ ਅਤੇ ਇਸ ਦੇ ਅੰਦਰ ਨੈਤਿਕ ਪ੍ਰਭਾਵਾਂ ਨੂੰ ਜਾਗਰਿਤ ਕਰਨਾ ਬਹੁਤ ਜ਼ਰੂਰੀ ਹੈ। ਇਹ ਵਿਵਾਹਿਕ ਨੀਤੀ ਸ਼ਾਸਤਰ ਦਾ ਯੋਗਦਾਨ ਪ੍ਰਮੁੱਖ ਰਹਿੰਦਾ ਹੈ।

**ਚਿਕਿਤਸਕ ਨੀਤੀ-ਸ਼ਾਸਤਰ**

ਚਿਕਿਸਕ ਜਾਂ ਡਾਕਟਰੀ ਵਿਵਸੱਥਾ ਵੀ ਨੈਤਿਕ ਸਮੱਸਿਆ ਦਾ ਕੇਂਦਰ ਬਣਦਾ ਜਾ ਰਿਹਾ ਹੈ। ਚਾਹੇ ਡਾਕਟਰ ਜਾਂ ਇਸ ਖੇਤਰ ਨਾਲ ਸੰਬੰਧਿਤ ਹੋਰ ਸਾਰੇ ਲੋਕਾਂ ਨੂੰ ਦੇਵਤਾ ਸਮਾਨ ਮੰਨਿਆ ਜਾਂਦਾ ਹੈ। ਪਰ ਇਸ ਵਿੱਚ ਬਹੁਤ ਅਨੈਤਿਕ ਗਤੀਵਿਧੀਆਂ ਹੁੰਦੀਆਂ ਹਨ। ਇਹ ਕੇਵਲ ਅਨੈਤਿਕ ਹੀ ਨਹੀਂ, ਇਸ ਵਿੱਚ ਵੀ ਜ਼ਿਆਦਾ ਤੋਂ ਜ਼ਿਆਦਾ ਨੈਤਿਕਤਾ ਦੀ ਲੋੜ ਹੈ। ਇਸ ਵਿੱਚ ਨੈਤਿਕਤਾ ਦੇ ਨਾਲ ਸੰਬੰਧਿਤ ਕੁੱਝ ਹੈਰਾਨ ਕਰਨ ਵਾਲੇ ਵਿਸ਼ੇ ਹਨ –

1. ਡਾਕਟਰਾਂ ਅਤੇ ਮਰੀਜ਼ਾਂ ਦਾ ਸੰਬੰਧ
    (a) ਮਰੀਜ਼ਾਂ ਦਾ ਬਿਨਾਂ ਕਿਸੇ ਕਾਰਨ ਦੇ ਸ਼ੋਸ਼ਣ ਕਰਨਾ।
    (b) ਮਰੀਜ਼ਾਂ ਦੇ ਇਲਾਜ ਦੇ ਸੰਬੰਧ ਵਿਚ ਕੋਤਾਹੀ।
    (c) ਤੰਦਰੁਸਤ ਸੁਰੱਖਿਆ।
    (d) ਮਰੀਜ਼ਾਂ ਉੱਤੇ ਡਾਕਟਰੀ ਪ੍ਰਯੋਗ ਕਰਨਾ।
    (e) ਮਰੀਜ਼ਾਂ ਨੂੰ ਮਨੁੱਖ ਨਾਲ ਸਮਝ ਕੇ ਕੋਈ ਵਸਤੂ ਸਮਝਣਾ।
2. ਡਾਕਟਰਾਂ ਅਤੇ ਦਵਾਈ ਵਪਾਰੀ ਦਾ ਸਬੰਧ।
3. ਮਰ ਰਹੇ ਮਰੀਜ਼ਾਂ ਸੰਬੰਧੀ ਡਾਕਟਰਾਂ ਦਾ ਦ੍ਰਿਸ਼ਟੀਕੋਣ।

4. ਡਾਕਟਰਾਂ-ਨਰਸ ਸੰਬੰਧੀ।
5. ਕਿਸੀ ਮਰੀਜ਼ ਨੂੰ ਮਰਨ ਦੀ ਆਗਿਆ ਦੇਣਾ।
6. ਡਾਕਟਰਾਂ ਦੁਆਰਾ ਮਰੀਜ਼ਾਂ ਨੂੰ ਸੱਚ ਦੱਸਣਾ।
7. ਦਯਾ ਪੂਰਨ ਮੌਤ।
8. ਪ੍ਰਯੋਗ ਕੀਤੇ ਗਏ ਡਾਕਟਰੀ ਸਮਾਨ ਦਾ ਦੁਬਾਰਾ ਪ੍ਰਯੋਗ ਕਰਨਾ।

## 1.10 ਪਾਠ ਸੰਬੰਧਿਤ ਪ੍ਰਸ਼ਨ (Textual Questions)

1. ਵਾਤਾਵਰਣ ਨੀਤੀ-ਸ਼ਾਸ਼ਤਰ ਕੀ ਹੈ ?
2. ਚਿਕਤਿਸਕ ਨੀਤੀ-ਸ਼ਾਸ਼ਤਰ ਦਾ ਅਰਥ ਦੱਸੋ।
3. ਖੇਤੀਬਾੜੀ ਨੀਤੀ-ਸ਼ਾਸ਼ਤਰ ਦਾ ਅਰਥ ਸਮਝਾਓ।
4. ਵਿਵਹਾਰਿਕ ਨੀਤੀ-ਸ਼ਾਸ਼ਤਰ ਮਨੁੱਖ ਦੇ ਨੇੜੇ ਕਿਵੇਂ ਹੈ?
5. ਵਿਵਹਾਰਿਕ ਨੀਤੀ-ਸ਼ਾਸ਼ਤਰ ਕਿਵੇਂ ਲਾਹੇਵੰਦ ਹੈ?

## 1.11 ਵਧੇਰੇ ਸਮੱਗਰੀ ਲਈ ਕਿਤਾਬਾਂ ਦੀ ਸੂਚੀ :


1. Almond Brenda : Introduction to Applied Ethics (ed.), Blackwell Publishers, Oxford, 1987.
2. Chahal Dr. Surjit Kaur : Environment and The Moral Life, Towards a new Paradigm, Ashish Publishing House, New Delhi 1994.
3. Chandana, R.C. Environmental Awareness, Kalyani Publishers, Ludhiana, 1996.
4. David Boneval (ed.) Today's Moral Issues: Classic and Contemporary Perspetive, Mayfield Publishing Co. London.
5. Savinder Singh: Environment Geogrpahy, Prayag Pustak Bhawan, Allahabad.
6. Titus, Harlod H: Ethics for Today, Eurasia Publishing House New Delhi.

ਪਾਠ ਨੰ: **1.2** ਲੇਖਕ : ਡਾ. ਜੀ.ਐਸ. ਸੰਧੂ

## ਨੈਤਿਕ ਕਰਮ ਸੰਬੰਧੀ ਫਰਜ਼

## ਵਿਗਿਆਨਕ ਦ੍ਰਿਸ਼ਟੀਕੋਣ ਅਤੇ ਉਦੇਸ਼ਾਤਮਕ ਦ੍ਰਿਸ਼ਟੀਕੋਣ

ਬਣਤਰ

2.1 ਜਾਣ ਪਛਾਣ
2.2 ਨੀਤੀ ਸ਼ਾਸਤਰ ਦੇ ਪ੍ਰਤੱਖ ਸ੍ਰੋਤ
2.2.1 ਉਦੇਸ਼ਵਾਦੀ ਸਿਧਾਂਤ
2.2.2 ਪਰਿਣਾਮ ਨਿਰਪੇਖਵਾਦੀ ਸਿਧਾਂਤ
2.2.2.1 ਨਿਰਪੇਖ ਆਦੇਸ਼ ਦੇ ਤਿੰਨ ਕਥਨ
2.2.2.1.1 ਉਸ ਨਿਯਮ ਤੇ ਕੰਮ ਕਰੋ ਜੋ ਤੁਹਾਡੇ ਇਲਾਵਾ ਸਭ ਦਾ ਨਿਯਮ ਬਣ ਸਕੇ
2.2.2.1.2 ਮਨੁੱਖ ਨੂੰ ਉਦੇਸ਼ ਮੰਨੋ ਕਦੇ ਵੀ ਸਾਧਨ ਨਾ ਮੰਨੋ
2.2.2.1.3 ਹਰ ਵਿਅਕਤੀ ਨੂੰ ਆਪਣੇ ਆਪ ਵਿੱਚ ਉਦੇਸ਼ਾਂ ਦਾ ਸਾਮਰਾਜ ਮੰਨੋ
2.2.3 ਪ੍ਰਾਕਿਰਤਿਕ ਕਾਨੂੰਨ ਸਿਧਾਂਤ
2.2.4 ਸਦਗੁਣ ਦਾ ਸਿਧਾਂਤ
2.3 ਮਹੱਤਵਪੂਰਨ ਸ਼ਬਦ
2.4 ਮਹੱਤਵਪੂਰਨ ਪ੍ਰਸ਼ਨ
2.5 ਹਵਾਲੇ ਅਤੇ ਤਜਵੀਜ਼ਤ ਪੁਸਤਕਾਂ

### 2.1 ਉਦੇਸ਼

ਨੀਤੀ ਸ਼ਾਸਤਰ ਦੇ ਸਿਧਾਂਤ ਵਿਗਿਆਨਕ ਅਤੇ ਉਦੇਸ਼ਾਤਮਕ ਹਨ। ਇਹਨਾਂ ਸਿਧਾਂਤਾਂ ਨੂੰ ਜੈਵਿਕ ਨੀਤੀ ਸ਼ਾਸਤਰੀਆਂ ਨੇ ਆਪਣੇ ਆਪਣੇ ਖੇਤਰ ਵਿੱਚ ਕਿਵੇਂ ਇਸਤੇਮਾਲ ਕੀਤਾ ਹੈ। ਇਸ ਤੋਂ ਇਲਾਵਾ ਪ੍ਰਾਕ੍ਰਿਤਕ ਕਾਨੂੰਨ ਸਿਧਾਂਤ ਅਤੇ ਸਦਗੁਣ ਦੇ ਸਿਧਾਂਤ ਨੇ ਵੀ ਜੈਵਿਕ ਨੀਤੀ ਸ਼ਾਸਤਰ ਵਿਚ ਆਪਣਾ ਯੋਗਦਾਨ ਪਾਇਆ ਹੈ।

ਜੈਵਿਕ-ਨੀਤੀ ਸ਼ਾਸ਼ਤਰ (Bioethics) ਦੇ ਸਬੰਧ ਵਿਚ ਸਭ ਤੋਂ ਮਹੱਤਵਪੂਰਨ ਪ੍ਰਸ਼ਨ ਇਹ ਹੈ ਕਿ ਜੀਵ ਨੈਤਿਕ ਮਾਮਲਿਆਂ ਦੀ ਸ਼ੁਧਤਾ ਜਾਂ ਅਸ਼ੁਧਤਾ ਨੂੰ ਨਿਰਧਾਰਤ ਕਰਨ ਦਾ ਸ੍ਰੋਤ ਕੀ ਹੈ? ਇਸ ਦੇ ਉੱਤਰ ਵਿਚ ਅਸੀਂ ਆਖਦੇ ਹਾਂ ਕਿ ਸਭ ਤੋਂ ਵਿਸ਼ਾਲ ਸ੍ਰੋਤ ਨੀਤੀ ਸ਼ਾਸ਼ਤਰ ਦਾ ਉਹ ਸਿਧਾਂਤ ਹੈ ਜਿਸ ਦਾ ਪ੍ਰਯੋਗ ਅਸੀਂ ਮਨੁੱਖੀ ਵਿਵਹਾਰ ਨੂੰ ਮਾਪਣ ਲਈ ਕਰਦੇ ਹਾਂ। ਇਹਨਾਂ ਸ੍ਰੋਤਾਂ ਵਿਚੋਂ ਇਕ ਸ੍ਰੋਤ ਈਸ਼ਵਰੀ ਕਾਨੂੰਨ (Divine Law) ਹੈ। ਜੀਵ-ਨੀਤੀ ਸ਼ਾਸ਼ਤਰ ਦੀਆਂ ਪੱਛਮੀ ਧਾਰਮਿਕ ਰਵਾਇਤਾਂ ਵਿਚ ਤਾਂ ਪਰਮਾਤਮਾ ਦੇ ਕਾਨੂੰਨ ਦੀ ਵਿਆਖਿਆ ਮਾਨਵੀ ਨੈਤਿਕ ਸਿਧਾਂਤਾਂ ਦੇ ਅਰਥਾਂ ਵਿਚ ਕੀਤੀ ਗਈ ਹੈ।

### 2.2 ਨੀਤੀ ਸ਼ਾਸਤਰ ਦੇ ਪ੍ਰਤੱਖ ਸ੍ਰੋਤ

ਨੀਤੀ ਸ਼ਾਸ਼ਤਰ ਦਾ ਸਿਧਾਂਤ ਕੇਵਲ ਇਕ ਹੀ ਧਾਰਮਿਕ ਰਵਾਇਤ (ਲਹਿਰ) ਦੇ ਅਨੁਯਾਈਆਂ ਦੁਆਰਾ ਹੀ ਸਵੀਕਾਰ ਹੋਣ ਯੋਗ ਨਹੀਂ ਹੋਣਾ ਚਾਹੀਦਾ ਹੈ, ਸਗੋਂ ਬਹੁਤ ਸਾਰੇ ਸਮੂਹਾਂ ਦੁਆਰਾ ਜ਼ਰੂਰੀ ਹੀ ਸਵੀਕਾਰਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਨੀਤੀ ਸ਼ਾਸ਼ਤਰ ਵਿਚ ਤਿੰਨ ਹੋਰ ਪ੍ਰਮੁੱਖ ਸ੍ਰੋਤ ਹਨ ਜਿਹਨਾਂ ਦੁਆਰਾ ਜੀਵ-ਨੈਤਿਕ ਮਸਲਿਆਂ ਨੂੰ ਨਿਰਧਾਰਤ ਕੀਤਾ ਜਾਂਦਾ ਹੈ। ਜਿਵੇਂ ਉਦੇਸ਼ਵਾਦੀ (teleolgical) ਸਿਧਾਂਤ, ਪਰਿਣਾਮ-ਨਿਰਪੇਖ (deontological) ਸਿਧਾਂਤ ਅਤੇ ਕੁਦਰਤੀ ਕਾਨੂੰਨ ਸਿਧਾਂਤ ਅਤੇ ਸਦਗੁਣ ਦਾ ਸਿਧਾਂਤ।

**2.2.1 ਉਦੇਸ਼ਵਾਦੀ ਸਿਧਾਂਤ**

ਉਦੇਸ਼ਵਾਦੀ (teleogical) ਸਿਧਾਂਤ ਇਸ ਵਿਚਾਰ ਉਪਰ ਆਧਾਰਿਤ ਹਨ ਕਿ ਕਿਸੇ ਕਾਰਜ ਦਾ ਟੀਚਾ ਜਾਂ ਉਦੇਸ਼ (ਯੂਨਾਨੀ ਸ਼ਬਦ telos ਤੋਂ ਉਤਪਤੀ ਹੋਈ ਹੈ।) ਹੀ ਉਸ ਕਾਰਜ ਦੀ ਸ਼ੁਧਤਾ ਜਾਂ ਅਸ਼ੁਧਤਾ ਨੂੰ ਨਿਰਧਾਰਤ ਕਰਦਾ ਹੈ। ਸਾਧਾਰਨ ਸ਼ਬਦਾਂ ਵਿਚ ਸਭ ਤੋਂ ਵੱਧ ਮਹੱਤਵਪੂਰਨ ਉਦੇਸ਼ਵਾਦੀ ਸਿਧਾਂਤ ਇੰਜ ਹੈ : ਇਕ ਕਾਰਜ ਨੈਤਿਕ ਹੈ ਜੇ ਅਜਿਹਾ ਕਾਰਜ ਕਰਨ ਨਾਲ ਬੁਰੇ ਸਿੱਟਿਆਂ ਨਾਲੋਂ ਚੰਗੇ ਸਿੱਟੇ ਵਧੇਰੇ ਨਿਕਲਦੇ ਹਨ। ਉਪਯੋਗਤਾਵਾਦੀ ਸਿਧਾਂਤ ਦੋ ਪ੍ਰਸਿਧ ਅੰਗ੍ਰੇਜ਼ੀ ਦਾਰਸ਼ਨਿਕ ਬੈਂਥਮ ਤਐ ਮਿੱਲ ਦੀਆਂ ਲਿਖਤਾਂ ਤੋਂ ਪੈਦਾ ਹੋਏ ਹਨ। ਆਪਣੇ ਸਮੇਂ ਦੀ ਨਿਰਪੇਖਤਾਵਾਦੀ ਧਾਰਮਿਕ ਨੈਤਿਕਤਾ ਦਾ ਖੰਡਨ ਕਰਦੇ ਹੋਏ ਬੈਂਥਮ ਤਜਵੀਜ਼ ਕਰਦਾ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਲਈ ਜ਼ਿਆਦਾ ਤੋਂ ਜ਼ਿਆਦਾ ਚੰਗਿਆਈ ਨੂੰ ਮਾਨਵੀ ਜੀਵਾਂ ਦੇ ਕਾਰਜਾਂ ਦੀ ਅਗਵਾਈ ਕਰਨੀ ਚਾਹੀਦੀ ਹੈ। ਬੈਂਥਮ ਕਹਿੰਦਾ ਹੈ ਕਿ ਸੁੱਖ (Pleasure) (ਯੂਨਾਨੀ ਸ੍ਰੋਤ hedon) ਚੰਗਾ ਹੈ ਅਤੇ ਦੁੱਖ ਬੁਰਾ ਹੈ। ਇਸ ਲਈ ਸਾਡੇ ਕਾਰਜ ਠੀਕ ਹਨ ਜੇ ਉਹਨਾਂ ਦੇ ਕਰਨ ਨਾਲ ਦੁੱਖ ਨਾਲੋਂ ਸਾਡੇ ਸੁੱਖ ਵਿਚ ਵਧੇਰੇ ਵਾਧਾ ਹੁੰਦਾ ਹੈ ਅਤੇ ਉਹ ਕਾਰਜ ਬੁਰੇ ਹਨ ਜਿਹੜੇ ਸੁੱਖ ਨਾਲੋਂ ਦੁੱਖ ਵਿਚ ਵਧੇਰੇ ਵਾਧਾ ਕਰਦੇ ਹਨ। ਬੈਂਥਮ ਮਨੋਵਿਗਿਆਨਕ ਸੁਖਵਾਦ ਵਿੱਚ ਵਿਸ਼ਵਾਸ ਰੱਖਦਾ ਹੈ। ਉਸ ਅਨੁਸਾਰ ਸੁੱਖ ਨੂੰ ਪ੍ਰਾਪਤ ਕਰਨਾ ਅਤੇ ਦੁੱਖ ਦਾ ਤਿਆਗ ਕਰਨਾ ਮਨੁੱਖ ਦਾ ਸੁਭਾਅ ਹੈ। ਸੁੱਖ-ਦੁੱਖ ਹੀ ਮਹਾਨ ਪ੍ਰੇਰਕ ਹਨ, ਬਾਕੀ ਸਾਰੇ ਪ੍ਰੇਰਕ ਇਹਨਾਂ ਉੱਪਰ ਨਿਰਭਰ ਹਨ। ਬੈਂਥਮ ਆਪਣੀ ਪੁਸਤਕ ਦੇ ਆਰੰਭ ਵਿੱਚ ਹੀ ਲਿਖਦਾ ਹੈ, "ਕੁਦਰਤ ਨੇ ਮਨੁੱਖਤਾ ਨੂੰ ਸੁੱਖ ਅਤੇ ਦੁੱਖ ਦੋ ਸਾਸਕਾਂ ਹੇਠ ਰੱਖਿਆ ਹੈ, ਇਹ ਮਨੁੱਖ ਨੇ ਫੈਸਲਾ ਕਰਨਾ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਅਸੀਂ ਕੀ ਕਰਾਂਗੇ।" ਉਸ ਅਨੁਸਾਰ ਮਨੁੱਖ ਨੂੰ ਸਦਾ ਸੁੱਖ ਹੀ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਦੁੱਖਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਇਹੀ ਉਸਦਾ ਨੈਤਿਕ ਫਰਜ਼ ਹੈ।

ਇਸਦੇ ਹੱਕ ਵਿੱਚ ਉਹ ਇਹ ਦਲੀਲ ਦਿੰਦਾ ਹੈ ਕਿ ਮਨੁੱਖ ਸੁਭਾਅ ਤੋਂ ਸੁਆਰਥੀ ਹੈ। ਬੈਂਥਮ ਦੇ ਸ਼ਬਦਾਂ ਵਿਚ "ਇਹ ਸੁਪਨੇ ਵਿੱਚ ਵੀ ਨਾ ਸੋਚੋ ਕਿ ਦੂਸਰੇ ਮਨੁੱਖ ਓਦੋਂ ਤਕ ਤੁਹਾਡੇ ਲਈ ਚੀਚੀ ਵੀ ਨਹੀਂ ਹਿਲਾਉਣਗੇ ਜਦੋਂ ਤਕ ਉਹਨਾਂ ਦਾ ਆਪਣਾ ਫਾਇਦਾ ਨਾ ਹੋਵੇ......।"

ਬੈਂਥਮ ਦੇ ਸੁਖਵਾਦ ਵਿੱਚ ਮਨੋਵਿਗਿਆਨਕ ਅਤੇ ਪਰਉਪਕਾਰ ਦੋਨੋਂ ਤਰ੍ਹਾਂ ਦਾ ਸੁਖਵਾਦ ਸ਼ਾਮਲ ਹੈ। ਉਪਯੋਗਤਾਵਾਦ ਦੇ ਸਿਧਾਂਤ ਨੂੰ ਮੰਨਦੇ ਹੋਏ ਉਹ ਕਹਿੰਦਾ ਹੈ ਕਿ ਨੈਤਿਕ ਨਿਰਣਾ ਕੰਮ ਦੇ ਫਲਾਂ ਦੇ ਆਧਾਰ ਉਤੇ ਹੁੰਦਾ ਹੈ। ਫਲਾਂ ਦੀ ਭਲਾਈ-ਬੁਰਾਈ ਹੀ ਕੰਮ ਨੂੰ ਸ਼ੁਭ-ਅਸ਼ੁਭ ਬਣਾਉਂਦੀ ਹੈ। ਉਸ ਅਨੁਸਾਰ ਸਭ ਤੋਂ ਵੱਡਾ ਨੈਤਿਕ ਆਦਰਸ਼ ਵੱਧ ਤੋਂ ਵੱਧ ਲੋਕਾਂ ਲਈ ਵੱਧ ਤੋਂ ਵੱਧ ਸੁੱਖ ਹੈ। ਹਰੇਕ ਮਨੁੱਖ ਦਾ ਉਦੇਸ਼ ਮਨੁੱਖਤਾ ਦਾ ਵੱਧ ਤੋਂ ਵੱਧ ਸੁੱਖ ਪ੍ਰਾਪਤ ਕਰਨਾ ਹੈ। ਜੀਵਨ ਦਾ ਆਦਰਸ਼ ਸਵੈ-ਸੁੱਖ ਨਹੀਂ ਬਲਕਿ ਸਮਾਜਿਕ ਸੁੱਖ ਹੈ। ਨੈਤਿਕਤਾ ਦਾ ਮਾਪਦੰਡ ਸਭ ਦਾ ਸੁੱਖ ਹੈ, ਕੇਵਲ ਉਹ ਸੁੱਖ ਚੰਗਾ ਹੈ ਜਿਸ ਨਾਲ ਸਭ ਦਾ ਭਲਾ ਹੋਵੇ ਜੋ ਕੰਮ ਦੁੱਖ ਤੋਂ ਵੱਧ ਸੁੱਖ ਨੂੰ ਪੈਦਾ ਕਰਦਾ ਹੈ, ਉਸਦੇ ਫਲ ਚੰਗੇ ਅਤੇ ਉਹੀ ਸ਼ੁਭ ਹੈ। ਉਹ ਅਸ਼ੁਭ ਹੈ ਜਿਸਦੇ ਫਲ ਬੁਰੇ ਹਨ। ਬੈਂਥਮ ਲਿਖਦਾ ਹੈ, "ਸੁੱਖ ਦੁੱਖ ਨੂੰ ਤੋਲੋ ਜਿਧਰ ਤਰਾਜ਼ੂ ਦਾ ਪਾਸਾ ਭਾਰਾ ਹੈ। ਉਸਦੇ ਅਨੁਸਾਰ ਕੰਮ ਦੇ ਸ਼ੁਭ ਜਾਂ ਅਸ਼ੁਭ ਹੋਣ ਦਾ ਫੈਸਲਾ ਕਰੋ।" ਉਸ ਅਨੁਸਾਰ ਸਾਨੂੰ ਸੁਖਾਂ ਦੇ ਗੁਣਾਂ ਵੱਲ ਨਹੀਂ ਜਾਣਾ ਚਾਹੀਦਾ ਬਲਕਿ ਮਾਤਰਾ ਜਾਂ ਵਜਨ ਨੂੰ ਹੀ ਵੇਖਣਾ ਚਾਹੀਦਾ ਹੈ।

ਜੇ. ਐਸ. ਮਿੱਲ ਅਨੁਸਾਰ, "ਕਿਸੇ ਵਸਤੂ ਦੀ ਇੱਛਾ ਕਰਨੀ ਅਤੇ ਉਸਨੂੰ ਸੁਖਵਾਦੀ ਮੰਨਣਾ, ਭਾਸ਼ਾ ਦੇ ਨਿਯਮਾਂ ਪੱਖੋਂ, ਇਕੋ ਹੀ ਮਨੋਵਿਗਿਆਨਕ ਤੱਥ ਦੇ ਆਧਾਰ ਤੇ ਦੋ ਵੱਖ-ਵੱਖ ਰੂਪ ਹਨ। ਇਕ ਵਸਤੂ ਦੀ ਇੱਛਾ ਕਰਨੀ ਅਤੇ ਉਸਦੇ ਸੁੱਖ ਦੀ ਕਾਮਨਾ ਕਰਨੀ ਇਕੋ ਗੱਲ ਹੈ।" ਬੈਂਥਮ ਦੇ ਮੁਕਾਬਲੇ ਮਿੱਲ ਨੈਤਿਕ ਸੁਖਵਾਦ ਦਾ ਵਧੇਰੇ ਸਮਰਥਕ ਹੈ। ਮਿੱਲ ਅਨੁਸਾਰ, "ਮਨੁੱਖ ਦਾ ਅੰਤਿਮ ਉਦੇਸ਼ ਵਿਅਕਤੀਗਤ ਨਹੀਂ ਸਗੋਂ ਆਮ ਖੁਸ਼ੀ ਹੈ।" ਸੋ ਕੇਵਲ ਉਹੀ ਮਨੁੱਖ ਲਈ ਸਹੀ ਹੈ ਜੋ ਦੂਸਰਿਆਂ ਲਈ ਵੀ ਸੁਖਵਾਦੀ ਹੋਵੇ। ਆਮ ਖ਼ੁਸ਼ੀ ਹੀ ਨੈਤਿਕਤਾ ਦਾ ਪੈਮਾਨਾ ਹੈ। ਉਹ ਕੰਮ ਸ਼ੁਭ ਹੈ ਜੋ ਆਮ ਖ਼ੁਸ਼ੀ ਨੂੰ ਵਧਾਉਂਦਾ ਹੈ। ਭਲਾ ਉਹ ਹੈ ਜਿਸਦੀ ਅਸੀਂ ਇੱਛਾ ਕਰਦੇ ਹਾਂ ਅਸੀਂ ਹਮੇਸ਼ਾ ਸੁੱਖ ਦੀ ਹੀ ਇੱਛਾ ਕਰਦੇ ਹਾਂ। ਇਸ ਕਰਕੇ ਸੁੱਖ ਹੀ ਭਲਾ ਹੈ। ਮਿੱਲ ਸੁੱਖਾਂ ਵਿੱਚ ਗੁਣਤਮਕ ਅੰਤਰ ਨੂੰ ਮੰਨਦਾ ਹੈ। ਮਿੱਲ ਅਨੁਸਾਰ ਸੁਖਾਂ ਦੇ ਗੁਣਾਂ ਨੂੰ ਮਾਪਣ ਲਈ ਕਿਸੇ ਯੋਗ ਅਤੇ ਪਾਰਖੀ ਜੱਜ ਦਾ ਨਿਰਣਾ ਕਾਫ਼ੀ ਹੈ। ਇਕ ਯੋਗ ਜੱਜ ਹਮੇਸ਼ਾ ਮਨੋਵਿਗਿਆਨਕ ਸੁੱਖ ਤੋਂ ਬੌਧਿਕ ਸੁੱਖ ਨੂੰ ਵਧੇਰੇ ਵਧੀਆ ਮੰਨੇਗਾ। ਸੋ ਸੁਖਾਂ ਦੇ ਗੁਣਾਂ ਸੰਬੰਧੀ ਤਜ਼ਰਬੇਕਾਰ ਮਨੁੱਖ (ਜੱਜ)

ਦਾ ਨਿਰਣਾ ਹੀ ਇਕ ਪੈਮਾਨਾ ਹੈ। ਸੁੱਖਾਂ ਨੂੰ ਮਾਪਣ ਲਈ ਵਿਅਕਤੀ ਦਾ ਆਪਣਾ ਅਨੁਭਵ ਹੀ ਕੰਮ ਕਰਦਾ ਹੈ। ਮਿੱਲ ਉਪਯੋਗਵਾਦ ਦੇ ਪਰਮ ਆਦਰਸ਼ ਨੂੰ ਸਿੱਧ ਕਰਦਾ ਹੈ। ਉਸ ਅਨੁਸਾਰ ਲੋਕਾਂ ਦਾ ਵੱਧ ਤੋਂ ਵੱਧ ਸੁੱਖ ਹੀ ਉਪਯੋਗਿਤਾਵਾਦ ਦਾ ਮਾਪਦੰਡ ਹੈ। ਉਹ ਕਹਿੰਦਾ ਹੈ ਕਿ ਜੇਕਰ ਇਕ ਵਿਅਕਤੀ ਦਾ ਸੁੱਖ ਉਸਦੇ ਲਈ ਭਲਾ ਹੈ, ਦੂਜੇ ਦਾ ਦੂਜੇ ਲਈ, ਤੀਜੇ ਦਾ ਤੀਜੇ ਲਈ ਸੋ ਇਸ ਸਾਧਾਰਨੀਕਰਨ ਵਿਧੀ ਰਾਹੀਂ ਅਸੀਂ ਇਸ ਸਿੱਟੇ ਉੱਪਰ ਪਹੁੰਚਦੇ ਹਾਂ ਕਿ ਸਭ ਦਾ ਸੁੱਖ ਸਭ ਦੇ ਲਈ ਪ੍ਰਾਪਤ ਹੋਣਾ ਚਾਹੀਦਾ ਹੈ। ਸਭ ਲੋਕਾਂ ਦਾ ਸੁੱਖ ਜੀਵਨ ਦਾ ਪਰਮ ਪੁਰਸ਼ਾਰਥ ਹੈ।

ਮਿੱਲ ਬੈਂਥਮ ਦੇ ਬਾਹਰੀ ਸਬੂਤਾਂ ਤੋਂ ਸੰਤੁਸ਼ਟ ਨਹੀਂ ਹੈ। ਉਸ ਅਨੁਸਾਰ ਅੰਦਰੂਨੀ ਸਬੂਤ ਦੇ ਬਿਨਾਂ ਨੈਤਿਕ ਕਰੱਤਵ ਨਹੀਂ ਬਣਦਾ। ਇਹ ਅੰਦਰੂਨੀ ਸਬੂਤ ਮਨੁੱਖ ਦੀ ਅੰਤਰ-ਆਤਮਾ ਹੈ ਜੋ ਹਮਦਰਦੀ, ਮਾਂ ਦਾ ਪਿਆਰ, ਸਮਾਜਿਕ ਭਾਵ, ਮਿੱਤਰਤਾ ਭਾਵ ਅਤੇ ਸੂਖ਼ਮ ਭਾਵਨਾਵਾਂ ਤੇ ਆਧਾਰਿਤ ਹੈ। ਮਿੱਲ ਅਨੁਸਾਰ ਮਨੁੱਖ ਅੰਦਰ ਕੁਦਰਤੀ ਤੱਤ ਹੈ ਜੋ ਉਸਨੂੰ ਇਕ ਨੇਕ ਕੰਮ ਲਈ ਉਤਸ਼ਾਹਿਤ ਕਰਦਾ ਹੈ। ਮਨੁੱਖ ਦੀ ਅੰਤਰ-ਆਤਮਾ ਇਕ ਕੁਦਰਤੀ ਪ੍ਰਵਿਰਤੀ ਹੈ। ਮਿੱਲ ਅਨੁਸਾਰ, ਸਭ ਤੋਂ ਵੱਧ ਉਪਯੋਗਤਾ ਸੁੱਖ (pleasure) ਦੀ ਬਜਾਇ ਖੁਸ਼ੀ (happiness) ਵਿਚ ਹੋਣੀ ਚਾਹੀਦੀ ਹੈ। ਦੂਜੇ ਉਪਯੋਗਤਾਵਾਦੀਆਂ ਅਨੁਸਾਰ ਉਪਯੋਗਤਾਵਾਂ ਜਾਂ ਚੰਗਿਆਈ ਦੀ ਰੇਂਜ ਹੁੰਦੀ ਹੈ ਜਿਹਨਾਂ ਵਿਚ ਦੋਸਤੀ, ਪਿਆਰ, ਲਗਨਤਾ ਆਦਿ ਸ਼ਾਮਿਲ ਹੁੰਦੀਆਂ ਹਨ। ਉਹਨਾਂ ਦਾ ਵਿਸ਼ਵਾਸ਼ ਹੈ ਕਿ "ਚਾਹੀਦੀ ਹੈ" ਨੂੰ ਸੰਤੁਲਨ ਵਿਚ ਤੋਲਿਆ ਜਾਣਾ ਚਾਹੀਦਾ ਹੈ ਜਿਸ ਨੂੰ ਉਪਯੋਗਤਾਵਾਦੀ ਕਲਨ (calculus) ਵੀ ਕਿਹਾ ਗਿਆ ਹੈ। ਇਹਨਾਂ ਉਪਯੋਗਤਾਵਾਦੀਆਂ ਦੇ ਕਲਨ ਨੇ ਜੀਵ-ਨੈਤਿਕ ਚਰਚਾ ਉਪਰ ਬੇਹੱਦ ਪ੍ਰਭਾਵ ਪਾਇਆ ਹੈ, ਕੁਝ ਤਾਂ ਇਸ ਕਰਕੇ ਜਿਵੇਂ ਕਿ ਇਹ ਕੇਸ ਪ੍ਰਤੀ ਕੇਸ/ਖਤਰਾ ਲਾਭ ਅਨੁਪਾਤ ਦੇ ਸਭ ਤੋਂ ਵਧੇਰੇ ਨਜ਼ਦੀਕ ਹੈ ਜਿਸ ਦਾ ਪ੍ਰਯੋਗ ਦਾਰਸ਼ਨਿਕ clinical ਫੈਸਲਾ ਕਰਨ ਵਿਚ ਕਰਦੇ ਹਨ। ਜੋਸਫ ਫਲੈਚਰ, ਜੋ ਇਕ ਪ੍ਰਸਿੱਧ ਧਰਮ ਮੀਮਾਂਸੀ ਹੈ, ਨੇ ਇਕ ਉਪਯੋਗਤਾਵਾਦੀ ਸਿਧਾਂਤ ਨੂੰ ਵਿਕਸਤ ਕੀਤਾ ਹੈ ਜਿਸ ਨੂੰ ਉਸ ਨੇ ਹਾਲਤ ਨੀਤੀ ਸ਼ਾਸ਼ਤਰ (situation ethics) ਕਿਹਾ ਹੈ। ਉਹ ਦਲੀਲ ਦਿੰਦਾ ਹੈ ਕਿ ਇਕ ਸੱਚਾ ਈਸਾਈ ਨੈਤਿਕਤਾ ਨੂੰ ਅੱਖਾਂ ਬੰਦ ਕਰਕੇ ਨੂੰ ਨਹੀਂ ਅਪਣਾਉਂਦਾ, ਸਗੋਂ ਵਿਸ਼ੇਸ਼ ਹਾਲਤ (ਅਵਸਥਾ) ਪ੍ਰਤੀ ਪਿਆਰ ਅਤੇ ਸੰਵੇਦਨਸ਼ੀਲਤਾ ਰਾਹੀਂ ਕਾਰਜ ਕਰਦਾ ਹੈ ਅਤੇ ਖਾਸ ਕਰਕੇ ਉਸ ਵਿਚ ਸ਼ਾਮਿਲ ਜ਼ਰੂਰਤਾਂ ਨੂੰ ਸਾਹਮਣੇ ਰੱਖਦਾ ਹੋਇਆ। ਉਪਯੋਗਤਾਵਾਦ ਦਾ ਇਕ ਹੋਰ ਸ਼ਕਤੀਸ਼ਾਲੀ ਹਮਾਇਤੀ ਆਸਟਰੇਲੀਆ ਦਾ ਦਾਰਸ਼ਨਿਕ ਪੀਟਰ ਸਿੰਗਰ (Peter Singer) ਹੈ ਜਿਸ ਦੇ ਉਪਯੋਗਤਾਵਾਦੀ ਕਲਨ (Utilitarian calculus) ਵਿਚ ਕੇਵਲ ਮਨੁੱਖਾਂ ਅੰਦਰ ਪੈਦਾ ਹੋਈ ਖੁਸ਼ੀ ਅਤੇ ਦੁੱਖ ਦਾ ਲੇਖਾ ਜੋਖਾ ਹੀ ਸ਼ਾਮਿਲ ਨਹੀਂ ਹੁੰਦਾ, ਸਗੋਂ ਇਹ ਵੀ ਸ਼ਾਮਿਲ ਹੁੰਦਾ ਹੈ ਕਿ ਇਹ ਜਾਨਵਰਾਂ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਇਕ ਹੋਰ ਆਸਟਰੇਲੀਆ ਦਾ ਚਿੰਤਕ ਜੋਸਫ਼ ਕੋਲਿਨਜ਼ ਹੈ ਜੋ ਇਸ ਆਧਾਰ ਉਪਰ ਮਰ ਰਹੇ ਮਰੀਜ਼ਾਂ ਤੋਂ ਸੱਚ ਨੂੰ ਲੁਕਾਉਣ ਦੇ ਹੱਕ ਵਿਚ ਹੈ, ਕਿਉਂਕਿ ਅਜਿਹਾ ਕਰਨ ਨਾਲ ਵਧੇਰੇ ਬੇਹਤਰ ਸਿੱਟੇ ਨਿਕਲਦੇ ਹਨ। ਇਹਨਾਂ ਤੋਂ ਇਲਾਵਾ ਕਲਿਫੋਰਡ ਗਰੋਬਸਟੈਂਨ (clifford grobstein) ਵੀ ਹੈ ਜੋ vitro fertilization ਦੀ ਹਮਾਇਤ ਕਰਦਾ ਹੈ।

**2.2.2 ਪਰਿਣਾਮ ਨਿਰਪੇਖਵਾਦੀ ਨੈਤਿਕ ਸਿਧਾਂਤ :**

ਦੂਜਾ ਮੁੱਖ ਨੈਤਿਕ ਸਿਧਾਂਤ ਪਰਿਣਾਮ ਨਿਰਪੇਖਵਾਦੀ (denotological) ਹੈ। ਇਹਨਾਂ ਸਿਧਾਂਤਾਂ ਅਨੁਸਾਰ ਕਿਸੇ ਕਾਰਜ ਦੀ ਉਚਚਿੱਤਤਾ ਜਾਂ ਗਲਤਪਣ ਇਸ ਅਨੁਸਾਰ ਪਰਖਿਆ ਜਾਣਾ ਚਾਹੀਦਾ ਹੈ ਕਿ ਇਹ ਇਕ ਨੈਤਿਕ ਸਿਧਾਂਤ ਜਾਂ ਨਿਯਮ ਅਨੁਸਾਰ ਹੈ ਜਾਂ ਨਹੀਂ। ਇਹ ਨਹੀਂ ਵੇਖਿਆ ਜਾਣਾ ਚਾਹੀਦਾ ਕਿ ਇਸ ਦੇ ਸਿੱਟੇ ਚੰਗੇ ਨਿਕਲਦੇ ਹਨ ਜਾਂ ਬੁਰੇ। ਜਰਮਨ ਦਾਰਸ਼ਨਿਕ ਕਾਂਤ ਨੇ ਘੋਸ਼ਿਤ ਕੀਤਾ ਹੈ ਇਕ ਨਿਰਪੇਖ ਅਤੇ ਅੰਤਮ ਕਰਤਵ ਹੁੰਦਾ ਹੈ ਜਿਸ ਨੂੰ ਉਹ ਨੈਤਿਕ ਸਿਧਾਂਤ (Moral Law) ਕਹਿੰਦਾ ਹੈ। ਉਸ ਦਾ ਵਿਚਾਰ ਹੈ ਕਿ ਇਕ ਕਾਰਜ ਤਦ ਹੀ ਨੈਤਿਕ ਹੁੰਦਾ ਹੈ ਜੇ ਇਹ ਸ਼ੁਭ ਇੱਛਾ (good will) ਤੋਂ ਪੈਦਾ ਹੁੰਦਾ ਹੈ। ਉਸ ਅਨੁਸਾਰ ਸ਼ੁਭ ਇੱਛਾ ਇਕ ਅਜਿਹੀ ਵਸਤੂ ਹੈ ਜਿਸ ਨੂੰ ਬਿਨਾਂ ਕਿਸੇ ਹੋਰ ਯੋਗਤਾ ਦੇ ਸ਼ੁਭ ਕਿਹਾ ਜਾ ਸਕਦਾ ਹੈ। ਕਾਂਤ ਕਹਿੰਦਾ ਹੈ ਕਿ ਸਾਨੂੰ ਸ਼ੁਭ ਵਸਤਾਂ ਜ਼ਰੂਰ ਹੀ ਕਰਨੀਆਂ ਚਾਹੀਦੀਆਂ ਹਨ ਕਿਉਂਕਿ ਅਜਿਹਾ ਕਰਨਾ ਸਾਡਾ ਕਰਤੱਵ ਬਣਦਾ ਹੈ। ਇਹਨਾਂ ਨੂੰ ਅਸੀਂ ਇਸ ਲਈ ਨਹੀਂ ਕਰਦੇ ਕਿਉਂਕਿ ਇਹ ਦੇ ਚੰਗੇ ਸਿੱਟੇ ਨਿਕਲਦੇ ਹਨ ਜਾਂ ਇਸ ਲਈ ਕਿਉਂਕਿ ਇਹ ਸਾਨੂੰ ਆਨੰਦ ਪ੍ਰਦਾਨ ਕਰਦੀਆਂ ਹਨ। ਕਾਂਤ ਨੇ ਇਕ ਆਕਾਰਗਤ ਸਿਧਾਂਤ "ਬੇਸ਼ਰਤ ਆਦੇਸ਼" ਦੀ ਉਸਾਰੀ ਕੀਤੀ। ਉਸ ਅਨੁਸਾਰ, ਨੈਤਿਕਤਾ ਦਾ ਅੰਤਮ ਫੈਸਲਾ ਹੈ, "ਮੈਨੂੰ

ਕਦੇ ਵੀ ਕਾਰਜ ਅਜਿਹੇ ਢੰਗ ਨਾਲ ਨਹੀਂ ਕਰਨਾ ਚਾਹੀਦਾ, ਸਗੋਂ ਇੰਜ ਕਰਨਾ ਚਾਹੀਦਾ ਹੈ ਕਿ ਮੇਰੇ ਕਥਨ ਨੂੰ ਇਕ ਸਿਧਾਂਤ (law) ਬਨਣਾ ਚਾਹੀਦਾ ਹੈ। ਉਹ ਇਸ ਦੀ ਇਹ ਮਿਸ਼ਾਲ ਦਿੰਦਾ ਹੈ ਕਿ ਸਾਨੂੰ ਆਤਮ-ਹੱਤਿਆ ਨਹੀਂ ਕਰਨੀ ਚਾਹੀਦੀ।

ਕਾਂਟ ਦਾ ਮੁੱਖ ਤੌਰ ਤੇ ਇਹ ਕਹਿਣਾ ਹੈ ਕਿ ਅਸੀਂ ਉਸ ਨਿਯਮ ਨੂੰ ਨੈਤਿਕ ਨਿਯਮ ਬਣਾ ਸਕਦੇ ਹਾਂ ਜਿਹੜਾ ਵਿਆਪਕ ਹੋਏ ਭਾਵ ਕਿ Universal ਹੋਵੇ। ਜੇਕਰ ਕੋਈ ਨਿਯਮ ਜਾਂ ਮੁੱਲ ਕਿਸੇ ਇਕ ਆਦਮੀ ਜਾਂ ਜਾਤੀ ਤੇ ਨਿਰਭਰ ਹੋਵੇ ਤਾਂ ਅਸੀਂ ਉਸ ਨੂੰ ਨੈਤਿਕ ਨਿਯਮ ਨਹੀਂ ਕਹਿ ਸਕਦੇ। ਇਸ ਦਾ ਇੱਕ ਉਦਾਹਰਣ ਦਿੱਤਾ ਜਾ ਸਕਦਾ ਹੈ ਕਿ ਜੇਕਰ ਕੋਈ ਆਦਮੀ ਚੋਰੀ ਕਰਨਾ ਚਾਹੇ ਤਾਂ ਅਸੀਂ ਉਸਨੂੰ ਨੈਤਿਕ ਨਿਯਮ ਨਹੀਂ ਕਹਿ ਸਕਦੇ ਕਿਉਂਕਿ ਬੇਸ਼ੱਕ ਉਸ ਵਾਸਤੇ ਇਹ ਸਹੀ ਹੈ ਪਰ ਚੋਰੀ ਕਰਨਾ ਅਪਰਾਧ ਹੈ ਅਤੇ ਅਪਰਾਧੀ ਨੂੰ ਸਜ਼ਾ ਦਿੱਤੀ ਜਾਂਦੀ ਹੈ ਇਸ ਲਈ ਅਸੀਂ ਚੋਰੀ ਦੇ ਸਿਧਾਂਤ ਨੂੰ ਵਿਆਪਕ ਨਿਯਮ ਨਹੀਂ ਬਣਾ ਸਕਦੇ।

ਕਾਂਟ ਨੇ ਡਿਊਟੀ ਜਾਂ ਕਰੱਤਵ ਨੂੰ Super-categorical Imperative ਕਿਹਾ ਹੈ ਅਤੇ ਇਸ ਨੂੰ ਉਸ ਨੇ Good ਨਾਲੋਂ ਚੰਗਾ ਮੰਨਿਆ ਹੈ। ਇਸ ਦਾ ਇੱਕ ਹੋਰ ਉਦਾਹਰਣ ਦਿੱਤਾ ਜਾ ਸਕਦਾ ਹੈ। ਕਿ ਜੇਕਰ ਤੁਸੀਂ ਸਿਹਤਮੰਦ ਰਹਿਣਾ ਚਾਹੁੰਦੇ ਹੋ ਤਾਂ ਤੁਹਾਨੂੰ ਕਸਰਤ ਕਰਨੀ ਪਵੇਗੀ ਇਸ ਲਈ ਇਹ ਵਿਆਪਕ ਤੌਰ ਤੇ ਲਾਗੂ ਹੁੰਦਾ ਹੈ ਕਿਉਂਕਿ ਸਿਹਤਮੰਦ ਰਹਿਣ ਲਈ ਸਾਰਿਆਂ ਨੂੰ ਕਸਰਤ ਕਰਨੀ ਪਵੇਗੀ। ਇਸ ਲਈ ਇਹ ਨੈਤਿਕ ਨਿਯਮ ਹੈ।

ਹੁਣ ਖਾਸ ਤੌਰ ਤੇ ਇਹ ਪ੍ਰਸ਼ਨ ਉਠਦਾ ਹੈ ਕਿ ਉਹ ਨੈਤਿਕ ਸਿਧਾਂਤ ਜਾਂ ਨਿਯਮ ਕਿਹੜਾ ਹੈ, ਜਿਸਦਾ ਕੰਮ ਲਈ ਕੀਤਾ ਜਾਵੇ? ਕਾਂਟ ਕਹਿੰਦਾ ਹੈ ਕਿ ਨੈਤਿਕ ਨਿਯਮ ਇਕ ਆਦੇਸ਼ (Order or Command) ਹੁੰਦਾ ਹੈ ਜੋ ਕੰਮ ਕਰਨ ਲਈ ਕਹਿੰਦਾ ਹੈ। ਅੱਗੇ ਕਾਂਟ ਇਹ ਵੀ ਕਹਿੰਦਾ ਹੈ ਕਿ ਇਹ ਆਦੇਸ਼ ਦੋ ਤਰ੍ਹਾਂ ਦੇ ਹੁੰਦੇ ਹਨ। (i) ਸਾਪੇਖ ਆਦੇਸ਼ (Hypothetical Imperative) ਅਤੇ (ii) ਨਿਰਪੇਖ ਆਦੇਸ਼ (Categorical Imperative)। ਕਾਂਟ ਅਨੁਸਾਰ ਸਾਪੇਖ ਆਦੇਸ਼ ਉਹ ਹੁੰਦਾ ਹੈ ਜਦ ਅਸੀਂ ਕੋਈ ਫ਼ਲ ਪ੍ਰਾਪਤ ਕਰਨ ਲਈ ਜਾਂ ਫਿਰ ਉਦੇਸ਼ ਨੂੰ ਪ੍ਰਾਪਤ ਕਰਨ ਲਈ ਕੰਮ ਕਰਦੇ ਹਾਂ ਭਾਵ ਕਿ ਕਿਸੇ ਉਦੇਸ਼ ਦੀ ਪ੍ਰਾਪਤੀ ਇਸਦੀ ਸ਼ਰਤ ਹੈ।

ਕਾਂਟ ਦੀ ਨੈਤਿਕ ਨਿਯਮ ਦੀ ਵਿਆਖਿਆ ਆਪਣੇ ਆਪ ਵਿੱਚ ਅਨੋਖੀ ਹੈ। ਜਿਵੇਂ-ਜਿਵੇਂ ਕਾਂਟ ਦੇ ਤੱਤ ਮੀਮਾਂਸਾ ਵਿਚ ਇਕ ਕੋਪਰਨੀਕਸ ਇਨਕਲਾਬ ਹੈ, ਉਸੇ ਤਰ੍ਹਾਂ ਉਸਦੇ ਇਨਕਲਾਬੀ ਵਿਚਾਰਾਂ ਨੂੰ ਸਿੱਧੇ ਹੀ ਉਸਦੇ ਨੈਤਿਕ ਫ਼ਲਸਫ਼ੇ ਵਿੱਚ ਵੇਖਿਆ ਜਾ ਸਕਦਾ ਹੈ, ਫਿਰ ਵੀ ਇਸਨੂੰ ਪੜ੍ਹਨ ਨਾਲ ਦਿਮਾਗ ਤੇ ਪ੍ਰਭਾਵ ਇੰਨਾ ਅਨੋਖਾ ਪੈਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਸਦੀ ਭਾਸ਼ਾ ਕਠਿਨ ਹੈ ਪਰੰਤੂ ਇਸਦੇ ਪ੍ਰਭਾਵ ਨੂੰ ਜਲਦੀ ਹੀ ਮਹਿਸੂਸ ਕੀਤਾ ਜਾਂਦਾ ਹੈ। ਵਿਵਹਾਰਕ ਤੌਰ ਤੇ ਕਾਂਟ ਖ਼ੁਦ ਆਪਣੀ ਨੈਤਿਕਤਾ ਦੀ ਆਪ ਉਦਾਹਰਣ ਹੈ।

ਕਾਂਟ ਦੀ ਨੈਤਿਕਤਾ ਵਿੱਚ ਨੈਤਿਕ ਨਿਯਮ ਬੇਸ਼ਰਤ ਆਦੇਸ਼ਾਂ ਦੇ ਤੌਰ ਤੇ ਜਾਣੇ ਜਾਂਦੇ ਹਨ। ਨਿਯਮ ਬੇਸ਼ਰਤ ਆਦੇਸ਼ ਹੁੰਦਾ ਹੈ ਕਿਉਂਕਿ ਨਿਯਮ ਦੇ ਪਿੱਛੇ ਕੋਈ ਹੋਰ ਉਦੇਸ਼ ਨਹੀਂ ਹੁੰਦਾ ਅਤੇ ਇੰਜ ਨਿਯਮ ਨੂੰ ਬੇਸ਼ਰਤ ਆਦੇਸ਼ ਦਾ ਨਾਂ ਦਿੱਤਾ ਜਾਂਦਾ ਹੈ। ਇਸਨੂੰ ਆਦੇਸ਼ ਇਸ ਕਰਕੇ ਕਿਹਾ ਜਾਂਦਾ ਹੈ, ਕਿਉਂਕਿ ਇਹ ਇੱਕ ਹੁਕਮ ਹੁੰਦਾ ਹੈ ਜਿਸਦਾ ਵਰਣਨ ਕਰਤੱਵ ਆਦਿ ਸ਼ਬਦਾਂ ਨਾਲ ਕੀਤਾ ਜਾਂਦਾ ਹੈ ਇਸ ਲਈ ਬੇਸ਼ਰਤ ਆਦੇਸ਼ ਨੈਤਿਕਤਾ ਦਾ ਇੱਕ ਨਿਰੋਲ ਫਾਰਮੂਲਾ ਹੈ, ਜੋ ਕੁਦਰਤੀ ਨਿਯਮਾਂ ਵਾਂਗ ਹਰੇਕ ਬੁੱਧੀ-ਜੀਵੀ ਤੇ ਲਾਗੂ ਹੁੰਦਾ ਹੈ। ਜੇ ਕੋਈ ਨੈਤਿਕਤਾ ਦਾ ਨਿਯਮ ਕਿਸੇ ਵਸਤੂ ਦੀ ਪ੍ਰਾਪਤੀ ਲਈ ਇੱਕ ਸਾਧਨ ਦੇ ਤੌਰ ਤੇ ਵਰਤਿਆ ਜਾਂਦਾ ਹੈ, ਜਾਂ ਜਦੋਂ ਸਾਡੇ ਕਰਮਾਂ ਦੇ ਪਿੱਛੇ ਕੋਈ ਖਾਸ ਮਹੱਤਵ ਹੁੰਦਾ ਹੈ ਜਾਂ ਨੈਤਿਕ ਢੰਗ ਨਾਲ ਕੰਮ ਕਰਨ ਦੀ ਪ੍ਰੇਰਨਾ ਪਿੱਛੇ ਕੋਈ ਪ੍ਰਵਿਰਤੀ ਹੁੰਦੀ ਹੈ ਤਾਂ ਅਜਿਹੇ ਫਾਰਮੂਲੇ ਨੂੰ ਇੱਕ ਸ਼ਰਤੀ-ਆਦੇਸ਼ ਦੇ ਤੌਰ ਤੇ ਜਕੜਿਆ ਜਾਂਦਾ ਹੈ ਜਾਂ ਜਦੋਂ ਸਾਨੂੰ ਕਾਂਟ ਖ਼ੁਦ ਕਹਿੰਦਾ ਹੈ। ਜੇ ਹੁਣ ਕਰਮ ਕਿਸੇ ਹੋਰ ਚੀਜ਼ ਲਈ ਸਾਧਨ ਦੇ ਤੌਰ ਤੇ ਚੰਗਾ ਹੈ, ਤਾਂ ਆਦੇਸ਼ ਸ਼ਰਤੀ ਹੁੰਦਾ ਹੈ। ਜੇ ਇਸਨੂੰ ਕੇਵਲ ਖ਼ੁਦ ਇਸਦੇ ਲਈ ਹੀ ਸਮਝਿਆ ਜਾਂਦਾ ਹੈ, ਤਦ ਇਹ ਬੇਸ਼ਰਤ ਆਦੇਸ਼ ਹੁੰਦਾ ਹੈ।

### 2.2.2.1 ਨਿਰਪੇਖ ਆਦੇਸ਼ ਦੇ ਤਿੰਨ ਕਥਨ (Three Forms of Categorical Imperative)

ਕਾਂਟ ਨੇ ਇਹ ਦੱਸਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਨਿਰਪੇਖ ਆਦੇਸ਼ ਕੀ ਹੈ। ਉਸ ਨੇ ਸਿਰਫ਼ ਉਸਦੀ ਰੂਪ-ਰੇਖਾ ਹੀ ਦੱਸੀ ਹੈ ਜਿਨ੍ਹਾਂ ਨੂੰ ਲਾਗੂ ਕਰਕੇ ਪਤਾ ਚੱਲ ਸਕਦਾ ਹੈ ਕਿ ਕਿਹੜਾ ਅਸ਼ੁੱਭ ਹੈ ਜਾਂ ਸ਼ੁੱਭ। ਇਸ ਦੇ ਤਿੰਨ

ਕਥਨ ਇਹ ਹਨ :-

**2.2.2.1.1. ਉਸ ਨਿਯਮ ਤੇ ਕੰਮ ਕਰੋ ਜੋ ਤੁਹਾਡੇ ਇਲਾਵਾ ਸਭ ਦਾ ਨਿਯਮ ਬਣ ਸਕੇ (Act on that principle which can become a law Universal for everybody) :** ਇਸ ਦਾ ਅਰਥ ਇਹ ਹੈ ਕਿ ਜਿਸ ਕੰਮ ਨੂੰ ਸਭ ਲੋਕ ਕਰ ਸਕਦੇ ਹਨ, ਉਹ ਠੀਕ ਹੈ। ਉਸਦਾ ਕਹਿਣਾ ਹੈ ਕਿ ਕਿਸੇ ਕੰਮ ਨੂੰ ਸ਼ੁਰੂ ਕਰਨ ਵੇਲੇ ਇਹ ਵੇਖੋ ਕਿ ਉਸਨੂੰ ਸ਼ੁਰੂ ਕਰਨ ਵੇਲੇ ਕੋਈ ਔਕੜਾਂ ਤਾਂ ਪੇਸ਼ ਨਹੀਂ ਆਉਂਦੀਆਂ ਅਰਥਾਤ ਉਹ ਕੰਮ ਦਾ ਸਾਧਾਰਣੀ (Universalisation) ਕਰਕੇ ਦੇਖੋ ਕਿ ਕੀ ਉਸ ਵਿੱਚ ਵਿਰੋਧਤਾਵਾਂ ਤਾਂ ਨਹੀਂ ਪੈਦਾ ਹੁੰਦੀਆਂ ਅਤੇ ਜੇਕਰ ਉਸ ਵਿੱਚ ਵਿਰੋਧਤਾ ਪਾਈ ਜਾਂਦੀ ਹੈ ਤਾਂ ਉਹ ਨਿਯਮ ਸਾਧਾਰਣ ਨਹੀਂ ਬਣ ਸਕੇਗਾ ਅਤੇ ਅਸ਼ੁੱਭ ਹੋਵੇਗਾ। ਜੇਕਰ ਵਿਰੋਧਤਾ ਨਹੀਂ ਪਾਈ ਜਾਂਦੀ ਹੈ ਤਾਂ ਉਹ ਨਿਯਮ ਸ਼ੁੱਭ ਹੋਵੇਗਾ। ਇਸ ਗੱਲ ਨੂੰ ਇੱਕ ਉਦਾਹਰਣ ਨਾਲ ਸਮਝਿਆ ਜਾ ਸਕਦਾ ਹੈ ਜਿਵੇਂ ਵਾਅਦਾ ਤੋੜਨਾ ਹੈ। ਹੁਣ ਸੋਚੋ ਕਿ ਜੇਕਰ ਸਭ ਲੋਕ ਵਾਅਦੇ ਤੋੜ ਦਿੰਦੇ ਹਨ ਤਾਂ ਕੋਈ ਵੀ ਵਾਅਦਾ ਨਹੀਂ ਕਰਨਾ ਚਾਹੇਗਾ। ਹੁਣ ਜੇਕਰ ਵਾਅਦੇ ਨਹੀਂ ਕਰਾਂਗੇ ਤਾਂ ਤੋੜਾਂਗੇ ਕਿਵੇਂ ? ਇਸ ਲਈ ਵਾਅਦਾ ਤੋੜਨਾ ਖਰਾਬ ਹੈ।

**2.2.2.1.2. ਮਨੁੱਖ ਨੂੰ ਉਦੇਸ਼ ਮੰਨੋ ਕਦੇ ਵੀ ਸਾਧਨ ਨਾ ਮੰਨੋ** : ਕਾਂਟ ਦਾ ਮੁੱਖ ਰੂਪ ਨਾਲ ਇਹ ਕਹਿਣਾ ਹੈ ਕਿ ਮਨੁੱਖ ਨੂੰ ਕਦੇ ਵੀ ਸਾਧਨ ਨਹੀਂ ਮੰਨਣਾ ਚਾਹੀਦਾ, ਬਲਕਿ ਉਸਨੂੰ ਇੱਕ ਉਦੇਸ਼ ਹੀ ਮੰਨਣਾ ਚਾਹੀਦਾ ਹੈ ਜਿਵੇਂ ਅਸੀਂ ਇੱਥੇ ਇੱਕ ਉਦਾਹਰਣ ਦੇ ਸਕਦੇ ਹਾਂ। ਜਿਵੇਂ ਅਸੀਂ ਵੇਸ਼ਵਾਵਾਂ ਨੂੰ ਸਿਰਫ਼ ਸਾਧਨ ਰੂਪ ਵਿੱਚ ਹੀ ਪ੍ਰਯੋਗ ਕਰਦੇ ਹਾਂ ਕਿਉਂਕਿ ਉਹਨਾਂ ਦੀ ਸੇਵਾ ਬਦਲੇ ਅਸੀਂ ਉਨ੍ਹਾਂ ਨੂੰ ਧੰਨ ਦਿੰਦੇ ਹਾਂ ਜਾਂ ਧੰਨ ਨਾਲ ਖਰੀਦਦੇ ਹਾਂ ਜੋ ਕਿ ਖਰੀਦਣ ਵਾਲੀ ਵਸਤੂ ਨਹੀਂ ਹੈ। ਇਸੇ ਤਰ੍ਹਾਂ ਚੋਰ ਉਸ ਵਿਅਕਤੀ ਨੂੰ ਸਾਧਨ ਰੂਪ ਵਿੱਚ ਵਰਤਦਾ ਹੈ, ਜਿਸ ਦਾ ਉਹ ਧੰਨ ਚੁਰਾਉਂਦਾ ਹੈ।

**2.2.2.1.3. ਹਰ ਵਿਅਕਤੀ ਨੂੰ ਆਪਣੇ ਆਪ ਵਿੱਚ ਉਦੇਸ਼ਾਂ ਦਾ ਸਾਮਰਾਜ ਮੰਨੋ (Treat Every man as a Kingdom of Ends) :** ਹਰ ਵਿਅਕਤੀ ਆਪਣੇ ਆਪ ਵਿੱਚ ਉਦੇਸ਼ ਰੱਖਦਾ ਹੈ ਅਤੇ ਉਹ ਸੁਤੰਤਰਤਾਪੂਰਣ ਇਹ ਉਦੇਸ਼ ਨੂੰ ਜੁੱਟ ਕੇ ਪ੍ਰਾਪਤ ਕਰਨ ਸਕਦਾ ਹੈ। ਇਸ ਗੱਲ ਵਿੱਚ ਉਹ ਇੱਕ ਸਾਮਰਾਜ ਹੈ, ਜਿਸ ਤੇ ਕਿਸੇ ਦੂਸਰੇ ਦਾ ਕੋਈ ਅਧਿਕਾਰ ਨਹੀਂ ਹੋ ਸਕਦਾ। ਦੂਸਰਾ ਵਿਅਕਤੀ ਉਸਦੀ ਨੈਤਿਕ ਸੁਤੰਤਰਤਾ ਵਿੱਚ ਕੋਈ ਦਖ਼ਲ ਨਹੀਂ ਦੇ ਸਕਦਾ। ਇਹ ਨਿਯਮ ਹਰ ਵਿਅਕਤੀ ਦਾ ਆਤਮ-ਸਨਮਾਨ ਸਿੱਧ ਕਰਦਾ ਹੈ, ਉਸ ਨੂੰ ਨੈਤਿਕਤਾ ਦੇ ਲਈ ਮੰਨਣਾ ਜ਼ਰੂਰੀ ਹੈ। ਕਾਂਟ ਦੇ ਕਹਿਣ ਦਾ ਭਾਵ ਹੈ ਕਿ ਹਰ ਵਿਅਕਤੀ ਆਪਣੇ ਆਪ ਵਿੱਚ ਰਾਜਾ ਹੈ ਅਤੇ ਉਹ ਹੀ ਪ੍ਰਜਾ ਹੈ।

ਕਾਂਤ ਦੇ ਨੀਤੀ ਸ਼ਾਸ਼ਤਰ ਨੇ ਜੀਵ-ਨੈਤਿਕ ਸ਼ਾਸ਼ਤਰ ਦੇ ਖੇਤਰ ਵਿਚ ਬਹੁਤ ਪ੍ਰੇਰਨਾ ਦਾ ਕੰਮ ਕੀਤਾ ਹੈ ਜਿਵੇਂ ਇਸ ਦੇ ਸਿੱਟੇ ਵਜੋਂ ਜੀਵ-ਨੈਤਿਕ ਸ਼ਾਸ਼ਤਰ ਦੇ ਖੇਤਰ ਵਿਚ ਸੀਸੀਲਾ (sesela) ਦੀ ਪੁਸਤਕ ਸੱਚ ਦੱਸਣ (Truth-Telling) ਪ੍ਰਤੀ ਅਪੀਲ ਅਤੇ ਥੌਮਸ ਮੁਰੇ (Thomas Murray) ਦਾ ਖੋਜ ਵਿਚ ਧੋਖੇ ਉਪਰ ਹਮਲਾ ਹਨ। ਦੋ ਆਧੁਨਿਕ (deontological) ਦਾਰਸ਼ਨਿਕ ਜੌਹਨ ਰਾਅਲਜ਼ ਅਤੇ ਰੋਬਰਟ ਐਮ.ਵੀਚ (Robert M. Veatch) ਹੋਏ ਹਨ। ਆਪਣੀ ਪੁਸਤਕ 'ਏ ਥਿਊਰੀ ਆਫ਼ ਜਸਟਿਸ' ਵਿਚ ਰਾਅਲਜ਼ ਸਮਾਜ ਦੇ ਸੋਮਿਆਂ ਦੀ ਬਰਾਬਰ ਵੰਡ ਨੂੰ ਸਭ ਤੋਂ ਉਚਤਮ ਮੁੱਲ ਮੰਨਦਾ ਹੈ। ਉਹ ਮੰਨਦਾ ਹੈ ਕਿ ਸਮਾਜ ਦਾ ਇਹ ਬੁਨਿਆਦੀ ਨੈਤਿਕ ਫਰਜ਼ ਬਣਦਾ ਹੈ ਕਿ ਉਹ ਸਮਾਜ ਅੰਦਰ ਇਤਿਹਾਸਿਕ ਸਥਿਤੀ ਦੀ ਅਸਮਾਨਤਾਵਾਂ ਨੂੰ ਠੀਕ ਕਰੇ ਅਤੇ ਹੇਠਲੇ ਵਰਗ ਦੇ ਮੈਂਬਰਾਂ ਦਾ ਖਿਆਲ ਰੱਖੇ। ਇਸ ਸਿਧਾਂਤ ਅਨੁਸਾਰ ਕੋਈ ਕਾਰਜ ਤਦ ਸ਼ੁਭ ਹੈ ਜੇ ਇਹ ਲਤਾੜੇ ਹੋਏ ਵਰਗੇ ਦੇ ਲੋਕਾਂ ਦਾ ਫਾਇਦਾ ਕਰਦਾ ਹੈ। ਘੱਟ ਸੋਮਿਆਂ ਦੀ ਠੀਕ ਵੰਡ ਕਰਨ ਵਿਚ ਜੈਵਿਕ ਨੈਤਿਕ ਸ਼ਾਸ਼ਤਰ ਦੇ ਖੇਤਰ ਵਿਚ ਉਸ ਦੇ 'ਸਮਾਜਿਕ ਨਿਆਂ ਦੇ ਸਿਧਾਂਤ' ਨੇ ਬਹੁਤ ਪ੍ਰਭਾਵ ਪਾਇਆ ਹੈ। ਰੌਬਟ ਐਮ. ਵੈਚ ਨੇ ਮੈਡੀਕਲ ਨੀਤੀ ਸ਼ਾਸ਼ਤਰ ਦੇ ਪੱਤਰ ਵਿਚ ਰਾਅਲਜ਼ ਦੇ ਸਿਧਾਂਤ ਦਾ ਪ੍ਰਯੋਗ ਕੀਤਾ ਹੈ। ਆਪਣੀ ਪੁਸਤਕ 'ਏ ਥਿਊਰੀ ਆਫ਼ ਮੈਡੀਕਲ ਐਥਿਕਸ' (1981) ਵਿਚ ਉਹ ਡਾਕਟਰਾਂ, ਨਰਸਾਂ, ਮਰੀਜ਼ਾਂ ਅਤੇ ਸਮਾਜ ਵਿਚਕਾਰ ਇਕ ਸਮਾਜਿਕ ਸਮਝੌਤੇ ਦਾ ਮਾਡਲ ਦਿੰਦਾ ਹੈ ਜੋ ਇਸ ਗੱਲ ਉਪਰ ਜ਼ੋਰ ਦਿੰਦਾ ਹੈ ਕਿ ਆਪਸੀ ਸਨਮਾਨ ਅਤੇ ਜ਼ਿੰਮੇਵਾਰੀਆਂ ਦਾ ਜ਼ਰੂਰ ਹੀ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਇਹ ਸਮਝੌਤਾ ਨੀਤੀ ਸ਼ਾਸ਼ਤਰ ਦੇ ਤੰਗ ਸਿਧਾਂਤ ਅਤੇ ਵਧੇਰੇ ਵਿਸ਼ਾਲ ਨੈਤਿਕ ਸਿਧਾਂਤਾਂ ਦੇ ਬੰਧਨਾਂ ਦੀ ਪ੍ਰਵਾਹ ਨਹੀਂ ਕਰਦਾ।

**2.2.3 ਪ੍ਰਾਕ੍ਰਿਤਕ ਕਾਨੂੰਨ ਸਿੱਧਾਂਤ :**

ਜੀਵ ਨੀਤੀ ਸ਼ਾਸ਼ਤਰ ਵਿਚ ਤੀਜਾ ਨੈਤਿਕ ਸਿਧਾਂਤ ਜੋ ਮਹੱਤਵਪੂਰਨ ਹੈ, ਉਹ ਹੈ ਪ੍ਰਾਕ੍ਰਿਤਕ ਕਾਨੂੰਨ ਸਿਧਾਂਤ (Natural Law Theory) ਜਿਸ ਦਾ ਸਭ ਤੋਂ ਪਹਿਲਾਂ ਥੋਮਸ ਇਕਵੀਨੈੱਸ (1223-1274) ਨੇ ਵਿਕਾਸ ਕੀਤਾ। ਇਸ ਸਿਧਾਂਤ ਅਨੁਸਾਰ ਸਾਡੇ ਕਾਰਜ ਨੈਤਿਕ ਤੌਰ ਤੇ ਉਚਿਤ ਹੁੰਦੇ ਹਨ ਜੇ ਉਹ ਮਾਨਵੀ ਜੀਵਾਂ ਤੇ ਸਰੂਪ ਅਨੁਸਾਰ ਹਨ। ਮਨੁੱਖ ਦਾ ਵਿਸ਼ੇਸ਼ ਗੁਣ ਉਸ ਅੰਦਰ ਤਰਕ ਕਰਨ ਦੀ ਯੋਗਤਾ ਹੈ ਜੋ ਬੁੱਧੀ ਦਾ ਇਸਤੇਮਾਲ ਦੀ ਸ਼ਕਤੀ ਹੁੰਦਾ ਹੈ। ਇਸ ਸਿਧਾਂਤ ਦਾ ਅਰਥ ਹੈ ਕਿ ਅਸੀਂ ਉਸ ਭਲਾਈ ਨੂੰ ਜਾਣ ਸਕਦੇ ਹਾਂ ਜੋ ਵਸਤੂਗਤ ਹੁੰਦੀ ਹੈ ਅਤੇ ਜਿਸ ਨੂੰ ਤਰਕ ਦੁਆਰਾ ਸਿੱਖਿਆ ਜਾ ਸਕਦਾ ਹੈ। ਇਸ ਸਿਧਾਂਤ ਦਾ ਪ੍ਰਭਾਵ ਜੌਹਨ ਟੀ. ਨੂਨਨ ਜੂਨੀਅਰ ਦਾ ਗਰਭਪਾਤ ਉਪਰ ਹਮਲਾ ਹੈ।

**2.2.4 ਸਦਗੁਣ ਦਾ ਸਿੱਧਾਂਤ :**

ਸਦਗੁਣ ਦਾ ਸਿਧਾਂਤ (Theory of Virtue) ਇਕ ਹੋਰ ਨੈਤਿਕ ਸਿਧਾਂਤ ਹੈ ਜਿਸ ਦੀਆਂ ਡੂੰਘੀਆਂ ਜੜ੍ਹਾਂ ਅਰਸਤੂ ਦੀ ਰਵਾਇਤ ਵਿਚ ਹਨ ਅਤੇ ਹੁਣੇ-ਹੁਣੇ ਇਸ ਨੂੰ ਜੈਵਿਕ ਨੀਤੀ ਸ਼ਾਸ਼ਤਰ ਦੇ ਖੇਤਰ ਵਿਚ ਮੁੜ-ਸੁਰਜੀਤ ਕੀਤਾ ਗਿਆ ਹੈ। ਇਹ ਸਿਧਾਂਤ ਕਿਸੇ ਖਾਸ ਕਾਰਜਾਂ ਦੀ ਨੈਤਿਕਤਾ ਉਪਰ ਜ਼ੋਰ ਨਹੀਂ ਦਿੰਦਾ ਸਗੋਂ ਇਸ ਅਨੁਸਾਰ ਮਨੁੱਖ ਸਦਗੁਣੀ ਹੈ। ਇਸ ਲਈ ਹਮੇਸ਼ਾਂ ਹੀ ਨੈਤਿਕ ਤੌਰ 'ਤੇ ਹੀ ਕਾਰਜ ਕਰਦਾ ਹੈ। ਆਧੁਨਿਕ ਸਮੇਂ ਵਿਚ ਇਸ ਸਿਧਾਂਤ ਦਾ ਪੈਰੋਕਾਰ ਅਲਾਸਡੇਅਰ (Alasdaire) ਹੈ ਜਿਸ ਦੀ ਪੁਸਤਕ 'ਆਫ਼ਟਰ ਵਰਚਿਊ' (After Virture) (1980) ਅਰਸਤੂ ਦੇ ਮਾਡਲ ਦੀ ਵਾਪਸੀ ਹੈ। ਗਰੇਗਰੀ ਪੈਂਸ (Gregory Pence) ਨੇ 'ਸਦਗੁਣ ਸਿਧਾਂਤ ਦਾ ਸਿੱਧੇ ਤੌਰ 'ਤੇ ਮੈਡੀਸਨ ਵਿਚ ਇਸਤੇਮਾਲ ਕੀਤਾ। ਆਪਣੀ ਪੁਸਤਕ "ਐਥੀਕਲ ਆਪਸ਼ਨਜ ਇਨ ਮੈਡੀਸਨ (1980) ਵਿਚ ਉਸ ਨੇ ਇਹ ਸੂਚੀ ਬਣਾਈ ਹੈ ਕਿ ਨਿੱਜੀ ਜੀਵਨ ਵਿਚ ਸੰਜਮ, ਦੁਖੀ ਮਰੀਜ਼ਾਂ ਪ੍ਰਤੀ ਸਹਾਨਭੂਤੀ, ਧੰਦੇ ਵਿਚ ਕੁਸ਼ਲਤਾ, ਨਿਆਂ, ਇਮਾਨਦਾਰੀ, ਹੌਂਸਲਾ ਅਤੇ ਵਿਵਹਾਰਕ ਨਿਰਣੇ ਨੂੰ ਉਹਨਾਂ ਸਦਗੁਣਾਂ ਦੇ ਤੌਰ 'ਤੇ ਲਿਆ ਹੈ ਜਿਹਨਾਂ ਦਾ ਡਾਕਟਰ (Physician) ਵਿਚ ਹੋਣਾ ਲਾਜ਼ਮੀ ਹੈ।

**ਆਪਣੇ ਗਿਆਨ ਦੀ ਪਰਖ ਕਰੋ**

1. ਉਦੇਸ਼ਵਾਦੀ ਸਿਧਾਂਤ ਨੇ ਜੈਵਿਕ ਨੀਤੀ ਸ਼ਾਸਤਰ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ ?

______________________________________________________________________
______________________________________________________________________
______________________________________________________________________

2. ਸਦਗੁਣ ਦੇ ਸਿਧਾਂਤ ਬਾਰੇ ਚਰਚਾ ਕਰੋ।

______________________________________________________________________
______________________________________________________________________
______________________________________________________________________

3. ਪਰਿਨਾਮ ਨਿਰਪੇਖਬੰਦੀ ਸਿਧਾਂਤ ਬਾਰੇ ਚਰਚਾ ਕਰੋ।

______________________________________________________________________
______________________________________________________________________
______________________________________________________________________

**ਮਹੱਤਵਪੂਰਨ ਸ਼ਬਦ**

**ਪ੍ਰਾਕ੍ਰਿਤਕ ਕਾਨੂੰਨ ਸਿਧਾਂਤ (Natural Law Theory)**

ਇਸ ਸਿਧਾਂਤ ਦਾ ਵਿਕਾਸ ਥੋਮਸ, ਇਨਵੀਲੈੱਸ ਨੇ ਕੀਤਾ ਜਿਸ ਅਨੁਸਾਰ ਸਾਡੇ ਕਾਰਜ ਨੈਤਿਕ ਤੌਰ ਤੇ ਉਚਿੱਤ ਹੁੰਦੇ ਹਨ। ਜੇ ਉਹ ਮਾਨਵੀ ਜੀਵਾਂ ਦੇ ਰੂਪ ਅਨੁਸਾਰ ਹੋਣ, ਮਨੁੱਖ ਦਾ ਵਿਸ਼ੇਸ਼ ਗੁਣ ਉਸ ਅੰਦਰ ਤਰੱਕ ਕਰਨ ਦੀ ਯੋਗਤਾ ਹੈ। ਜੋ ਬੁੱਧੀ ਦਾ ਇਸਤੇਮਾਲ ਕਰਨ ਦੀ ਸ਼ਕਤੀ ਹੁੰਦਾ ਹੈ। ਇਸ ਸਿਧਾਂਤ ਅਨੁਸਾਰ ਅਸੀਂ ਉਸ ਭਲਾਈ ਨੂੰ ਜਾਣਦੇ ਹਾਂ ਜੋ ਵਸਤੂਗੱਤ ਹੁੰਦੀ ਹੈ ਅਤੇ ਇਸ ਨੂੰ ਤਰੱਕ ਰਾਹੀਂ ਸਿਖਿਆ ਜਾ ਸਕਦਾ ਹੈ। ਇਸ ਸਿਧਾਂਤ ਦਾ ਪ੍ਰਭਾਵ ਜੋਹਨ. ਟੀ. ਨੂਨਨ ਜੂਨੀਅਰ ਦਾ ਗਰਭਪਾਤ ਉੱਤੇ ਹਮਲਾ ਹੈ।

**ਸਦਗੁਣ ਦਾ ਸਿਧਾਂਤ (Theory of Virture)**

ਇਕ ਹੋਰ ਨੈਤਿਕ ਸਿਧਾਂਤ ਜਿਸ ਦੀਆਂ ਜੜ੍ਹਾਂ ਅਰਸਤੂ ਦੀ ਰਵਾਇਤ ਵਿਚ ਹਨ ਅਤੇ ਇਸ ਨੂੰ ਹੁਣੇ-ਹੁਣੇ ਜੈਵਿਕ ਨੀਤੀ ਸ਼ਾਸਤਰ ਵਿਚ ਮੁੜ ਸੁਰਜੀਤ ਕੀਤਾ ਗਿਆ ਹੈ। ਇਸ ਅਨੁਸਾਰ ਮਨੁੱਖ ਸਦਗੁਣੀ ਹੈ ਅਤੇ ਹਮੇਸ਼ਾਂ ਨੈਤਿਕ ਤੌਰ ਤੇ ਹੀ ਕਾਰਜ ਕਰਦਾ ਹੈ। ਅਲਾਸਡੈਅਰ ਮੈੱਕਐਤੰਰੇ ਦੀ ਪੁਸਤਕ (After Virtue) ਅਰਸਤੂ ਦੇ ਮਾਡਲ ਦੀ ਵਾਪਸੀ ਹੈ। ਗ੍ਰੈਗਰੀਪੈਂਸ ਨੇ ਸਦਗੁਣ ਸਿਧਾਂਤ ਦਾ ਆਪਣੀ ਪੁਸਤਕ 'ਐਥੀਕਲ ਔਪਸ਼ਨ ਇਨ ਮਲਡੀਸਨ' ਵਿਚ ਸਦਗੁਣਾਂ ਜਿਵੇਂ ਸੰਜਮ ਦੁਖੀ ਮਰੀਜ਼ਾਂ ਪ੍ਰਤੀ ਸਹਾਨਭੂਤੀ, ਧੰਦੇ ਵਿਚ ਕੁਸ਼ਲਤਾ, ਨਿਆ, ਇਮਾਨਦਾਰ, ਹੌਂਸਲਾ ਆਦਿ ਦੀ ਸੂਚੀ ਤਿਆਰ ਕੀਤੀ ਹੈ ਅਤੇ ਇਹਨਾਂ ਸਦਗੁਣਾਂ ਨੂੰ ਡਾਕਟਰ ਵਿਚ ਹੋਣਾ ਲਾਜ਼ਮੀ ਹੈ।

**2.4 ਪ੍ਰਸ਼ਨ :** (1) ਉਦੇਸ਼ਵਾਦੀ ਸਿਧਾਂਤ ਨੇ ਜੈਵਿਕ ਨੀਤੀ ਸ਼ਾਸ਼ਤਰ ਨੂੰ ਕਿਵੇਂ ਪ੍ਰਭਾਵਿਤ ਕੀਤਾ ?

(2) ਸਦਗੁਣ ਦੇ ਸਿਧਾਂਤ ਬਾਰੇ ਚਰਚਾ ਕਰੋ।

**ਛੋਟੇ ਪ੍ਰਸ਼ਨ:** (1) ਹਾਲਤ ਨੀਤੀ ਸ਼ਾਸ਼ਤਰ

(2) ਸੁਖਵਾਦ

(3) ਪ੍ਰਾਕ੍ਰਿਤਕ ਕਾਨੂੰਨੀ ਸਿਧਾਂਤ

(4) ਸੱਚ ਦੱਸਣਾ

(5) ਉਪਯੋਗਤਾਵਾਦੀ ਕਲਨ।

**2.5 ਹਵਾਲੇ ਅਤੇ ਤਜਵੀਜ਼ ਪੁਸਤਕਾਂ :**


1. Almond Brenda : Introduction to Applied Ethics (ed.), Blackwell Publishers, Oxford, 1987.
2. Chahal Dr. Surjit Kaur : Environment and The Moral Life, Towards a new Paradigm, Ashish Publishing House, New Delhi 1994.
3. Chandana, R.C. Environmental Awareness, Kalyani Publishers, Ludhiana, 1996.
4. David Boneval (ed.) Today's Moral Issues: Classic and Contemporary Perspetive, Mayfield Publishing Co. London.
5. Savinder Singh: Environment Geogrpahy, Prayag Pustak Bhawan, Allahabad.
6. Titus, Harlod H: Ethics for Today, Eurasia Publishing House New Delhi.

ਪਾਠ ਨੰ: **1.3** ਲੇਖਕ : ਡਾ. ਰਾਜਬਾਲਾ ਸ਼ੇਖੋਂ

## ਵਾਤਾਵਰਣ ਦੇ ਬੁਨਿਆਦੀ ਸੰਕਲਪ
## (ਪ੍ਰਸਥਿਤੀ ਪ੍ਰਣਾਲੀ, ਪ੍ਰਸਥਿਤੀ ਵਿਗਿਆਨ)

ਬਣਤਰ

3.0 ਉਦੇਸ਼
3.1 ਜ਼ਰੂਰਤ
3.2 ਮਨੁੱਖ ਅਤੇ ਵਾਤਾਵਰਣ ਇੱਕ ਹਨ
3.3 ਪ੍ਰਦੂਸ਼ਕ ਤੱਤਾਂ ਦੇ ਸਾਧਨ
3.4 ਪ੍ਰਦੂਸ਼ਣ ਦੀਆਂ ਕਿਸਮਾਂ
    3.4.1 ਪ੍ਰਦੂਸ਼ਣ ਦੇ ਸਰੂਪ ਦੇ ਆਧਾਰ ਤੇ
    3.4.2 ਪ੍ਰਦੂਸ਼ਣ ਦੇ ਸਾਧਨ ਦੇ ਆਧਾਰ ਤੇ
    3.4.3 ਪ੍ਰਦੂਸ਼ਣ ਦੇ ਖੇਤਰ ਦੇ ਆਧਾਰ ਤੇ
3.5 ਵਾਤਾਵਰਣ ਲਈ ਖਤਰਨਾਕ ਪ੍ਰਮੁੱਖ ਪ੍ਰਦੂਸ਼ਣ
    3.5.1. ਹਵਾ ਪ੍ਰਦੂਸ਼ਣ ਦਾ ਅਰਥ
    3.5.2 ਪਰਿਭਾਸ਼ਾਵਾਂ
    3.5.3 ਵਾਯੂ ਮੰਡਲ ਵਿੱਚ ਹਵਾ ਦੀ ਬਣਤਰ
    3.5.4 ਹਵਾ ਪ੍ਰਦੂਸ਼ਕ ਤੱਤ
        3.5.4.1 ਸਰੂਪ ਤੇ ਆਧਾਰ ਤੇ
            3.5.4.1.1 ਠੋਸ ਪਦਾਰਥ
            3.5.4.1.2 ਰਸਾਇਣਿਕ ਪ੍ਰਦੂਸ਼ਕ ਤੱਤ
        3.5.4.2 ਕਾਰਣ ਦੇ ਆਧਾਰ ਤੇ
            3.5.4.2.1 ਕੁਦਰਤੀ ਪ੍ਰਦੂਸ਼ਕ ਤੱਤ
            3.5.4.2.2 ਮਨੁੱਖੀ ਪ੍ਰਦੂਸ਼ਕ ਤੱਤ
3.6 ਹਵਾ ਪ੍ਰਦੂਸ਼ਣ ਦੇ ਕਾਰਣ
    3.6.1. ਉਦਯੋਗੀਕਰਣ
    3.6.2. ਆਵਾਜਾਈ ਦੇ ਸਾਧਨ
    3.6.3. ਪਰਮਾਣੂ ਊਰਜਾ ਦਾ ਪ੍ਰਯੋਗ
    3.6.4. ਜਵਾਲਾਮੁਖੀ ਦਾ ਫੱਟਣਾ
    3.6.5. ਦੋਸ਼ਪੂਰਣ ਸੀਵਰੇਜ ਅਤੇ ਕੂੜਾ ਕਰਕਟ
    3.6.6. ਖਾਨਾਂ ਦੀ ਖੁਦਾਈ
    3.6.7. ਸਿਗਰਟਾਂ ਦਾ ਪ੍ਰਯੋਗ
    3.6.8. ਰਸਾਇਣਿਕ ਕੀਟਨਾਸ਼ਕਾਂ ਦਾ ਪ੍ਰਯੋਗ
    3.6.9. ਜੰਗਲੀ ਅੱਗ
    3.6.10. ਬੈਕਟੀਰੀਆ ਅਤੇ ਜ਼ਹਿਰੀਲੇ ਤੱਤ

3.6.11. ਬਾਲਣ
3.6.12. ਖੁਸ਼ਬੂ ਅਤੇ ਵਾਸ਼ਣਾ
3.6.13. ਪਟਾਕੇ
3.6.14. ਪਰਾਲੀ ਬਾਲਣਾ

3.7 ਹਵਾ ਪ੍ਰਦੂਸ਼ਣ ਰਾਹੀਂ ਨੁਕਸਾਨ
3.7.1. ਸਿਹਤ ਨੂੰ ਨੁਕਸਾਨ
3.7.2. ਫਸਲਾਂ, ਪੌਦਿਆਂ ਅਤੇ ਹੋਰ ਵਸਤਾਂ ਨੂੰ ਨੁਕਸਾਨ
3.7.3. ਸੰਵੇਦਨਾਵਾਂ ਤੇ ਅਸਰ
3.7.4. ਗੰਧ
3.7.5. ਪ੍ਰਸਥਿਤੀ ਪ੍ਰਣਾਲੀ ਤੇ ਅਸਰ
3.7.6. ਕੁਦਰਤੀ ਮਾਹੌਲ ਤੇ ਅਸਰ
3.7.7. ਪੌਦਿਆਂ ਤੇ ਅਸਰ

3.8. ਹਵਾ ਪ੍ਰਦੂਸ਼ਣ ਸੰਬੰਧੀ ਰੋਕਥਾਮ
3.8.1. ਪ੍ਰਸ਼ਾਸ਼ਨਿਕ ਕਦਮ
3.8.2. ਰੁੱਖਾਂ ਦੀ ਸੰਭਾਲ
3.8.3. ਲੋਕਾਂ ਨੂੰ ਸਿੱਖਿਆ ਦੇਣਾ
3.8.4. ਨੈਤਿਕ ਸਿੱਖਿਆ
3.8.5. ਪ੍ਰਦੂਸ਼ਣ ਕਾਨੂੰਨ
3.8.6. ਧੂੰਏਂ ਦਾ ਸਹੀ ਨਾਸ਼
3.8.7. ਫੈਕਟਰੀਆਂ ਲਈ ਉੱਚਿਤ ਸਥਾਨ
3.8.8. ਉਦਯੋਗਿਕ ਉਤਪਾਦ ਦਾ ਬਹੁ-ਪ੍ਰਯੋਗ
3.8.9. ਆਵਾਜਾਈ ਦੇ ਸਾਧਨਾਂ ਵਿੱਚ ਸੁਧਾਰ
3.8.10 ਪ੍ਰਮਾਣੂ ਧਮਾਕਿਆਂ ਤੇ ਰੋਕ
3.8.11 ਜਨਸੰਖਿਆ ਅਤੇ ਸ਼ਹਿਰੀਕਰਣ ਤੇ ਰੋਕ
3.8.12 ਪਰਾਲੀ ਨੂੰ ਜਲਾਉਣ ਸੰਬੰਧੀ ਰੋਕਥਾਮ

3.9 ਪਾਣੀ ਪ੍ਰਦੂਸ਼ਣ
3.9.1 ਪਰਿਭਾਸ਼ਾਵਾਂ
3.9.2 ਪਾਣੀ ਦੇ ਸਾਧਨ
3.9.3 ਪਾਣੀ ਪ੍ਰਦੂਸ਼ਕ ਤੱਤ
3.9.3.1 ਕੁਦਰਤੀ ਪਾਣੀ ਪ੍ਰਦੂਸ਼ਕ ਤੱਤ
3.9.3.2 ਮਨੁੱਖੀ ਪਾਣੀ ਪ੍ਰਦੂਸ਼ਕ ਤੱਤ
3.9.3.2.1 ਉਦਯੋਗਿਕ ਪ੍ਰਦੂਸ਼ਕ ਤੱਕ
3.9.3.2.2. ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ
3.9.3.2.3. ਪਾਣੀ ਦਾ ਦੁਰਉਪਯੋਗ ਅਤੇ ਵੱਧ ਵਰਤੋਂ
3.9.3.2.4. ਕੀਟਨਾਸ਼ਕ ਦਵਾਈਆਂ
3.9.3.2.5. ਫਲਾਂ ਅਤੇ ਸਬਜ਼ੀਆਂ ਧੋਣਾਂ
3.9.3.2.6. ਸੀਵੇਜ (Sewage)

3.9.3.2.7. ਪਾਣੀ ਦਾ ਦੁਰਉਪਯੋਗ
3.9.3.2.8. ਪਾਖਾਨੇ
3.9.3.2.9. ਮੁਰਦਿਆਂ ਦੀਆਂ ਹੱਡੀਆਂ ਦਰਿਆਵਾਂ ਵਿੱਚ ਸੁੱਟਣਾ
3.9.3.2.10. ਸ਼ਰਧਾਲੂਆਂ ਦਾ ਨਹਾਉਣਾ

3.10 ਪਾਣੀ ਪ੍ਰਦੂਸ਼ਣ ਦੇ ਕਾਰਣ
3.10.1. ਉਦਯੋਗਿਕ ਗਤੀਵਿਧੀਆਂ
3.10.2. ਖੇਤੀਬਾੜੀ
3.10.3. ਸੀਵਰੇਜ
3.10.4. ਪਖਾਨੇ
3.10.5. ਤੇਜ਼ਾਬੀ ਵਰਖਾ
3.10.6. ਸੀਵਰੇਜ ਅਤੇ ਪਾਣੀ ਲਾਈਨਾਂ ਦੇ ਨਜ਼ਦੀਕ ਹੋਣਾ
3.10.7. ਮੁਰਦਿਆਂ ਦੇ ਫੁੱਲ ਨਦੀਆਂ ਵਿੱਚ ਤਰਾਉਣਾ
3.10.8. ਟੋਬਿਆਂ ਦਾ ਦੁਰਉਪਯੋਗ
3.10.9. ਗਰਮ ਪਾਣੀ ਦਾ ਪ੍ਰਯੋਗ
3.10.10 ਖਣਿਜ ਤੇਲ

3.11 ਪਾਣੀ ਪ੍ਰਦੂਸ਼ਣ ਰਾਹੀਂ ਪੈਦਾ ਹੋਣ ਵਾਲੇ ਖਤਰੇ
3.11.1. ਸਿਹਤ ਨੂੰ ਖਤਰੇ
3.11.2. ਪੌਦੇ ਅਤੇ ਫਸਲਾਂ ਨੂੰ ਖਤਰੇ
3.11.3. ਮਿੱਟੀ ਨੂੰ ਖਤਰੇ
3.11.4. ਕੁਦਰਤੀ ਵਾਤਾਵਰਣ ਨੂੰ ਖਤਰੇ
3.11.5. ਪ੍ਰਸਥਿਤੀ-ਪ੍ਰਣਾਲੀ ਨੂੰ ਖਤਰੇ

3.12 ਪਾਣੀ ਪ੍ਰਦੂਸ਼ਣ ਸੰਬੰਧੀ ਰੋਕਥਾਮ
3.12.1. ਪ੍ਰਸ਼ਾਸਨਿਕ ਕਦਮ
3.12.2. ਨੈਤਿਕ ਸਿੱਖਿਆ
3.12.3. ਜੈਵਿਕ ਕੀਟਨਾਸ਼ਕਾਂ ਦੀ ਵਰਤੋਂ
3.12.4. ਕਲੋਰੀਕਰਣ
3.12.5. ਉਪਯੋਗਾਂ ਨੂੰ ਨਿਰਦੇਸ਼
3.12.6. ਖਣਿਜ ਤੇਲਾਂ ਪ੍ਰਤੀ ਚੌਕਸੀ
3.12.7. ਧਾਰਮਿਕ ਨਜ਼ਰੀਏ ਵਿੱਚ ਸੁਧਾਰ

3.13 ਧੁਨੀ ਪ੍ਰਦੂਸ਼ਣ
3.13.1 ਧੁਨੀ ਅਤੇ ਸ਼ੋਰ
3.13.2 ਪਰਿਭਾਸ਼ਾਵਾਂ
3.13.3 ਧੁਨੀ ਪ੍ਰਦੂਸ਼ਣ ਦੇ ਸ੍ਰੋਤ
3.13.3.1 ਕੁਦਰਤੀ ਧੁਨੀ ਪ੍ਰਦੂਸ਼ਣ
3.13.3.2 ਜੈਵਿਕ ਧੁਨੀ ਪ੍ਰਦੂਸ਼ਣ
3.13.3.3 ਪੇਂਡੂ ਧੁਨੀ ਪ੍ਰਦੂਸ਼ਣ

3.13.3.4 ਉਦਯੋਗਿਕ ਧੁਨੀ ਪ੍ਰਦੂਸ਼ਣ
3.13.3.5 ਖਾਨਾਂ ਦੇ ਧੁਨੀ ਪ੍ਰਦੂਸ਼ਣ
3.13.3.6 ਸ਼ਹਿਰੀ ਧੁਨੀ ਪ੍ਰਦੂਸ਼ਣ

3.14 ਧੁਨੀ ਪ੍ਰਦੂਸ਼ਣ ਦੇ ਪ੍ਰਭਾਵ
3.14.1. ਆਮ ਪ੍ਰਭਾਵ
3.14.2. ਸੁਣਨ ਸ਼ਕਤੀ ਤੇ ਪ੍ਰਭਾਵ
3.14.3. ਮਨੋਵਿਗਿਆਨਕ ਪ੍ਰਭਾਵ
3.14.4. ਸਰੀਰਕ ਪ੍ਰਭਾਵ

3.15 ਧੁਨੀ ਪ੍ਰਦੂਸ਼ਣ ਸੰਬੰਧੀ ਰੋਕਥਾਮ
3.15.1. ਪ੍ਰਸ਼ਾਸਨਿਕ ਕਦਮ
3.15.2. ਨੈਤਿਕ ਸਿੱਖਿਆ
3.15.3. ਧਾਰਮਿਕ ਰੀਤਾਂ ਅਤੇ ਸਭਿਆਚਾਰ ਸੰਬੰਧੀ ਕਦਮ
3.15.4. ਉਦਯੋਗਿਕ ਰੋਕਥਾਮ
3.15.5. ਸਲੀਕੇ
3.15.6. ਆਵਾਜਾਈ ਦੇ ਸਾਧਨ ਸੰਬੰਧੀ
3.15.7. ਆਵਾਜ਼ ਸੋਖਣ ਵਾਲੇ ਯੰਤਰਾਂ ਦਾ ਪ੍ਰਯੋਗ
3.15.8. ਸਰਕਾਰੀ ਕਾਨੂੰਨ

3.16 ਸਿੱਟਾ
3.17 ਮਹੱਤਵਪੂਰਨ ਸ਼ਬਦ
3.18 ਪਾਠ ਸੰਬੰਧਿਤ ਪ੍ਰਸ਼ਨ
3.19 ਵਧੇਰੇ ਸਮੱਗਰੀ ਲਈ ਕਿਤਾਬਾਂ ਦੀ ਸੂਚੀ

**3.0 ਉਦੇਸ਼ :**

ਮਨੁੱਖ ਬ੍ਰਹਿਮੰਡ ਦਾ ਕੇਂਦਰੀ ਧੁਰਾ ਹੈ। ਮਨੁੱਖ ਦੀਆਂ ਪਦਾਰਥਵਾਦੀ ਨੀਤੀਆਂ ਤੋਂ ਉਸ ਦੇ ਚੌਗਿਰਦੇ ਅਤੇ ਵਾਤਾਵਰਨ ਨੂੰ ਬਚਾਉਣਾ ਹੈ। ਦੂਜੇ ਸ਼ਬਦਾਂ ਵਿੱਚ ਅੱਜ ਮਨੁੱਖ ਨੇ ਹਵਾ, ਪਾਣੀ ਅਤੇ ਧੁਨੀ ਨੂੰ ਪ੍ਰਦੁਸ਼ਤ ਕਰ ਦਿੱਤਾ ਹੈ। ਇਸ ਦੀ ਰੋਕਥਾਮ ਕਰਨ ਵਿਚ ਵਿਦਿਆਰਥੀਆਂ ਦਾ ਕੀ ਯੋਗਦਾਨ ਹੋਵੇਗਾ। ਪਰਿਸਥਿਤੀ ਵਿਗਿਆਨ ਅਤੇ ਪਰਿਸਥਿਤੀ ਪ੍ਰਣਾਲੀ ਨੂੰ ਅੱਜ ਸਮਝਣ ਦੀ ਲੋੜ ਹੈ। ਭਾਵੇਂ ਸਾਡੀਆਂ ਸਰਕਾਰਾਂ ਆਪਣਾ ਰੋਲ ਅਦਾ ਕਰ ਰਹੀਆਂ ਹਨ, ਪਰ ਆਮ ਜਨਤਾ ਨੂੰ ਸੁਚੇਤ ਕਰਨਾ ਵੀ ਸਾਡਾ ਫ਼ਰਜ ਹੈ।

ਵਿਹਾਰਿਕ ਨੀਤੀ-ਸ਼ਾਸ਼ਤਰ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਜੀਵਨ ਦੇ ਇਸ ਮੁੱਢਲੇ ਆਧਾਰ ਵਾਤਾਵਰਣ ਨੂੰ ਬਚਾਉਣਾ ਹੈ। ਇਸ ਲਈ ਕੇਵਲ ਜਾਣਕਾਰੀ ਹੀ ਕਾਫ਼ੀ ਨਹੀਂ ਬਲਕਿ ਜਿਵੇਂ ਕਿ ਇਹ ਨਾ ਕੇਵਲ ਭਾਰਤਵਾਸੀਆਂ ਲਈ ਬਲਕਿ ਸਾਰੇ ਸੰਸਾਰ ਭਰ ਦੇ ਲੋਕਾਂ ਵਿੱਚ ਇੱਕ ਲਹਿਰ ਦੇ ਤੌਰ ਤੇ ਨੈਤਿਕ ਬਣ ਕੇ ਇਸ ਸਮੱਸਿਆ ਨੂੰ ਦੂਰ ਕਰਨਾ ਹੈ। ਇਸ ਨਾਲ ਕੇਵਲ ਮਨੁੱਖੀ ਸੱਤਾ ਹੀ ਨਹੀਂ ਬਲਕਿ ਸਾਰੀਆਂ ਹੋਰ ਪ੍ਰਜਾਤੀਆਂ (Species) ਅਤੇ ਸੰਪੂਰਣ ਕੁਦਰਤ ਵੀ ਪਤਨ ਕਿਨਾਰੇ ਹੈ। ਇਸ ਸਮੱਸਿਆ ਨੂੰ ਨਾ ਕੇਵਲ ਸਿਧਾਂਤਾਂ ਵਿੱਚ ਬਲਕਿ ਸੰਪੂਰਣ ਮਨੁੱਖੀ ਪ੍ਰਜਾਤੀ ਦੇ ਵਿਵਹਾਰ ਵਿੱਚ ਇਸ ਪ੍ਰਤੀ ਸਾਕਾਰਾਤਮਕ ਅਤੇ ਨੈਤਿਕ ਦ੍ਰਿਸ਼ਟੀਕੋਣ ਜ਼ਰੂਰੀ ਹੈ। ਵਾਤਾਵਰਣ ਨਾ ਕੇਵਲ ਮਨੁੱਖ ਬਲਕਿ ਹਰ ਪ੍ਰਕਾਰ ਦੇ ਜੀਵਨ ਲਈ ਬਹੁਤ ਹੀ ਮੁੱਢਲਾ ਆਧਾਰ ਹੈ। ਜਿਵੇਂ ਇਸ ਨੂੰ ਖਰਾਬ ਕਰਨ ਵਿੱਚ ਕੇਵਲ ਮਨੁੱਖ ਜ਼ਿੰਮੇਵਾਰ ਹੈ ਉਸੇ ਤਰ੍ਹਾਂ ਕੇਵਲ ਮਨੁੱਖ ਨੂੰ ਹੀ ਇਸ ਨੂੰ ਬਚਾਉਣ ਸੰਬੰਧੀ ਵੱਧੋ-ਵੱਧ ਕੋਸ਼ਿਸ਼ਾਂ ਕਰਨੀਆਂ ਪੈਣਗੀਆਂ। ਇਸ ਸੰਬੰਧੀ ਉਸ ਲਈ ਪਹਿਲੀ ਸ਼ਰਤ ਉਸ ਦਾ ਨੈਤਿਕ ਬਣਨਾ ਹੈ। ਇਸ ਸਮੱਸਿਆ ਮਨੁੱਖ ਦੇ ਵਧੇਰੇ ਅਨੈਤਿਕ ਬਨਣ ਕਾਰਣ ਹੀ ਪੈਦਾ ਹੋਈ ਹੈ। ਜੇ ਨੀਤੀ-ਸ਼ਾਸ਼ਤਰ ਵਿਵਹਾਰਿਕ ਰੂਪ ਵਿੱਚ ਵਾਤਾਵਰਣ ਸੰਬੰਧੀ ਕੋਸ਼ਿਸ਼ਾਂ ਵਿੱਚ ਕਾਮਯਾਬ ਹੁੰਦਾ ਹੈ

ਤਾਂ ਇਹ ਨੀਤੀ-ਸ਼ਾਸ਼ਤਰ ਦੀ ਮਨੁੱਖ ਨੂੰ ਅੱਜ ਤੱਕ ਦੀ ਸੱਭ ਤੋਂ ਵੱਡੀ ਦੇਣ ਹੋਵੇਗੀ।

**3.1 ਜ਼ਰੂਰਤ :-**

ਮਨੁੱਖੀ ਜੀਵਨ ਵਿੱਚ ਬਹੁਤ ਸਾਰੇ ਖੇਤਰਾਂ ਵਿੱਚ ਬਹੁਤ ਸਾਰੀਆਂ ਅਜਿਹੀਆਂ ਸਮੱਸਿਆਵਾਂ ਪੈਦਾ ਹੋ ਚੁੱਕੀਆਂ ਹਨ ਜੋ ਨਾ ਕੇਵਲ ਸਮੱਸਿਆਵਾਂ ਹਨ ਬਲਕਿ ਮਨੁੱਖ, ਹੋਰ ਪ੍ਰਜਾਤੀਆਂ ਅਤੇ ਕੁਦਰਤ ਲਈ ਜਾਨਲੇਵਾ ਹਨ। ਇਨ੍ਹਾਂ ਸਮੱਸਿਆਵਾਂ ਨੂੰ ਨਿਪਟਣ ਲਈ ਨਾ ਕੇਵਲ ਜਾਣਕਾਰੀ, ਵਿਗਿਆਨਕ ਪ੍ਰਯੋਗ ਅਤੇ ਸਰਕਾਰ ਦੀਆਂ ਸਕੀਮਾਂ ਕਾਫ਼ੀ ਹਨ ਬਲਕਿ ਮਨੁੱਖ ਅੰਦਰ ਨੈਤਿਕ ਚੇਤਨਾ ਨੂੰ ਮੁੜ-ਸੁਰਜੀਤ ਕਰਨਾ ਵਧੇਰੇ ਜ਼ਰੂਰੀ ਹੈ। ਇਨ੍ਹਾਂ ਸਮੱਸਿਆਵਾਂ ਵਿੱਚੋਂ ਵਾਤਾਵਰਣ ਦੀਆਂ ਸਮੱਸਿਆਵਾਂ ਬਹੁਤ ਹੀ ਚਿੰਤਾਜਨਕ ਅਤੇ ਸੰਪੂਰਣ ਜੀਵਨ ਪ੍ਰਜਾਤੀਆਂ ਲਈ ਘਾਤਕ ਹਨ। ਵਾਤਾਵਰਣ ਸਾਡਾ ਉਹ ਆਲਾ-ਦੁਆਲਾ ਹੈ ਜਿਸ ਵਿੱਚ ਅਸੀਂ ਰਹਿੰਦੇ ਹਾਂ, ਸਾਹ ਲੈਂਦੇ ਹਾਂ, ਖਾਣ-ਪੀਣ ਦੀਆਂ ਚੀਜ਼ਾਂ ਪੈਦਾ ਕਰਦੇ ਹਾਂ ਆਦਿ। ਸਪਸ਼ਟ ਹੈ ਕਿ ਇੱਕ ਸਿਹਤਮੰਦ ਜੀਵਨ ਲਈ ਇੱਕ ਸਿਹਤਮੰਦ ਵਾਤਾਵਰਣ ਜ਼ਰੂਰੀ ਹੈ। ਇਹ ਵਾਤਾਵਰਣ ਬ੍ਰਹਮੰਡ ਦੇ ਨੌ ਗ੍ਰਹਿ ਵਿੱਚੋਂ ਕੇਵਲ ਧਰਤੀ ਤੇ ਉਪਲੱਬਧ ਹੈ। ਇਸ ਲਈ ਇਸ ਨੂੰ ਬਚਾ ਕੇ ਰੱਖਣਾ ਸਾਡਾ ਕੇਵਲ ਫਰਜ਼ ਹੀ ਨਹੀਂ, ਬਲਕਿ ਬਹੁਤ ਵੱਡੀ ਜ਼ਰੂਰਤ ਵੀ ਹੈ।

ਜਿਉਂ ਹੀ ਮਨੁੱਖ ਤਰੱਕੀ ਕਰ ਰਿਹਾ ਹੈ, ਤਕਨੀਕ ਵਿੱਚ ਵਾਧਾ ਹੋ ਰਿਹਾ ਹੈ ਅਤੇ ਜਨ-ਸੰਖਿਆ ਵੱਧ ਰਹੀ ਹੈ, ਤਿਉਂ ਹੀ ਮਨੁੱਖ ਨੇ ਕੁਦਰਤੀ ਰੂਪ ਵਿੱਚ ਬਣੇ ਵਾਤਾਵਰਣ ਨੂੰ ਛੇੜਨਾ, ਉਸ ਦਾ ਦੁਰਉਪਯੋਗ ਕਰਨਾ ਜਾਂ ਉਸ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਲਈ ਵਾਤਾਵਰਣ ਵਿਗੜਦਾ ਜਾ ਰਿਹਾ ਹੈ। ਇਸ ਸੰਕਟ ਨਾਲ ਕੇਵਲ ਪ੍ਰਦੂਸ਼ਣ ਦੀਆਂ ਹੀ ਸਮੱਸਿਆਵਾਂ ਪੈਦਾ ਨਹੀਂ ਹੁੰਦੀਆਂ ਬਲਕਿ ਇਸ ਨਾਲ ਭੋਜਨ ਪ੍ਰਣਾਲੀ (Food Chain) ਤੇ ਵੀ ਬਹੁਤ ਘਾਤਕ ਅਸਰ ਪੈ ਰਿਹਾ ਹੈ। ਇਹ ਜੀਵਨ ਅਤੇ ਇਸ ਦੇ ਗੁਣ ਨੂੰ ਬਹੁਤ ਵੱਡੀ ਧਮਕੀ ਹੈ। ਉਜ਼ੋਨ (Ozone) ਪਰਤ ਵਿੱਚ ਸੁਰਾਖ ਹੋਣਾ, ਵਧਦੀ ਜਨਸੰਖਿਆ ਲਈ ਘੱਟ ਅਤੇ ਸੀਮਤ ਭੋਜਨ-ਸਾਧਨ, ਹਵਾ, ਪਾਣੀ ਅਤੇ ਹੋਰ ਕਈ ਪ੍ਰਕਾਰ ਦੇ ਪ੍ਰਦੂਸ਼ਣ, ਜ਼ਮੀਨ ਹੇਠਲੇ ਪਾਣੀ ਦਾ ਗਿਰ ਰਿਹਾ ਸਤਰ, ਵੱਧਦਾ ਤਾਪਮਾਨ, ਦਰਖਤਾਂ ਦੀ ਕਟਾਈ, ਨਵੇਂ ਦਰਖਤ ਨਾ ਲਗਾਉਣਾ, D.D.T. ਦਾ ਪ੍ਰਯੋਗ, ਥਾਂ-ਥਾਂ ਗੰਦਗੀ ਦੇ ਢੇਰ, ਉਪਜਾਊ ਜ਼ਮੀਨ ਦਾ ਸ਼ੋਸ਼ਣ ਆਦਿ ਕਈ ਅਜਿਹੀਆਂ ਸਮੱਸਿਆਵਾਂ ਹਨ ਜਿਨ੍ਹਾਂ ਨੇ ਮਨੁੱਖ ਦੇ ਨਾਲ-ਨਾਲ ਬਾਕੀ ਸਭ ਪ੍ਰਜਾਤੀਆਂ ਨੂੰ ਵੀ ਨਾਸ਼ ਦੇ ਕੰਢੇ ਲੈ ਆਂਦਾ ਹੈ। ਕੀ ਨਵੇਂ ਯੰਤਰ, ਤਜ਼ਰਬੇ ਅਤੇ ਵਸਤਾਂ ਦੀ ਪੈਦਾਵਾਰ ਉਹਨਾਂ ਲੋਕਾਂ ਤੋਂ ਵਧੇਰੇ ਮਹੱਤਵਪੂਰਣ ਹੈ ਜੋ ਇਨ੍ਹਾਂ ਨੂੰ ਵਰਤਦੇ ਹਨ? ਇਸ ਤਰ੍ਹਾਂ ਮਨੁੱਖ ਆਪਣੀ ਹੀ ਤਬਾਹੀ ਖ਼ੁੱਦ ਪੈਦਾ ਕਰ ਰਿਹਾ ਹੈ।

**3.2 ਮਨੁੱਖ ਅਤੇ ਵਾਤਾਵਰਣ ਇੱਕ ਹਨ (Man and environment are one) :-**

ਸਾਨੂੰ ਸਾਰਿਆਂ ਨੂੰ ਆਪਣੇ ਅੰਦਰ ਇੱਕ ਨੈਤਿਕ ਚੇਤਨਾ ਦੇ ਨਾਲ-ਨਾਲ ਇੱਕ ਪ੍ਰਸਥਿਤੀ-ਵਿਗਿਆਨਕ ਦ੍ਰਿਸ਼ਟੀਕੋਣ (Ecological attitude) ਵੀ ਅਪਣਾਉਣਾ ਪੈਣਾ ਹੈ। ਜਿਵੇਂ ਕਿ Arne Naess ਨੇ ਕਿਹਾ ਹੈ, "ਸਾਨੂੰ ਕੁਦਰਤ ਦੇ ਅੰਦਰੂਨੀ ਮੁੱਲਾਂ ਨੂੰ ਸਮਝਣ ਦੀ ਲੋੜ ਹੈ" (We need to realize the intrinsic value of nature)। ਇਨ੍ਹਾਂ ਸਮੱਸਿਆਵਾਂ ਸੰਬੰਧੀ ਤੱਤ ਦੋ ਪ੍ਰਕਾਰ ਦੇ ਹਨ: (1) ਦਿਖਣਯੋਗ (Visible) ਅਤੇ (2) ਨਾ-ਦਿੱਖਣਯੋਗ (Invisible)। ਇਸੇ ਤਰ੍ਹਾਂ ਪ੍ਰਦੂਸ਼ਕ ਤੱਤ ਸਰੂਪ ਦੇ ਆਧਾਰ ਤੇ ਵੀ ਤਿੰਨ ਪ੍ਰਕਾਰ ਦੇ ਹਨ:

(1) ਠੋਸ ਪਦਾਰਥਕ (Solid Particulate), (2) ਤਰਲ (Liquid) ਅਤੇ (3) ਗੈਸੀ (Gaseous)।

ਇਸੇ ਤਰ੍ਹਾਂ ਇਨ੍ਹਾਂ ਨੂੰ (1) ਪਦਾਰਥਕ (Physical), (2) ਸੱਭਿਆਚਾਰਕ (Cultural) ਅਤੇ (3) ਜੈਵਿਕ (Biological) ਪ੍ਰਦੂਸ਼ਕ ਤੱਤ ਵਿੱਚ ਵੀ ਵੰਡਿਆ ਗਿਆ ਹੈ। ਠੀਕ ਇਸੇ ਤਰ੍ਹਾਂ ਇਨ੍ਹਾਂ ਨੂੰ ਉਹਨਾਂ ਖੇਤਰਾਂ ਦੇ ਆਧਾਰ ਤੇ ਵੀ ਵਰਗੀਕ੍ਰਿਤ ਕੀਤਾ ਗਿਆ ਹੈ, ਜਿਸ ਖੇਤਰ ਨੂੰ ਇਹ ਪ੍ਰਦੂਸ਼ਿਤ ਕਰਦੇ ਹਨ, ਜਿਵੇਂ - (1) ਹਵਾ (Air), (2) ਪਾਣੀ (Water) ਅਤੇ (3) ਮਿੱਟੀ (Soil)।

**3.3 ਪ੍ਰਦੂਸ਼ਕ ਤੱਤਾਂ ਦੇ ਸਾਧਨ (Sources of Pollutants) :-**

ਪ੍ਰਦੂਸ਼ਕ ਤੱਤਾਂ ਦੇ ਸਾਧਨਾਂ ਤੋਂ ਭਾਵ ਉਹ ਕਿਹੜੇ ਸਾਧਨਾਂ ਜਾਂ ਕਾਰਣ ਹਨ ਜੋ ਇਹ ਵੱਖ-ਵੱਖ ਪ੍ਰਕਾਰ ਦੇ ਪ੍ਰਦੂਸ਼ਕ ਤੱਤ ਪੈਦਾ ਕਰ ਰਹੇ ਹਨ। ਆਮ ਤੌਰ ਤੇ ਇਨ੍ਹਾਂ ਸਾਧਨਾਂ ਨੂੰ ਦੋ ਵੱਡੇ ਵਰਗਾਂ ਵਿੱਚ ਵੰਡਿਆ ਗਿਆ ਹੈ :

(i) ਕੁਦਰਤੀ ਸਾਧਨ (Natural Sources) ਅਤੇ

(ii) ਮਾਨਵੀ ਸਾਧਨ (Anthropogenic Sources)।

ਕੁਦਰਤੀ ਸਾਧਨ ਤੋਂ ਭਾਵ ਜਵਾਲਾਮੁੱਖੀ ਦੇ ਕਣ, ਧੂੜ, ਭੂਚਾਲ ਕਾਰਣ ਪੈਦਾ ਹੋਏ ਕਣ, ਹੜ੍ਹਾਂ ਕਾਰਣ ਪੈਦਾ ਹੋਏ ਪ੍ਰਦੂਸ਼ਕ ਤੱਤ ਆਦਿ। ਵਾਤਾਵਰਣ ਵਿੱਚ ਪ੍ਰਦੂਸ਼ਣ ਦੇ ਵੱਡੇ ਸਾਧਨ ਮਨੁੱਖ ਦੀਆਂ ਹਰਕਤਾਂ ਹਨ। ਮਨੁੱਖ ਰਾਹੀਂ ਪੈਦਾ ਹੋਏ ਪ੍ਰਦੂਸ਼ਕ ਤੱਤਾਂ ਵਿੱਚ ਸ਼ਾਮਿਲ ਹਨ- (1) ਉਦਯੋਗਿਕ (Industrial), (2) ਸ਼ਹਿਰੀ (Urban), (3) ਖੇਤੀਬਾੜੀ ਨਾਲ ਸੰਬੰਧਤ (Agricultural), (4) ਜਨਸੰਖਿਆ (Population) ਆਦਿ।

**3.4 ਪ੍ਰਦੂਸ਼ਣ ਦੀਆਂ ਕਿਸਮਾਂ (Types of Pollution) :-**

ਪ੍ਰਦੂਸ਼ਣ ਦੀਆਂ ਕਿਸਮਾਂ ਨੂੰ ਵਰਗੀਕ੍ਰਿਤ ਕਰਨਾ ਕਾਫੀ ਮੁਸ਼ਕਿਲ ਹੈ ਕਿਉਂਕਿ ਪ੍ਰਦੂਸ਼ਕ ਤੱਤ ਅਤੇ ਉਹ ਸਾਧਨ ਹਨ, ਜਿਨ੍ਹਾਂ ਰਾਹੀਂ ਇਹ ਪ੍ਰਦੂਸ਼ਣ ਫੈਲਾਉਂਦੇ ਹਨ ਅਤੇ ਇੱਕ ਦੂਸਰੇ ਨਾਲ ਜੁੜੇ ਹੋਏ ਹਨ। ਇਸ ਲਈ ਪ੍ਰਦੂਸ਼ਣ ਕੁਝ ਹੇਠਾਂ ਦਰਸਾਏ ਵਰਗਾਂ ਰਾਹੀਂ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।

**3.4.1 ਪ੍ਰਦੂਸ਼ਣ ਦੇ ਸਰੂਪ ਦੇ ਆਧਾਰ ਤੇ (On the basis of the nature of Pollution) :**

ਸਰੂਪ ਪੱਖੋਂ ਪ੍ਰਦੂਸ਼ਣ ਨੂੰ ਦੋ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ।

1.3.1 ਪਦਾਰਥਕ ਪ੍ਰਦੂਸ਼ਣ (Physical Pollution) ਅਤੇ

1.3.2 ਸਮਾਜਿਕ ਪ੍ਰਦੂਸ਼ਣ (Social Pollution)

ਪਦਾਰਥਕ ਪ੍ਰਦੂਸ਼ਣ ਤੋਂ ਭਾਵ ਧਰਤੀ, ਹਵਾ ਅਤੇ ਪਾਣੀ ਵਰਗੇ ਵਾਤਾਵਰਣ ਦੇ ਪਦਾਰਥਕ ਤੱਤਾਂ ਦੇ ਗੁਣਾਂ ਵਿੱਚ ਗਿਰਾਵਟ ਹੋਣਾ। ਇਸ ਤਰ੍ਹਾਂ ਪਦਾਰਥਕ ਪ੍ਰਦੂਸ਼ਣ ਅੱਗੇ ਫਿਰ ਤਿੰਨ ਭਾਗਾਂ ਵਿੱਚ ਵੰਡਿਆ ਹੋਇਆ ਹੈ - (1) ਮਿੱਟੀ ਪ੍ਰਦੂਸ਼ਣ (Soil Pollution) (2) ਹਵਾ ਪ੍ਰਦੂਸ਼ਣ (Air Pollution) (3) ਪਾਣੀ ਪ੍ਰਦੂਸ਼ਣ (Water Pollution)। ਸਮਾਜਿਕ ਪ੍ਰਦੂਸ਼ਣ ਤੋਂ ਭਾਵ ਵਧੇਰੇ ਕਿਰਿਆਵਾਂ ਕਾਰਣ ਮਨੁੱਖੀ ਗੁਣਾਂ ਵਿੱਚ ਗਿਰਾਵਟ ਹੋਣਾ। ਇਹ ਵੀ ਅੱਗੇ ਕਈ ਪ੍ਰਕਾਰ ਦਾ ਹੈ; ਜਿਵੇਂ- (1) ਆਰਥਿਕ ਪ੍ਰਦੂਸ਼ਣ (Economic Pollution), (2) ਧਾਰਮਿਕ ਪ੍ਰਦੂਸ਼ਣ (Religious Pollution), (3) ਰਾਜਨੀਤਿਕ ਪ੍ਰਦੂਸ਼ਣ (Political Pollution), (4) ਜਾਤੀ ਪ੍ਰਦੂਸ਼ਣ (Ethinic Pollution) ਅਤੇ (5) ਸਮਾਜਿਕ ਪ੍ਰਦੂਸ਼ਣ (Social Pollution)।

**3.4.2 ਪ੍ਰਦੂਸ਼ਣ ਦੇ ਸਾਧਨ ਦੇ ਆਧਾਰ ਤੇ (On the basis of the medium of Pollution) :**

ਜਿਨ੍ਹਾਂ ਪ੍ਰਦੂਸ਼ਕ ਤੱਤਾਂ ਰਾਹੀਂ ਪ੍ਰਦੂਸ਼ਣ ਫੈਲਾਇਆ ਜਾਂਦਾ ਹੈ ਉਸੇ ਦੇ ਨਾਮ ਤੇ ਪ੍ਰਦੂਸ਼ਣ ਦੀ ਕਿਸਮ ਬਣਾਈ ਗਈ ਹੈ ਜਿਵੇਂ 1.3.3 ਮਿੱਟੀ ਪ੍ਰਦੂਸ਼ਣ (Soil Pollution), 1.3.4 ਹਵਾ ਪ੍ਰਦੂਸ਼ਣ (Air Pollution) ਅਤੇ 1.3.5 ਪਾਣੀ ਪ੍ਰਦੂਸ਼ਣ (Water Pollution)।

**3.4.3 ਪ੍ਰਦੂਸ਼ਣ ਦੇ ਖੇਤਰ ਦੇ ਆਧਾਰ ਤੇ (On the basis of the area of Pollution) :**

ਪ੍ਰਦੂਸ਼ਣ ਜਿਸ ਖੇਤਰ ਨੂੰ ਪ੍ਰਭਾਵਿਤ ਕਰਦਾ ਹੈ, ਉਸੇ ਖੇਤਰ ਦੇ ਆਧਾਰ ਤੇ ਵੀ ਪ੍ਰਦੂਸ਼ਣ ਨੂੰ ਕਿਸਮਾਂ ਦਾ ਨਾਂ ਦਿੱਤਾ ਗਿਆ ਹੈ, ਜਿਵੇਂ- 1.3.6 ਸ਼ਹਿਰੀ ਪ੍ਰਦੂਸ਼ਣ (Urban Pollution), 1.3.7 ਪੇਂਡੂ ਪ੍ਰਦੂਸ਼ਣ (Rural Pollution), 1.3.8 ਉਦਯੋਗਿਕ ਪ੍ਰਦੂਸ਼ਣ (Industrial Pollution) ਅਤੇ 1.3.9 ਖੇਤੀਬਾੜੀ ਪ੍ਰਦੂਸ਼ਣ (Agricultural Pollution)।

**3.5 ਵਾਤਾਵਰਣ ਲਈ ਖਤਰਨਾਕ ਪ੍ਰਮੁੱਖ ਪ੍ਰਦੂਸ਼ਣ**

ਉਂਝ ਹਰ ਪ੍ਰਕਾਰ ਦਾ ਪ੍ਰਦੂਸ਼ਣ ਮਨੁੱਖ ਦੀ ਪ੍ਰਜਾਤੀ ਅਤੇ ਵਾਤਾਵਰਣ ਲਈ ਖਤਰਨਾਕ ਹੈ। ਪਰ ਉਹ ਪ੍ਰਦੂਸ਼ਣ ਜੋ ਪਦਾਰਥਕ ਵਾਤਾਵਰਣ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾ ਚੁੱਕੇ ਹਨ ਅਤੇ ਪਹੁੰਚਾ ਰਹੇ ਹਨ, ਉਹਨਾਂ ਬਾਰੇ ਅਧਿਐਨ ਕਰਨਾ ਲਾਜ਼ਮੀ ਹੈ। ਉਹਨਾਂ ਵਿਚੋਂ ਹਵਾ, ਪਾਣੀ ਮਿੱਟੀ, ਸ਼ੋਰ ਜਾਂ ਰੌਲਾ ਪ੍ਰਦੂਸ਼ਣ ਵਧੇਰੇ ਚਿੰਤਾਜਨਕ ਹਨ। ਇਨ੍ਹਾਂ ਬਾਰੇ ਹਰ ਮਨੁੱਖ ਨੂੰ ਜਾਣੂ ਕਰਾਉਣਾ ਅਤੇ ਇਨ੍ਹਾਂ ਪ੍ਰਦੂਸ਼ਣਾਂ ਦੀ ਰੋਕਥਾਮ ਲਈ ਉਹਨਾਂ ਦਾ ਸਾਥ ਲੈਣਾ ਬਹੁਤ ਜ਼ਰੂਰੀ ਹੈ।

**3.5.1. ਹਵਾ ਪ੍ਰਦੂਸ਼ਣ ਦਾ ਅਰਥ (Meaning):** ਆਮ ਅਰਥਾਂ ਵਿੱਚ ਹਵਾ ਵਿੱਚ ਪ੍ਰਦੂਸ਼ਣ ਤੱਤਾਂ ਦਾ ਮਿਲ ਜਾਣਾ ਜਾਂ ਜ਼ਿਆਦਾ ਮਾਤਰਾ ਵਿਚ ਮਿਲ ਜਾਣਾ ਹਵਾ ਪ੍ਰਦੂਸ਼ਣ ਹੈ। ਜੀਵ-ਮੰਡਲ ਦੇ ਹਰ ਜੀਵ ਲਈ ਹਵਾ ਬਹੁਤ

ਜ਼ਰੂਰੀ ਹੈ। ਮਨੁੱਖ ਪਾਣੀ ਅਤੇ ਭੋਜਨ ਬਿਨਾਂ ਕੁੱਝ ਦਿਨ ਰਹਿ ਸਕਦਾ ਹੈ, ਪਰ ਹਵਾ ਬਿਨਾਂ ਇੱਕ ਪਲ ਵੀ ਨਹੀਂ। ਇੱਕ ਅਨੁਮਾਨ ਅਨੁਸਾਰ ਹਰ ਮਨੁੱਖ ਹਰ ਦਿਨ 22,000 ਵਾਰ ਸਾਹ ਲੈਂਦਾ ਹੈ ਅਤੇ 16 ਕਿਲੋਗ੍ਰਾਮ ਹਵਾ ਅੰਦਰ ਖਿੱਚਦਾ ਹੈ। ਇਹ ਹਵਾ ਜੋ ਉਸ ਅੰਦਰ ਜਾਂਦੀ ਹੈ ਉਸ ਵਿੱਚ ਲਗਭਗ 20% ਆਕਸੀਜਨ ਹੁੰਦੀ ਹੈ ਜਿਸ ਵਿਚੋਂ ਲਗਭਗ 16% ਉਸ ਅੰਦਰ ਊਰਜਾ ਪੈਦਾ ਕਰਨ ਅਤੇ ਦਿਲ ਦੀਆਂ ਪ੍ਰਕਿਰਿਆਵਾਂ ਲਈ ਬਹੁਤ ਸਹਾਇਕ ਹੈ। ਸਪੱਸ਼ਟ ਹੈ ਕਿ ਜੇ ਇਸ ਹਵਾ ਵਿੱਚ ਪ੍ਰਦੂਸ਼ਕ ਤੱਤਾਂ ਦੀ ਮਾਤਰਾ ਵਧੇਰੇ ਹੁੰਦੀ ਹੈ ਤਾਂ ਮਨੁੱਖ ਨੂੰ ਸਾਹ ਲੈਣ ਵਾਲੀ ਹਵਾ ਨਹੀਂ ਮਿਲ ਸਕੇਗੀ।

### 3.5.2 ਪਰਿਭਾਸ਼ਾਵਾਂ (Definitions) :-

**H. Perkins** ਦੇ ਅਨੁਸਾਰ, "ਹਵਾ ਪ੍ਰਦੂਸ਼ਣ ਤੋਂ ਭਾਵ ਬਾਹਰੀ ਵਾਯੂਮੰਡਲ ਵਿੱਚ ਧੂੜ, ਗੈਸਾਂ, ਬਦਬੂ, ਧੂੰਆਂ ਆਦਿ ਦਾ ਸ਼ਾਮਿਲ ਹੋਣਾ ਜੋ ਮਨੁੱਖ ਪੌਦੇ ਅਤੇ ਜਾਨਵਰਾਂ ਦੇ ਜੀਵਨ ਲਈ ਨੁਕਸਾਨਦੇਹ ਹੈ" (Air Pollution is the presence in the out-door atmosphere of contaminants such as dust, fumes, gas, mist, odour, smoke or vapour which is injurious to human, plant and animal life)।

**World Helath Organization (WHO)** ਦੇ ਅਨੁਸਾਰ, "ਹਵਾ-ਪ੍ਰਦੂਸ਼ਣ ਉਹ ਪ੍ਰਸਥਿਤੀਆਂ ਹਨ ਜਿਸ ਵਿੱਚ ਬਾਹਰੀ ਹਰ ਪਾਸੇ ਦੇ ਵਾਯੂਮੰਡਲ ਵਿੱਚ ਖਰਾਬ ਪਦਾਰਥਕ ਤੱਤ ਸ਼ਾਮਿਲ ਹੁੰਦੇ ਹਨ ਜੋ ਮਨੁੱਖ ਅਤੇ ਉਸ ਦੇ ਆਲੇ-ਦੁਆਲੇ ਦੇ ਵਾਤਾਵਰਣ ਲਈ ਹਾਨੀਕਾਰਕ ਹਨ" (Air Pollution is the situation is which the outdoor ambient atmosphere contins materials in concentration which are harmful to man and his sorrounding environment.)

ਹਵਾ ਵਿੱਚ ਬਾਹਰੀ ਅਣਚਾਹੇ ਤੱਤਾਂ ਦੀ ਮੌਜੂਦਗੀ ਹਵਾ ਪ੍ਰਦੂਸ਼ਣ ਹੈ (Air Pollution is the presence of foreign undesired elements or substances in the air)

### 3.5.3 ਵਾਯੂ ਮੰਡਲ ਵਿੱਚ ਹਵਾ ਦੀ ਬਣਤਰ (The air structure in the atmosphere)

ਹਵਾ ਪ੍ਰਦੂਸ਼ਣ ਬਾਰੇ ਅਧਿਐਨ ਵਿੱਚ ਵਾਯੂਮੰਡਲ ਬਾਰੇ ਜਾਣ ਲੈਣਾ ਵੀ ਜ਼ਰੂਰੀ ਹੈ ਕਿਉਂਕਿ ਹਵਾ ਵਾਯੂ ਮੰਡਲ ਦਾ ਹੀ ਅਹਿਮ ਹਿੱਸਾ ਹੈ। ਵਾਯੂਮੰਡਲ ਵਾਤਾਵਰਣ ਦਾ ਉਹ ਮੰਡਲ ਹੈ ਜਿਸ ਵਿੱਚ ਗੈਸਾਂ ਸ਼ਾਮਿਲ ਹੁੰਦੀਆਂ ਹਨ। ਵਾਯੂਮੰਡਲ ਵਿਚ ਕੁਦਰਤੀ ਰੂਪ ਵਿੱਚ ਲਗਭਗ 15 ਪ੍ਰਕਾਰ ਦੀਆਂ ਗੈਸਾਂ ਸ਼ਾਮਿਲ ਹੁੰਦੀਆਂ ਹਨ। ਇਨ੍ਹਾਂ ਗੈਸਾਂ ਦੀ ਮਾਤਰਾ ਵਾਤਾਵਰਣ ਦੀ ਪ੍ਰਣਾਲੀ ਦੇ ਆਧਾਰ ਤੇ ਪਹਿਲੇ ਹੀ ਨਿਰਧਾਰਿਤ ਹੈ। ਇਨ੍ਹਾਂ ਸਾਰੀਆਂ ਗੈਸਾਂ ਅਤੇ ਵਾਯੂਮੰਡਲ ਵਿੱਚ ਆਏ ਹੋਰ ਕਈ ਪ੍ਰਕਾਰ ਦੇ ਅਣਚਾਹੇ ਤੱਤਾਂ ਦੇ ਮਿਸ਼ਰਤ ਰੂਪ ਨੂੰ ਹਵਾ ਕਹਿੰਦੇ ਹਨ।

ਇਸ ਤੋਂ ਇਲਾਵਾ ਲਗਭਗ 4 ਹੋਰ ਗੈਸਾਂ ਹੀ ਹਵਾ ਦਾ ਹਿੱਸਾ ਹਨ ਪਰ ਉਹਨਾਂ ਦੀ ਮਾਤਰਾ ਬਹੁਤ ਘੱਟ ਹੈ।

ਹਰ ਜੀਵ ਜਦ ਸਾਹ ਲੈਂਦਾ ਹੈ ਤਾਂ ਇਹ ਸਾਰੀਆਂ ਗੈਸਾਂ ਅਤੇ ਹਵਾ ਵਿੱਚ ਸ਼ਾਮਿਲ ਹੋਰ ਸਾਰੇ ਪ੍ਰਦੂਸ਼ਕ ਤੱਤ ਉਸ ਦੇ ਅੰਦਰ ਜਾਂਦੇ ਹਨ। ਅੰਦਰ ਗਈ 20.946% ਆਕਸੀਜਨ ਵਿੱਚੋਂ ਲਗਭਗ 16% ਅੰਦਰ ਹੀ ਰਹਿ ਜਾਂਦੀ ਹੈ ਅਤੇ ਸਰੀਰ ਵਿੱਚ ਊਰਜਾ ਲਈ ਸਹਾਇਤਾ ਦੇਂਦੀ ਹੈ। ਬਾਕੀ ਸਾਰੀਆਂ ਗੈਸਾਂ ਅਤੇ ਹੋਰ ਖਤਰਨਾਕ ਤੱਤ ਵੀ ਫੇਫੜਿਆਂ ਤੱਕ ਪਹੁੰਚ ਕੇ ਫੇਫੜਿਆਂ, ਦਿਲ ਅਤੇ ਸਰੀਰ ਨੂੰ ਨੁਕਸਾਨ ਪਹੁੰਚਾਉਂਦੇ ਹਨ। ਮਨੁੱਖ ਦੇ ਸਾਹ ਲੈਣ ਨੂੰ Inhalation, ਸਾਹ ਛੱਡਣ ਨੂੰ Exhalation, ਸਾਹ ਰੋਕ ਕੇ ਰੱਖਣ ਨੂੰ Retention ਅਤੇ ਇਨ੍ਹਾਂ ਸਾਰੀਆਂ ਕਿਰਿਆਵਾਂ ਨੂੰ ਸਾਹ-ਕਿਰਿਆ (Respiration), ਕਹਿੰਦੇ ਹਨ।

### 3.5.4 ਹਵਾ ਪ੍ਰਦੂਸ਼ਕ ਤੱਤ (Air Pollutants)

ਪ੍ਰਦੂਸ਼ਕ ਤੱਤਾਂ ਦਾ ਅਰਥ ਅਤੇ ਕਿਸਮਾਂ ਸਮਝਣ ਤੋਂ ਬਾਅਦ ਸਪੱਸ਼ਟ ਹੈ ਕਿ ਹਵਾ ਵਿੱਚਲੇ ਪ੍ਰਦੂਸ਼ਕ ਤੱਤਾਂ ਨੂੰ ਹਵਾ ਪ੍ਰਦੂਸ਼ਕ ਤੱਤ ਕਹਿੰਦੇ ਹਨ। ਇਹ ਤੱਤ ਕਈ ਪ੍ਰਕਾਰ ਦੇ ਹਨ ਅਤੇ ਵਿਭਿੰਨ ਸਰੂਪ ਵਾਲੇ ਹੋਣ ਕਾਰਣ ਇਹ ਬਹੁਤ ਹੀ ਗੁੰਝਲਦਾਰ ਰੂਪ ਵਿੱਚ ਹਵਾ ਵਿੱਚ ਸਮਾ ਜਾਂਦੇ ਹਨ। ਇਨ੍ਹਾਂ ਸਾਰੇ ਹਵਾ ਪ੍ਰਦੂਸ਼ਕ ਤੱਤਾਂ ਨੂੰ ਦੋ ਆਧਾਰਾਂ ਤੇ ਵਰਗੀਕ੍ਰਿਤ ਕਰ ਸਕਦੇ ਹਾਂ :-

**3.5.4.1 ਸਰੂਪ ਤੇ ਆਧਾਰ ਤੇ (On the basis of the nature):-**

ਇਸ ਆਧਾਰ ਤੋਂ ਭਾਵ ਸਾਰੇ ਹਵਾ ਪ੍ਰਦੂਸ਼ਕ ਤੱਤਾਂ ਨੂੰ ਉਹਨਾਂ ਦੇ ਰਸਾਇਣਿਕ ਸਰੂਪ ਦੇ ਆਧਾਰ ਤੇ ਵੰਡਣਾ ਹੈ। ਇਹਨਾਂ ਨੂੰ ਇਸ ਆਧਾਰ ਤੇ ਅੱਗੇ ਫਿਰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ।

**3.5.4.1.1 ਠੋਸ ਪਦਾਰਥ (Particulate Matter) :** ਬਹੁਤ ਹੀ ਛੋਟੇ, ਠੋਸ, ਤਰਲ ਅਤੇ ਗੈਸਾਂ ਤੋਂ ਬਣੇ ਪ੍ਰਦੂਸ਼ਕ ਤੱਤ ਧੂੜ, ਧੂੰਆਂ, ਕਾਰਬਨ, ਸੁਆਹ ਆਦਿ ਦੇ ਰੂਪ ਵਿੱਚ ਹਵਾ ਵਿੱਚ ਸ਼ਾਮਿਲ ਹੋ ਜਾਂਦੇ ਹਨ। Lead, Nickel, Cadmium, Petroleum ਉਦਯੋਗਿਕ ਖੇਤਰਾਂ ਵਿੱਚੋਂ ਨਿਕਲੀਆਂ ਜ਼ਹਿਰੀਲੀਆਂ ਗੈਸਾਂ, ਖੇਤੀ ਦੇ ਖੇਤਰਾਂ ਵਿੱਚੋਂ ਆਏ ਕੀਟਨਾਸ਼ਕਾਂ (Pesticides) ਦੇ ਛੋਟੇ-ਛੋਟੇ ਕਣ ਵਾਯੂਮੰਡਲ ਵਿੱਚ ਮਿਲ ਕੇ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ।

**3.5.4.1.2 ਰਸਾਇਣਿਕ ਪ੍ਰਦੂਸ਼ਕ ਤੱਤ (Chemical Pollutants):** ਇਸ ਵਰਗ ਦੇ ਪ੍ਰਦੂਸ਼ਕ ਤੱਤਾਂ ਵਿੱਚ ਕਾਰਬਨ ਅਤੇ ਇਨ੍ਹਾਂ ਕਾਰਬਨ ਦੇ ਦੋਵੇਂ ਪ੍ਰਕਾਰ ਦੇ ਤੱਤ ਸ਼ਾਮਲ ਹੁੰਦੇ ਹਨ। ਕਾਰਬਨ ਤੱਤਾਂ ਵਿੱਚ ਸ਼ਾਮਿਲ ਹਨ Mathane, Benzene, Ethylene ਆਦਿ ਗੈਸਾਂ। ਇਸੇ ਤਰ੍ਹਾਂ ਬਿਨਾਂ ਕਾਰਬਨ ਗੈਸਾਂ ਵਿੱਚ ਸ਼ਾਮਿਲ ਹਨ Nitrogen, Oxides of carbon and sulphur, Ammonia, Chlorine ਅਤੇ Hydrogen sulphide.

**3.5.4.2 ਕਾਰਣ ਦੇ ਆਧਾਰ ਤੇ (On the basis of Causes):** ਕਾਰਣ ਦੇ ਆਧਾਰ ਤੇ ਪੈਦਾ ਹੋਏ ਹਵਾ ਪ੍ਰਦੂਸ਼ਕ ਤੱਤਾਂ ਤੋਂ ਭਾਵ ਜੋ ਕਿਸੇ ਨਾ ਕਿਸੇ ਪ੍ਰਕਾਰ ਦੀਆਂ ਘਟਨਾਵਾਂ ਦਾ ਨਤੀਜਾ ਹੁੰਦੇ ਹਨ। ਵਾਤਾਵਰਣ ਵਿੱਚ ਮਨੁੱਖ ਅਤੇ ਕੁਦਰਤ ਰਾਹੀਂ ਕਈ ਪ੍ਰਕਾਰ ਦੀਆਂ ਕਿਰਿਆਵਾਂ ਹੁੰਦੀਆਂ ਹਨ ਜੋ ਅੱਗੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਹਵਾ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਇਹ ਦੋ ਪ੍ਰਕਾਰ ਦੇ ਹਨ:

(i) ਕੁਦਰਤੀ ਪ੍ਰਦੂਸ਼ਕ ਤੱਤ (Natural Pollutants) ਅਤੇ

(ii) ਮਨੁੱਖੀ ਪ੍ਰਦੂਸ਼ਕ ਤੱਤ (Human Pollutants)।

**3.5.4.2.1 ਕੁਦਰਤੀ ਪ੍ਰਦੂਸ਼ਕ ਤੱਤ (Natural Pollutants):** ਕੁਦਰਤੀ ਘਟਨਾਵਾਂ ਜਾਂ ਗਤੀਵਿਧੀਆਂ ਕਾਰਣਾਂ ਪੈਦਾ ਹੋਏ ਪ੍ਰਦੂਸ਼ਕ ਤੱਤ ਇਸ ਵਰਗ ਵਿੱਚ ਸ਼ਾਮਿਲ ਹਨ। ਇਹ ਕਈ ਕਿਸਮਾਂ ਦੇ ਹੋ ਸਕਦੇ ਹਨ।

(ੳ) **ਜਵਾਲਾਮੁੱਖੀ ਸੁਆਹ (Volcanic Ash):** ਜਦੋਂ ਜਵਾਲਾਮੁਖੀ ਫੱਟਦੇ ਹਨ ਤਾਂ ਉਹਨਾਂ ਦੀ ਸੁਆਹ ਅਤੇ ਗੈਸਾਂ ਹਵਾ ਵਿੱਚ ਮਿਲ ਜਾਂਦੀਆਂ ਹਨ ਅਤੇ ਹਵਾ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਜਵਾਲਾਮੁਖੀ ਦਾ ਠੰਡਾ ਹੋਇਆ ਮਲਬਾ ਵੀ ਬਾਅਦ ਵਿੱਚ ਸੁਆਹ ਦੇ ਰੂਪ ਵਿੱਚ ਹਵਾ ਵਿੱਚ ਮਿਲਦਾ ਰਹਿੰਦਾ ਹੈ। ਇਹ ਬਹੁਤ ਹੀ ਬਾਰੀਕ ਕਣ ਹੁੰਦੇ ਹਨ ਜੋ ਹਵਾ ਵਿੱਚ ਪੂਰੀ ਤਰ੍ਹਾਂ ਘੁਲ-ਮਿਲ ਜਾਂਦੇ ਹਨ।

(ਅ) **ਸਮੁੰਦਰੀ ਲਹਿਰਾਂ ਦਾ ਨਮਕ (Salt of Oceanic Waves):** ਸਮੁੰਦਰੀ ਤਲ ਤੇ ਉੱਚੀਆਂ-ਉੱਚੀਆਂ ਲਹਿਰਾਂ ਸਮੁੰਦਰੀ ਨਮਕ ਵੀ ਉੱਪਰ ਲੈ ਆਉਂਦੀਆਂ ਹਨ। ਬਾਅਦ ਵਿੱਚ ਵਾਸ਼ਪੀਕਰਣ (Evavoration) ਸਮੇਂ ਇਸ ਨਮਕ ਦੇ ਕਣ ਹਵਾ ਵਿੱਚ ਮਿਲ ਜਾਂਦੇ ਹਨ।

(ੲ) **ਧੂੜ ਕਣ (Dust Particles):** ਵਾਯੂਮੰਡਲ ਹਜ਼ਾਰਾਂ ਪ੍ਰਕਾਰ ਦੇ ਧੂੜ ਕਣਾਂ ਨਾਲ ਭਰਿਆ ਹੋਇਆ ਹੈ ਜੋ ਨੰਗੀਆਂ ਅੱਖਾਂ ਰਾਹੀਂ ਨਹੀਂ ਵੇਖਿਆ ਜਾ ਸਕਦਾ। ਜਦ ਇਨ੍ਹਾਂ ਕਣਾਂ ਦੀ ਸੰਖਿਆ ਬਹੁਤ ਹੋ ਜਾਂਦੀ ਹੈ ਅਤੇ ਇਹ ਪਾਣੀ ਨਾਲ ਵਹਿਣਾ ਸ਼ੁਰੂ ਕਰ ਦਿੰਦੇ ਹਨ ਤਾਂ ਹਵਾ ਪ੍ਰਦੂਸ਼ਿਤ ਹੋ ਜਾਂਦੀ ਹੈ।

(ਸ) **ਧੂੰਆਂ (Smoke):** ਜਦੋਂ ਕਾਫੀ ਸਮੇਂ ਤੱਕ ਜੰਗਲਾਂ ਵਿੱਚ ਮੀਂਹ ਨਹੀਂ ਪੈਂਦਾ ਤਾਂ ਘਾਹ ਸੁੱਕ ਜਾਂਦਾ ਹੈ ਅਤੇ ਬਾਕੀ ਦਰਖਤ ਵੀ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਅਜਿਹੀਆਂ ਸਥਿਤੀਆਂ ਵਿੱਚ ਤਾਪਮਾਨ ਕਾਰਣ ਅੱਗ ਲੱਗਣਾ ਸੁਭਾਵਿਕ ਹੈ ਅਤੇ ਇਸ ਅੱਗ ਦਾ ਧੂੰਆਂ ਹਵਾ ਨੂੰ ਵਧੇਰੇ ਪ੍ਰਦੂਸ਼ਿਤ ਕਰਦਾ ਹੈ। ਉਦਾਹਰਣ ਵੱਜੋਂ ਭਾਰਤ ਵਿੱਚ ਗੜਵਾਲ (Garhwal) ਜੰਗਲਾਂ ਵਿੱਚ ਹਰ ਸਾਲ ਅੱਗ ਲੱਗਦੀ ਹੈ। ਇਸੇ ਤਰ੍ਹਾਂ 1997-98 ਵਿੱਚ ਇੰਡੋਨੇਸ਼ੀਆ ਦੇ ਜੰਗਲਾਂ ਵਿੱਚ ਅੱਗ ਨੇ ਭਿਆਨਕ ਰੂਪ ਧਾਰਿਆ ਸੀ।

(ਹ) **ਬੈਕਟੀਰੀਆ ਅਤੇ ਜ਼ਹਿਰੀਲੇ ਤੱਤ (Bacteria and Viruses):** ਕੁਝ ਕੁਦਰਤੀ ਬੈਕਟੀਰੀਆ ਅਤੇ ਜ਼ਹਿਰੀਲੇ-ਤੱਤ ਲਗਾਤਾਰ ਹਵਾ ਵਿੱਚ ਜਾਂਦੇ ਰਹਿੰਦੇ ਹਨ। ਇਨ੍ਹਾਂ ਦੇ ਪੈਦਾ ਹੋਣ ਦੇ ਕਈ ਕਾਰਣ ਹਨ। ਇਹ ਬਹੁਤ

ਹੀ ਹਲਕੇ ਹੁੰਦੇ ਹਨ ਅਤੇ ਬਹੁਤ ਜਲਦੀ ਹਵਾ ਵਿੱਚ ਚਲੇ ਜਾਂਦੇ ਹਨ। ਵਧੇਰੇ ਛੂਤਛਾਤ ਦੀਆਂ ਬਿਮਾਰੀਆਂ ਇਨ੍ਹਾਂ ਕਾਰਣ ਹੀ ਬਹੁਤ ਜਲਦੀ ਫੈਲਦੀਆਂ ਹਨ।

**3.5.4.2.2 ਮਨੁੱਖੀ ਪ੍ਰਦੂਸ਼ਕ ਤੱਤ (Human Pollutants):**

ਕੁਦਰਤੀ ਤੱਤਾਂ ਦੇ ਉਲਟ ਇਹ ਉਹ ਤੱਤ ਹਨ ਜੋ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਮਨੁੱਖੀ ਕਿਰਿਆਵਾਂ ਰਾਹੀਂ ਪੈਦਾ ਹੁੰਦੇ ਹਨ। ਮਨੁੱਖ ਜਾਣੇ ਅਣਜਾਣੇ ਵਿੱਚ ਇਨ੍ਹਾਂ ਪ੍ਰਦੂਸ਼ਕ ਤੱਤਾਂ ਦੇ ਪੈਦਾ ਹੋਣ ਲਈ ਜ਼ਿੰਮੇਵਾਰ ਹੈ। ਇਹ ਵੀ ਕਈ ਪ੍ਰਕਾਰ ਦੇ ਹਨ -

(ੳ) **ਬਾਲਣ (Fuel):** ਜਦੋਂ ਕੋਲਾ, ਲੱਕੜੀ, ਪਾਥੀਆਂ (ਗੋਬਰ), ਕਾਗਜ਼, ਲੁੱਕ, ਪਲਾਸਟਿਕ, ਡੀਜ਼ਲ ਆਦਿ ਬਾਲਣ ਵੱਜੋਂ ਬਲਦੇ ਹਨ ਤਦ ਵਾਤਾਵਰਣ ਨੂੰ ਲਗਾਤਾਰ ਅਤੇ ਬਹੁਤ ਮਾਤਰਾ ਵਿੱਚ ਪ੍ਰਦੂਸ਼ਿਤ ਕਰਦੇ ਹਨ। ਇਸ ਤੋਂ ਇਲਾਵਾ ਫੈਕਟਰੀਆਂ ਵਿਚੋਂ ਵਰਤੇ ਬਾਲਣ ਦਾ ਧੂੰਆਂ ਅਤੇ ਰਾਖ ਵੀ ਹਵਾ ਨੂੰ ਬਹੁਤ ਖਤਰਨਾਕ ਬਣਾ ਰਹੀ ਹੈ। ਥਰਮਲ ਪਲਾਂਟਾਂ ਵਿੱਚ ਕੋਲੇ ਦਾ ਵੱਡੀ ਮਾਤਰਾ ਵਿੱਚ ਪ੍ਰਯੋਗ ਵੀ ਹਵਾ ਨੂੰ ਭਾਰੀ ਪ੍ਰਦੂਸ਼ਕ ਤੱਤ ਦੇਂਦਾ ਹੈ।

(ਅ) **ਪ੍ਰਮਾਣੂ ਧਮਾਕੇ (Nuclear Explosions):** ਸੁਰੱਖਿਆ ਦੇ ਨਾਮ ਤੇ ਸਾਰੇ ਦੇਸ਼ ਪ੍ਰਮਾਣੂ ਬੰਬ ਬਣਾਉਣ ਤੋਂ ਬਾਅਦ ਉਹਨਾਂ ਵਿੱਚ ਕਿਸੇ ਇੱਕ ਦਾ ਪ੍ਰਯੋਗ ਵੀ ਜ਼ਰੂਰੀ ਹੈ। ਭਾਰਤ ਅਤੇ ਹੋਰਾਂ ਦੇਸ਼ਾ ਨੇ ਕਈ ਟੈਸਟ ਕੀਤੇ ਹਨ। ਇਨ੍ਹਾਂ ਟੈਸਟਾਂ ਦੌਰਾਨ ਬਹੁਤ ਹੀ ਭਿਆਨਕ ਗੈਸਾਂ ਅਤੇ ਕਣ ਹਵਾ ਵਿੱਚ ਆ ਸਮਾਉਂਦੇ ਹਨ।

(ੲ) **ਕੀਟਨਾਸ਼ਕ ਦਵਾਈਆਂ ਦਾ ਪ੍ਰਯੋਗ (Use of Chemical Pesticides and Fertilizers):** ਵਧੀ ਜਨਸੰਖਿਆ ਲਈ ਚੋਖੇ ਭੋਜਨ ਲਈ ਘੱਟ ਜ਼ਮੀਨ ਵਿੱਚੋਂ ਵੱਧ ਖੇਤੀ ਲਈ ਫਸਲਾਂ ਤੇ ਕੀਟਨਾਸ਼ਕ ਦਵਾਈਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਨਾਲ ਜਿੱਥੇ ਫਸਲਾਂ, ਫਲ ਅਤੇ ਸਬਜ਼ੀਆਂ ਜ਼ਹਿਰ ਬਣਦੀਆਂ ਹਨ ਉਥੇ ਜਦੋਂ ਇਨ੍ਹਾਂ ਤੇ ਇਨ੍ਹਾਂ ਦਵਾਈਆਂ ਦਾ ਛਿੜਕਾ ਕੀਤਾ ਜਾਂਦਾ ਹੈ ਤਾਂ ਉਸ ਹਜ਼ਾਰਾ ਕਣ ਅਤੇ ਗੈਸਾਂ ਹਵਾ ਵਿੱਚ ਵੀ ਸ਼ਾਮਿਲ ਹੋ ਜਾਂਦੀਆਂ ਹਨ ਜੋ ਪ੍ਰਦੂਸ਼ਣ ਦਾ ਇੱਕ ਵੱਡਾ ਕਾਰਣ ਬਣਦੇ ਹਨ।

(ਸ) **ਖਾਨਾਂ ਦੀ ਖੁਦਾਈ (Mines):** ਵਧੀ ਜਨਸੰਖਿਆ ਅਤੇ ਨਵੇਂ ਬਣੇ ਉਪਕਰਣਾਂ ਦੀ ਵਰਤੋਂ ਲਈ ਮਨੁੱਖ ਧਰਤੀ ਹੇਠਾਂ ਦੀਆਂ ਧਾਤੂਆਂ ਨੂੰ ਪ੍ਰਾਪਤ ਕਰਨ ਲਈ ਖਾਨਾਂ ਦੀ ਖੁਦਾਈ ਕਰਦਾ ਹੈ। ਧਰਤੀ ਦੇ ਹੇਠਾਂ ਸਥਾਨ ਖਾਲੀ ਹੋਣ ਕਾਰਣ ਇਹ ਆਪਣਾ ਪ੍ਰਸਥਿਤੀ-ਵਿਗਿਆਨਕ ਸੰਤੁਲਨ ਖੋ ਚੁੱਕੀ ਹੈ, ਜਿਸ ਕਾਰਣ ਵਧੇਰੇ ਭੂਚਾਲ ਵੀ ਆਉਂਦੇ ਹਨ। ਜਦੋਂ ਕਾਫੀ ਵੱਡਾ ਹਿੱਸਾ ਇਨ੍ਹਾਂ ਖਾਨਾਂ ਵਿੱਚ ਗਿਰਦਾ ਹੈ ਤਾਂ ਹਜ਼ਾਰਾਂ ਕਣ ਹਵਾ ਵਿੱਚ ਆ ਸਮਾਉਂਦੇ ਹਨ।

(ਹ) **ਖਣਿਜਾਂ ਦੀ ਸੋਧ (Smelting of Minerals):** ਧਰਤੀ ਹੇਠੋਂ ਕੱਢੇ ਖਣਿਜਾਂ ਨੂੰ ਸੋਧਿਆ ਜਾਂਦਾ ਹੈ, ਉਹਨਾਂ ਨੂੰ ਸਾਫ ਕੀਤਾ ਜਾਂਦਾ ਹੈ। ਇਸ ਸੱਭ ਪ੍ਰਕਿਰਿਆਵਾਂ ਸਮੇਂ ਵੀ ਬਹੁਤ ਸਾਰੇ ਕਣ ਹਵਾ ਵਿੱਚ ਸ਼ਾਮਿਲ ਹੁੰਦੇ ਹਨ।

(ਕ) **ਰਸਾਇਣਿਕ ਪ੍ਰਯੋਗ (Chemical Experiments):** ਵਿਗਿਆਨੀ ਵੀ ਵਿਗਿਆਨਕ ਖੋਜਾਂ ਸਮੇਂ ਕਈ ਪ੍ਰਕਾਰ ਦੇ ਪ੍ਰਯੋਗ ਕਰਦੇ ਹਨ। ਕਈ ਪ੍ਰਯੋਗ ਵੱਡੇ ਵੀ ਹੁੰਦੇ ਹਨ। ਇਨ੍ਹਾਂ ਪ੍ਰਯੋਗ ਸਮੇਂ ਕਈ ਪ੍ਰਕਾਰ ਦੀਆਂ ਗੈਸਾਂ ਅਤੇ ਹੋਰ ਪਦਾਰਥ ਮਿਲਾਏ ਜਾਂਦੇ ਹਨ ਜਿਨ੍ਹਾਂ ਕਾਰਣ ਨਵੇਂ ਪ੍ਰਦੂਸ਼ਕ ਤੱਤ ਪੈਦਾ ਹੁੰਦੇ ਹਨ ਤੇ ਹਵਾ ਵਿੱਚ ਸ਼ਾਮਿਲ ਹੁੰਦੇ ਹਨ।

**3.6 ਹਵਾ ਪ੍ਰਦੂਸ਼ਣ ਦੇ ਕਾਰਣ**
**(Causes of Air Pollution)**

ਹਵਾ ਪ੍ਰਦੂਸ਼ਕ ਤੱਤ ਵਾਯੂਮੰਡਲ ਨੂੰ ਪ੍ਰਦੂਸ਼ਿਤ ਕਰਦੇ ਹਨ ਅਤੇ ਹਰ ਸਾਹ ਲੈਣ ਵਾਲੀ ਜੀਵ ਦੀ ਸੱਤ੍ਰਾ ਲਈ ਖਤਰਾ ਪੈਦਾ ਕਰਦੇ ਹਨ। ਇਹ ਕਿਸ ਤਰ੍ਹਾਂ ਜੀਵ-ਜੀਵਨ ਲਈ ਘਾਤਕ ਹਨ, ਇਨ੍ਹਾਂ ਨੂੰ ਦੂਰ ਕਿਵੇਂ ਕੀਤਾ ਜਾਵੇ ਆਦਿ ਪੜ੍ਹਣ ਤੋਂ ਪਹਿਲਾਂ ਇਸ ਦੇ ਕਾਰਣਾਂ ਨੂੰ ਜਾਣ ਲੈਣਾ ਜ਼ਰੂਰੀ ਹੈ। ਹਵਾ ਪ੍ਰਦੂਸ਼ਣ ਦੇ ਮੁੱਖ ਕਾਰਣ ਹੇਠ ਲਿਖੇ ਹਨ:-

**3.6.1. ਉਦਯੋਗੀਕਰਣ:-** ਮੌਜੂਦਾ ਯੁੱਗ ਨੂੰ ਉਦਯੋਗ ਦੇ ਯੁੱਗ ਵਜੋਂ ਜਾਣਿਆ ਜਾਂਦਾ ਹੈ। ਫਰਾਂਸ ਦੀ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਸਾਰੀ ਦੁਨੀਆਂ ਵਿੱਚ ਉਦਯੋਗਾਂ ਵਿੱਚ ਅਥਾਹ ਵਾਧਾ ਹੋਇਆ ਅਤੇ ਹੋ ਰਿਹਾ ਹੈ। ਮੌਜੂਦਾ ਸਮੇਂ ਦੇ ਉਦਯੋਗ ਕੋਲਾ, ਪੈਟਰੋਲ ਅਤੇ ਬਿਜਲੀ ਦੀ ਊਰਜਾ ਨਾਲ ਚਲਾਏ ਜਾਂਦੇ ਹਨ। ਇਸ ਤੋਂ ਇਲਾਵਾ ਲੱਕੜ, ਗੈਸਾਂ, ਪ੍ਰਮਾਣੂ ਊਰਜਾ ਆਦਿ ਵੀ ਵਰਤੇ ਜਾਂਦੇ ਹਨ। ਜਦ ਇਹ ਸਭ ਜਲਾਏ ਜਾਂਦੇ ਹਨ ਤਾਂ ਬਹੁਤ ਸਾਰੇ ਖਤਰਨਾਕ ਪ੍ਰਦੂਸ਼ਕ

ਤੱਤ ਹਵਾ ਵਿੱਚ ਚਲੇ ਜਾਂਦੇ ਹਨ। ਇਹ ਪ੍ਰਦੂਸ਼ਕ ਤੱਤ ਜ਼ਿਆਦਾਤਰ ਕਾਰਬਨ ਡਾਇਉਕਸਾਈਡ ਹੁੰਦੇ ਹਨ ਜੋ ਹਵਾ ਵਿੱਚ ਆਕਸੀਜਨ ਦੀ ਮਾਤਰਾ ਘਟਾਉਂਦੇ ਹਨ। ਇਹ ਤੱਤ ਜਿੱਥੇ ਸਾਹ-ਪ੍ਰਕ੍ਰਿਆ ਲਈ ਘਾਤਕ ਹਨ ਉਥੇ ਹੀ ਉਜ਼ੋਨ ਪਰਤ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਜਿਸ ਨਾਲ ਤਾਪਮਾਨ ਵੱਧਦਾ ਹੈ, ਇਸ ਪ੍ਰਕ੍ਰਿਆ ਨੂੰ Green House Effect ਕਹਿੰਦੇ ਹਨ। ਦਿੱਲੀ ਅਤੇ ਪੰਜਾਬ ਵਿੱਚ ਲੁਧਿਆਣਾ ਤੋਂ ਇਲਾਵਾ ਦੇਸ਼ ਵਿੱਚ 20 ਤੋਂ ਵੱਧ ਸ਼ਹਿਰ ਵਾਯੂਮੰਡਲ ਨੂੰ ਬਹੁਤ ਖਤਰਨਾਕ ਬਣਾ ਰਹੇ ਹਨ। ਭਾਵੇਂ ਉਦਯੋਗੀਕਰਣ ਆਰਥਿਕ ਪੱਖੋਂ ਠੀਕ ਹੈ ਪਰ ਇਹ ਮਨੁੱਖ ਦੇ ਜੀਵਨ ਦੇ ਆਧਾਰ ਨੂੰ ਨਸ਼ਟ ਕਰਦਾ ਹੈ।

**3.6.2. ਆਵਾਜਾਈ ਦੇ ਸਾਧਨ**:- ਵਿਕਾਸ ਲਈ ਆਸਾਨ ਅਤੇ ਤੇਜ਼ ਆਵਾਜਾਈ ਬਹੁਤ ਜ਼ਰੂਰੀ ਹੈ। ਮਨੁੱਖ ਨੇ ਜਿਉਂ-ਜਿਉਂ ਵਿਕਾਸ ਕੀਤਾ ਹੈ ਆਵਾਜਾਈ ਦੇ ਸਾਧਨਾਂ ਵਿੱਚ ਵੀ ਬਹੁਤ ਵਾਧਾ ਕੀਤਾ ਹੈ। ਇਹ ਵਿਕਾਸ ਦੀ ਰੀੜ੍ਹ ਦੀ ਹੱਡੀ (back bone) ਹਨ। ਕਾਰਾਂ, ਬੱਸਾਂ, ਟਰੱਕ, ਟੈਂਪੂ, ਜਹਾਜ਼ ਕੋਲੇ ਅਤੇ ਡੀਜ਼ਲ ਦੀਆਂ ਰੇਲ ਗੱਡੀਆਂ, ਸਮੁੰਦਰੀ ਜਹਾਜ਼, ਸਕੂਟਰ ਆਦਿ ਇਸ ਸਮੇਂ ਦੇ ਆਵਾਜਾਈ ਦੇ ਸਾਧਨ ਹਨ। ਇਨ੍ਹਾਂ ਵਿੱਚੋਂ ਨਿਕਲਣ ਵਾਲੇ ਧੂੰਏ ਵਿੱਚ Nitrogen, Carbon monoxide, Hydrocardon, Lead Qxides ਆਦਿ ਪ੍ਰਦੂਸ਼ਕ ਤੱਤ ਹਵਾ ਵਿੱਚ ਘੁਲ ਜਾਂਦੇ ਹਨ। ਪੈਟਰੋਲ ਦਾ ਧੂੰਆਂ ਵੇਖਣਯੋਗ ਅਤੇ ਸੁੰਘਣਯੋਗ ਨਹੀਂ ਹੈ ਪਰ ਉਹ ਜੀਵਾਂ ਲਈ ਬਹੁਤ ਖਤਰਨਾਕ ਹੈ। ਸ਼ਹਿਰ ਵਿੱਚ ਲੋਕਲ ਸਵਾਰੀ ਲਈ ਤਿੰਨ ਪਹੀਆ ਟੈਂਪੂ ਬਹੁਤ ਜ਼ਿਆਦਾ ਖਤਰਨਾਕ ਹਨ ਕਿਉਂਕਿ ਇੰਜਣ ਤੋਂ ਵਧੇਰੇ ਕੰਮ ਲੈਂਦੇ ਹਨ, ਜੋ ਵਧੇਰੇ ਧੂੰਆਂ ਛੱਡਦਾ ਅਤੇ ਇਸ ਵਿੱਚ ਪੈਟਰੋਲ ਵਿੱਚ ਮਿੱਟੀ ਦਾ ਤੇਲ (Kerosene) ਅਤੇ ਡੀਜ਼ਲ ਵੀ ਮਿਲਾਇਆ ਜਾਂਦਾ ਹੈ।

**3.6.3. ਪਰਮਾਣੂ ਊਰਜਾ ਦਾ ਪ੍ਰਯੋਗ**:- ਪਰਮਾਣੂ ਊਰਜਾ ਯੁੱਧ ਅਤੇ ਸ਼ਾਂਤੀ ਦੋਵਾਂ ਸਮੇਂ ਪ੍ਰਯੋਗ ਹੁੰਦੀ ਹੈ। ਯੁੱਧ ਸਮੇਂ ਇਸ ਦੀ ਵਰਤੋਂ ਵਧੇਰੇ ਹੁੰਦੀ ਹੈ ਜੋ ਬਹੁਤ ਮਾਤਰਾ ਵਿੱਚ ਬਹੁਤ ਖਤਰਨਾਕ ਅਤੇ ਜ਼ਹਿਰੀਲੀਆਂ ਗੈਸਾਂ ਪੈਦਾ ਕਰਦਾ ਹੈ। ਇਨ੍ਹਾਂ ਹੀ ਨਹੀਂ ਇਹ ਇਨ੍ਹਾਂ ਹਨ੍ਹੇਰਾ ਕਰ ਦੇਂਦੇ ਹਨ ਕਿ ਸੂਰਜ ਦੀਆਂ ਕਿਰਨਾਂ ਵੀ ਧਰਤੀ ਤੱਕ ਨਹੀਂ ਪੁੱਜ ਸਕਦੀਆਂ। 1945 ਵਿੱਚ ਜਾਪਾਨ ਦੇ ਹਿਰੋਸ਼ੀਮਾ ਅਤੇ ਨਾਗਾਸਾਕੀ ਦੀਆਂ ਦਿਲ ਦਹਲਾਉਣ ਵਾਲੀਆਂ ਦੁਰਘਟਨਾਵਾਂ ਸਭ ਨੂੰ ਯਾਦ ਹਨ। ਸ਼ਾਂਤੀ ਸਮੇਂ ਇਨ੍ਹਾਂ ਦਾ ਪ੍ਰਯੋਗ ਵੀ ਵਧੇਰੇ ਖਤਰਨਾਕ ਹੈ। ਇਹ Nitrogen Oxides ਪੈਦਾ ਕਰਦੇ ਹਨ ਜੋ ਉਜ਼ੋਨ ਪਰਤ ਨੂੰ ਸਿੱਧੇ ਤੌਰ ਤੇ ਖਤਮ ਕਰਦੀ ਹੈ। 1998 ਵਿੱਚ ਭਾਰਤ ਅਤੇ ਫਿਰ ਪਾਕਿਸਤਾਨ ਰਾਹੀਂ ਪ੍ਰਮਾਣੂ ਬੰਬ ਦੇ ਟੈਸਟਾਂ ਕਾਰਨ ਇਸ ਖੇਤਰ ਦਾ ਤਾਪਮਾਨ ਬਹੁਤ ਵੱਧ ਗਿਆ ਹੈ।

**3.6.4. ਜਵਾਲਾਮੁਖੀ ਦਾ ਫੱਟਣਾ**:- ਸਮੇਂ-ਸਮੇਂ ਧਰਤੀ ਦੇ ਕਈ ਹਿੱਸਿਆਂ ਵਿੱਚ ਜਵਾਲਾਮੁਖੀ ਫੱਟਦੇ ਰਹਿੰਦੇ ਹਨ ਜਿਸ ਨਾਲ ਕਈ ਨਵੀਆਂ ਅਤੇ ਖਤਰਨਾਕ ਗੈਸਾਂ, ਸੁਆਹ ਅਤੇ ਕਈ ਪ੍ਰਕਾਰ ਦੇ ਠੋਸ ਕਣ ਹਵਾ ਵਿੱਚ ਆ ਜਾਂਦੇ ਹਨ। ਇਨ੍ਹਾਂ ਕਣਾਂ ਵਿੱਚੋਂ ਕਈ ਬਹੁਤ ਹੀ ਹਲਕੇ ਅਤੇ ਬਹੁਤ ਜ਼ਿਆਦਾ ਜ਼ਹਿਰੀਲੇ ਹੁੰਦੇ ਹਨ।

**3.6.5. ਦੋਸ਼ਪੂਰਣ ਸੀਵਰੇਜ਼ ਅਤੇ ਕੂੜਾ ਕਰਕਟ**:- ਬਹੁਤ ਸਾਰੇ ਕਸਬਿਆਂ, ਸ਼ਹਿਰਾਂ ਅਤੇ ਪਿੰਡਾਂ ਵਿੱਚ ਵਰਤੇ ਹੋਏ ਪਾਣੀ ਅਤੇ ਮਲਬੇ ਦਾ ਸੀਵਰੇਜ਼ ਖੁੱਲ੍ਹੀਆਂ ਨਾਲੀਆਂ ਰਾਹੀਂ ਗੁਜ਼ਰਦਾ ਹੈ ਅਤੇ ਕਿਸੇ ਨਾ ਕਿਸੇ ਕਾਰਣ ਉਹ ਰੁੱਕ ਜਾਂਦਾ ਹੈ ਅਤੇ ਉਸ ਵਿੱਚਲੇ ਗੰਦ ਦੀ ਬੋ ਹਵਾ ਵਿੱਚ ਫੈਲਦੀ ਰਹਿੰਦੀ ਹੈ। ਸੀਵਰੇਜ਼ ਨੂੰ ਰੋਕਣ ਵਿੱਚ ਪਲਾਸਟਿਕ ਦੇ ਲਿਫਾਫੇ (Polythene bags) ਵਧੇਰੇ ਜ਼ਿੰਮੇਵਾਰ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਵਿਕਸਤ ਅਤੇ ਵਿਕਾਸ ਅਧੀਨ ਦੇਸ਼ਾਂ ਵਿੱਚ ਲੋਕ ਕੂੜਾ-ਕਰਕਟ ਆਪਣੇ ਹੀ ਘਰਾਂ ਦੇ ਨੇੜੇ ਤੇੜੇ ਸੁੱਟਦੇ ਰਹਿੰਦੇ ਹਨ। ਉਹ ਜਿਨ੍ਹਾਂ ਸਮੇਂ ਪਿਆ ਰਹਿੰਦਾ ਹੈ, ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ।

**3.6.6. ਖਾਨਾਂ ਦੀ ਖੁਦਾਈ**:- ਧਰਤੀ ਹੇਠਲੇ ਖਣਿਜ ਪਦਾਰਥ ਮਨੁੱਖੀ ਵਰਤੋਂ ਲਈ ਕਾਫ਼ੀ ਹੱਦ ਤੱਕ ਲਾਭਦਾਇਕ ਹਨ। ਪਰ ਜਦੋਂ ਇਹਨਾਂ ਖਾਨਾਂ ਦੀ ਖੁਦਾਈ ਕੀਤੀ ਜਾਂਦੀ ਹੈ ਤਾਂ ਢਿੱਗਾਂ ਡਿੱਗਣ ਨਾਲ ਬਹੁਤ ਸਾਰੇ ਪ੍ਰਦੂਸ਼ਕ ਤੱਤ ਇਹਨਾਂ ਖਾਨਾਂ ਰਾਹੀਂ ਬਾਹਰ ਹਵਾ ਵਿੱਚ ਆ ਜਾਂਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਖਾਨਾਂ ਵਿੱਚ ਕੰਮ ਕਰਦੇ ਮਜ਼ਦੂਰ ਵੀ ਬਹੁਤ ਘਾਤਕ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਨਾਲ ਹੀ ਧਰਤੀ ਹੇਠੋਂ ਖਾਲੀ ਹੋਣ ਕਾਰਣ ਭੂਚਾਲ ਦਾ ਖਤਰਾ ਬਣਿਆ ਰਹਿੰਦਾ ਹੈ।

**3.6.7. ਸਿਗਰਟਾਂ ਦਾ ਪ੍ਰਯੋਗ**:- ਕੇਵਲ ਨਸ਼ੇ ਲਈ ਕਈ ਪ੍ਰਕਾਰ ਦਾ ਤੰਬਾਕੂ ਇਸਤੇਮਾਲ ਕੀਤਾ ਜਾਂਦਾ ਹੈ।

ਸਿਗਰਟ, ਬੀੜੀ ਅਤੇ ਹੁੱਕੇ ਦੀ ਵਰਤੋਂ ਲਈ ਅੱਗ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਕ ਅਨੁਮਾਨ ਅਨੁਸਾਰ ਇੱਕ ਸਿਗਰਟ ਵਿੱਚ ਲਗਭਗ 1009 ਰਸਾਇਣਿਕ ਤੱਤ ਸ਼ਾਮਿਲ ਹੁੰਦੇ ਹਨ। ਜਦੋਂ ਇਹ ਜਲਾਏ ਜਾਂਦੇ ਹਨ ਤਾਂ ਬਹੁਤ ਜ਼ਹਿਰੀਲਾ ਧੂੰਆਂ ਪੈਦਾ ਕਰਦੇ ਹਨ। ਇਹ ਧੂੰਆਂ ਜਿੱਥੇ ਹਵਾ ਵਿੱਚ ਆ ਕੇ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ, ਉੱਥੇ ਹੀ ਇਸ ਦੀ ਵਰਤੋਂ ਵਾਲਾ ਮਨੁੱਖ ਵੀ ਆਪਣੇ ਫੇਫੜੇ ਅਤੇ ਸਾਰੇ ਸਰੀਰ ਨੂੰ ਨਸ਼ਟ ਕਰਦਾ ਹੈ। ਜਨਤਕ ਸਥਾਨਾਂ ਤੇ ਸਿਗਰਟ ਪੀਣਾ ਦੂਸਰੇ ਮਨੁੱਖਾਂ ਨੂੰ ਵੀ ਵਧੇਰੇ ਨੁਕਸਾਨ ਪਹੁੰਚਾਉਂਦਾ ਹੈ। ਇਸੇ ਕਾਰਣ ਭਾਰਤ ਵਿੱਚ ਜਨਤਕ ਸਥਾਨਾਂ ਤੇ ਤੰਬਾਕੂ ਨੋਸ਼ੀ ਕਰਨ ਤੋਂ ਮਨਾਹੀ ਹੈ ਅਤੇ ਸਿਗਰਟ ਦੀ ਹਰ ਡੱਬੀ ਤੇ ਵੀ ਇਹ ਲਿਖਿਆ ਹੁੰਦਾ ਹੈ, ਸਿਗਰਟ ਪੀਣਾ ਸਿਹਤ ਲਈ ਨੁਕਸਾਨਦੇਹ ਹੈ (Cigarette smoking is injurious to health)। ਇਸੇ ਕਾਰਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਤੰਬਾਕੂ ਅਤੇ ਸਿਗਰਟ ਪੀਣ ਦੀ ਮਨਾਹੀ ਕੀਤੀ ਹੋਈ ਹੈ।

**3.6.8. ਰਸਾਇਣਿਕ ਕੀਟਨਾਸ਼ਕਾਂ ਦਾ ਪ੍ਰਯੋਗ**:- ਵਧੀ ਹੋਈ ਜਨਸੰਖਿਆ ਲਈ ਵੱਧ ਭੋਜਨ ਦੀ ਲੋੜ ਹੈ। ਇਸ ਲਈ ਜੰਗਲਾਂ ਨੂੰ ਸਾਫ਼ ਕਰਕੇ ਖੇਤਰ ਬਣਾਏ ਜਾਂਦੇ ਹਨ ਜਾਂ ਪਹਿਲਾਂ ਵਾਲੀ ਖੇਤੀ ਯੋਗ ਜ਼ਮੀਨ ਤੇ ਵੱਧੋ-ਵੱਧ ਫਸਲਾਂ ਜਾਂ ਉਤਪਾਦਨ ਕੀਤਾ ਜਾਂਦਾ ਹੈ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਜਾਂਦੀ ਹੈ, ਜਿਸ ਲਈ ਕਿਸਾਨ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰਦੇ ਹਨ। ਇਹ ਜਿੱਥੇ ਫਸਲਾਂ, ਫਲਾਂ ਅਤੇ ਸਬਜ਼ੀਆਂ ਨੂੰ ਜ਼ਹਿਰ ਬਣਾਉਂਦੀਆਂ ਹਨ ਉੱਥੇ ਹੀ ਇਹ ਹਵਾ ਵਿੱਚ ਘੁੱਲ ਕੇ ਹਵਾ ਨੂੰ ਵੀ ਜ਼ਹਿਰੀਲਾ ਬਣਾਉਂਦੀਆਂ ਹਨ। ਇਹ ਅਜਿਹੇ ਰਸਾਇਣਿਕ ਪਦਾਰਥ ਹਨ ਜੋ ਪਾਣੀ ਵਿੱਚ ਮਿਲਣ ਤੇ ਬਹੁਤ ਜ਼ਹਿਰੀਲੀਆਂ ਗੈਸਾਂ ਪੈਦਾ ਕਰਦੇ ਹਨ ਅਤੇ ਖੇਤਾਂ ਵਿੱਚ ਖੜੇ ਪਾਣੀ ਤੇ ਛਿੜਕੀਆਂ ਇਹ ਦਵਾਈਆਂ ਲਗਾਤਾਰ ਹਵਾ ਨੂੰ ਪ੍ਰਦੂਸ਼ਿਤ ਕਰਦੇ ਰਹਿੰਦੇ ਹਨ। D.D.T. ਦਾ ਪ੍ਰਯੋਗ ਬਹੁਤ ਹੀ ਜ਼ਿਆਦਾ ਖਤਰਨਾਕ ਹੈ ਕਿਉਂਕਿ ਇਸ ਵਿਚਲੇ ਤੱਤ ਕਈ ਦਿਨਾਂ ਤੱਕ ਹਵਾ ਵਿੱਚ ਘੁੱਲਦੇ ਰਹਿੰਦੇ ਹਨ।

**3.6.9. ਜੰਗਲੀ ਅੱਗ**:- ਤਾਪਮਾਨ ਵੱਧਣ ਅਤੇ ਬਾਰਿਸ਼ ਨਾ ਹੋਣ ਤੇ ਜੰਗਲਾਂ ਵਿੱਚਲੇ ਘਾਹ ਅਤੇ ਪੱਤਿਆਂ ਵਿੱਚ ਅੱਗ ਲੱਗ ਜਾਂਦੀ ਹੈ ਜੋ ਕਈ ਕਈ ਦਿਨਾਂ ਤੱਕ ਹਵਾ ਵਿੱਚ ਧੂੰਆਂ ਪਹੁੰਚਾਉਂਦੀ ਰਹਿੰਦੀ ਹੈ। ਇਹ ਅੱਗ ਜਿੱਥੇ ਸਾਰੇ ਜੰਗਲ, ਜੰਗਲੀ ਜੀਵਨ, ਪ੍ਰਸਥਿਤੀ ਪ੍ਰਣਾਲੀ (Eco-system) ਅਤੇ ਭੋਜਨ ਪ੍ਰਣਾਲੀ (Food Chain) ਤੋੜਦੀ ਹੈ ਉੱਥੇ ਹੀ ਹਵਾ ਨੂੰ ਵੀ ਬਹੁਤ ਪ੍ਰਦੂਸ਼ਿਤ ਕਰਦੀ ਹੈ।

**3.6.10. ਬੈਕਟੀਰੀਆ ਅਤੇ ਜ਼ਹਿਰੀਲੇ ਤੱਤ**:- ਬੈਕਟੀਰੀਆ ਅਤੇ ਜ਼ਹਿਰੀਲੇ ਤੱਤ (Viruses) ਬਹੁਤ ਹੀ ਹਲਕੇ ਕੀਟਾਣੂ ਹੁੰਦੇ ਹਨ। ਜਦੋਂ ਹਵਾ ਗੰਦੇ ਥਾਵਾਂ ਤੋਂ ਦੀ ਲੰਘਦੀ ਹੈ ਤਾਂ ਅਜਿਹੇ ਹਲਕੇ ਕੀਟਾਣੂਆਂ ਨੂੰ ਨਾਲ ਉਡਾ ਲੈ ਜਾਂਦੀ ਹੈ ਅਤੇ ਜਿੱਥੇ ਜਿੱਥੇ ਹਵਾ ਜਾਂਦੀ ਹੈ, ਇਹ ਕੀਟਾਣੂ ਵੀ ਪਹੁੰਚਦੇ ਹਨ। ਇਸ ਤਰ੍ਹਾਂ ਇਨ੍ਹਾਂ ਕੀਟਾਣੂਆਂ ਨਾਲ ਵੀ ਹਵਾ ਪ੍ਰਦੂਸ਼ਿਤ ਹੁੰਦੀ ਹੈ। ਇਸੇ ਲਈ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਬਹੁਤ ਹੀ ਜਲਦੀ ਫੈਲਦੀਆਂ ਹਨ। NASA (National Aeronautics Space Authority) ਦੇ ਅਨੁਮਾਨ ਮੁਤਾਬਿਕ ਧਰਤੀ ਤੋਂ ਲਗਭਗ 8 ਕਿਲੋਮੀਟਰ ਉਚਾਈ ਤੱਕ ਇਹ ਕੀਟਾਣੂ ਪਾਏ ਜਾਂਦੇ ਹਨ।

**3.6.11. ਬਾਲਣ**:- ਵਾਯੂਮੰਡਲ ਵਿੱਚ Sulphur Dioxide ਗੈਸ ਦੀ ਮਾਤਰਾ ਪਹਿਲਾਂ ਹੀ ਘੱਟ ਹੈ। ਜਦੋਂ ਘਰਾਂ ਵਿੱਚ ਪਾਥੀਆਂ (ਗੋਬਰ) ਅਤੇ ਕੋਲੇ ਦਾ ਬਾਲਣ ਹਰ ਰੋਜ਼ ਲਗਾਤਾਰ ਜਲਾਇਆ ਜਾਂਦਾ ਹੈ ਤਾਂ ਉਸ ਵਿਚੋਂ Sulphuric Acid ਪੈਦਾ ਹੁੰਦਾ ਹੈ। ਇਹ ਤੇਜ਼ਾਬ ਧਾਤੂਆਂ, ਮੁੱਲਵਾਨ ਪੱਥਰਾਂ ਅਤੇ ਖਾਸ ਕਰ ਕੱਪੜਿਆਂ ਲਈ ਬਹੁਤ ਹੀ ਘਾਤਕ ਹੈ। ਘਰਾਂ ਵਿੱਚ ਜਲਾਈਆਂ ਜਾਂਦੀਆਂ ਪਾਥੀਆਂ, ਲੱਕੜਾਂ, ਕੋਇਲਾ ਆਦਿ ਜਿੱਥੇ ਸਿੱਧੇ ਰੂਪ ਵਿੱਚ ਹਵਾ ਨੂੰ ਗੰਧਲਾ ਕਰਦਾ ਹੈ ਉੱਥੇ ਹੀ ਇਹ ਤੇਜ਼ਾਬ ਪੈਦਾ ਕਰਕੇ ਮਨੁੱਖੀ ਜੀਵਨ ਨੂੰ ਹੋਰ ਵਧੇਰੇ ਨੁਕਸਾਨ ਪਹੁੰਚਾਉਂਦੇ ਹਨ।

**3.6.12. ਖੁਸ਼ਬੂ ਅਤੇ ਵਾਸ਼ਣਾ**:- ਸਜਾਵਟ ਲਈ ਵਰਤੀਆਂ ਜਾਂਦੀਆਂ ਤਰ੍ਹਾਂ-ਤਰ੍ਹਾਂ ਦੀਆਂ ਖੁਸ਼ਬੂਆਂ ਅਤੇ ਵਾਸ਼ਣਾਵਾਂ ਵੀ ਵਾਯੂਮੰਡਲ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਕੁਝ ਕੁ ਪਲਾਂ ਦੀ ਖੁਸ਼ਬੂ ਲਈ ਮਨੁੱਖ ਆਪਣੇ ਉਸ ਵਾਯੂਮੰਡਲ ਨੂੰ ਨਸ਼ਟ ਕਰ ਬੈਠਦਾ ਹੈ ਜਿਸ ਰਾਹੀਂ ਜੀਵਤ ਰਹਿ ਰਿਹਾ ਹੈ।

**3.6.13. ਪਟਾਕੇ**:- ਭਾਰਤ ਵਿੱਚ ਹਰ ਖੁਸ਼ੀ, ਤਿਉਹਾਰ ਖਾਸ ਕਰਕੇ ਦਿਵਾਲੀ, ਦੁਸ਼ਹਿਰਾ ਆਦਿ ਦੇ ਸਮੇਂ ਪਟਾਕੇ ਚਲਾਏ ਜਾਂਦੇ ਹਨ। ਇਨ੍ਹਾਂ ਪਟਾਕਿਆਂ ਦੇ ਜਲਣ ਤੇ ਪੈਦਾ ਹੋਇਆ, ਗਾੜ੍ਹਾ ਧੂੰਆਂ ਬਹੁਤ ਸਾਰੇ ਖਤਰਨਾਕ ਤੱਤ ਹਵਾ

ਵਿੱਚ ਫੈਲਾਉਂਦਾ ਹੈ। ਇੱਕ ਅਨੁਮਾਨ ਅਨੁਸਾਰ ਦੀਵਾਲੀ ਵਰਗੇ ਤਿਉਹਾਰਾਂ ਸਮੇਂ ਦਾ ਪ੍ਰਦੂਸ਼ਣ ਆਉਂਦੇ ਲਗਭਗ 25-30 ਦਿਨਾਂ ਤੱਕ ਧਰਤੀ ਦੇ ਬਿਲਕੁਲ ਹੀ ਨੇੜੇ ਦੇ ਵਾਯੂਮੰਡਲ ਵਿੱਚ ਹੀ ਰਹਿੰਦਾ ਹੈ ਕਿਉਂਕਿ ਇਨ੍ਹਾਂ ਤਿਉਹਾਰਾਂ ਦੇ ਸਮੇਂ ਸ਼ਾਮ ਤੋਂ ਹੀ ਤ੍ਰੇਲ (Dew) ਪੈਣੀ ਸ਼ੁਰੂ ਹੋ ਜਾਂਦੀ ਹੈ। ਇਹ ਸਾਰਾ ਪ੍ਰਦੂਸ਼ਣ ਜੀਵਾਂ ਰਾਹੀਂ ਹੀ ਸਾਹ ਲੈਣ ਤੇ ਹੌਲੀ-ਹੌਲੀ ਘੱਟਦਾ ਹੈ। ਪਟਾਕੇ ਚਲਾਉਣ ਤੇ, ਫਾਇਦਾ ਇੱਕ ਪ੍ਰਤੀਸ਼ਤ ਵੀ ਨਹੀਂ ਹੈ ਪਰ ਨੁਕਸਾਨ ਮਨੁੱਖ ਦੇ ਜੀਵਨ ਨੂੰ ਖਾਤਮੇ ਤੇ ਪਹੁੰਚਦਾ ਹੈ।

**3.6.14. ਪ੍ਰਾਲੀ ਬਾਲਣਾ:-** ਹਵਾ ਪ੍ਰਦੂਸ਼ਣ ਦਾ ਇੱਕ ਹੋਰ ਵੱਡਾ ਕਾਰਣ ਖੇਤੀ ਪ੍ਰਧਾਨ ਦੇਸ਼ਾਂ ਵਿੱਚ ਫਸਲ ਕੱਟਣ ਤੋਂ ਬਾਅਦ ਖਾਸ ਕਰ ਝੋਨੇ (Paddy) ਦੇ ਬਚੇ ਫੂਸ ਜਾਂ ਪ੍ਰਾਲੀ ਨੂੰ ਖਤਮ ਕਰਨ ਲਈ ਅੱਗ ਲਗਾ ਦਿੱਤੀ ਜਾਂਦੀ ਹੈ। ਸਾਰਾ ਉੱਤਰੀ ਭਾਰਤ ਅਜਿਹੀ ਖੇਤੀ ਕਰਦਾ ਹੈ। ਇੰਨੇ ਵੱਡੇ ਖੇਤਰ ਦੇ ਫੂਸ ਜਲਣ ਨਾਲ ਬਹੁਤ ਮਾਤਰਾ ਵਿੱਚ ਪ੍ਰਦੂਸ਼ਣ ਹੁੰਦਾ ਹੈ। ਇਹ ਜਿੱਥੇ ਧੂੰਆਂ ਅਤੇ ਗੈਸਾਂ ਹਵਾ ਵਿੱਚ ਮਿਲਾਉਂਦਾ ਹੈ ਉੱਥੇ ਹੀ ਪ੍ਰਾਲੀ ਦੀ ਸੁਆਹ ਵੀ ਉਡਾ ਕੇ ਸਾਹ ਲੈਣ ਵਾਲੇ ਜੀਵਾਂ ਦੇ ਅੰਦਰ ਜਾਂਦੀ ਹੈ। ਕਣਕ ਦਾ ਘਾਹ ਤਾਂ ਫੂਸ ਤੂੜੀ (Chaff) ਬਣ ਜਾਂਦਾ ਹੈ।

ਇਸ ਤੋਂ ਇਲਾਵਾ ਵੀ ਹੋਰ ਬਹੁਤ ਸਾਰੇ ਅਜਿਹੇ ਕਾਰਣ ਜਾਂ ਤੱਤ ਹਨ ਜੋ ਹਵਾ ਨੂੰ ਪ੍ਰਦੂਸ਼ਣ ਕਾਰਣ ਮਨੁੱਖ, ਜੀਵਾਂ ਅਤੇ ਪੌਦਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

### 3.7 ਹਵਾ ਪ੍ਰਦੂਸ਼ਣ ਰਾਹੀਂ ਨੁਕਸਾਨ (Consequences of Air Pollution)

**3.7.1. ਸਿਹਤ ਨੂੰ ਨੁਕਸਾਨ:-** ਵਾਯੂਮੰਡਲ ਦੇ ਪ੍ਰਦੂਸ਼ਿਤ ਹੋਣ ਨਾਲ ਸਭ ਤੋਂ ਵੱਡਾ ਨੁਕਸਾਨ ਜੀਵਾਂ ਦੀ ਸਿਹਤ ਤੇ ਪੈਂਦਾ ਹੈ। ਹਵਾ ਸਾਹ-ਲੈਣ ਵਾਲੇ ਸਭ ਪ੍ਰਾਣੀਆਂ ਲਈ ਬਹੁਤ ਜ਼ਰੂਰੀ ਹੈ। ਇਸ ਤੋਂ ਬਿਨਾਂ ਕੋਈ ਵੀ ਜੀਵ ਕੁਝ ਪੱਲਾ ਤੱਕ ਵੀ ਜੀਵਤ ਨਹੀਂ ਰਹਿ ਸਕਦਾ। ਮਨੁੱਖ ਆਪਣੀਆਂ ਕੁਝ ਕੁ ਲੋੜਾਂ ਪੂਰੀਆਂ ਕਰਨ ਅਤੇ ਛੋਟੇ-ਮੋਟੇ ਆਨੰਦ ਲਈ ਆਪਣੇ ਉਸੇ ਵਾਯੂਮੰਡਲ ਨੂੰ ਖਰਾਬ ਅਤੇ ਖਤਮ ਕਰ ਰਿਹਾ ਹੈ ਜਿਸ ਕਾਰਣ ਉਹ ਜੀਵਤ ਹੈ। ਜੀਵਾਂ ਨੂੰ ਆਕਸੀਜਨ ਦੀ ਜ਼ਰੂਰਤ ਹੈ ਜੋ ਹਵਾ ਵਿੱਚ ਕੇਵਲ 20% ਹੈ ਪਰ ਹਵਾ ਵਿਚਲੀਆਂ ਸਭ ਗੈਸਾਂ, ਧੂੜ ਅਤੇ ਤੱਤ ਸਾਹ ਲੈਣ ਸਮੇਂ ਜੀਵਾ ਦੇ ਅੰਦਰ ਜਾਂਦੇ ਹਨ ਜੋ ਸਾਹ ਪ੍ਰਕਿਰਿਆ ਅਤੇ ਬਾਕੀ ਸਰੀਰ ਲਈ ਬਹੁਤ ਖਤਰਨਾਕ ਹਨ। ਭੂਪਾਲ ਗੈਸ ਦੁਰਘਟਨਾ ਵਿੱਚ ਹਜ਼ਾਰਾ ਲੋਕ ਮਾਰੇ ਗਏ ਸਨ ਅਤੇ ਉਹਨਾਂ ਵਿੱਚ ਹਜ਼ਾਰਾ ਹਾਲੇ ਵੀ ਇਲਾਜ ਅਧੀਨ ਹਨ।

**3.7.2. ਫਸਲਾਂ, ਪੌਦਿਆਂ ਅਤੇ ਹੋਰ ਵਸਤਾਂ ਨੂੰ ਨੁਕਸਾਨ:-** ਪ੍ਰਦੂਸ਼ਿਤ ਹਵਾ ਕਾਰਣ ਉਜ਼ੋਨ ਪਰਤ ਵਿੱਚ ਸੁਰਾਖ ਹੁੰਦੇ ਹਨ ਅਤੇ ਸੂਰਜ ਦੀਆਂ ਖਤਰਨਾਕ ਅਤੇ ਜ਼ਹਿਰਲੀਆਂ ਕਿਰਨਾਂ (Ultraviolet Waves) ਜੋ ਫਸਲਾਂ, ਪੌਦਿਆਂ, ਜੀਵਾਂ ਅਤੇ ਮਨੁੱਖ ਲਈ ਬਹੁਤ ਘਾਤਕ ਹਨ, ਧਰਤੀ ਦੇ ਵਾਯੂਮੰਡਲ ਵਿੱਚ ਆ ਜਾਂਦੀਆਂ ਹਨ ਜਿਸ ਨਾਲ ਧਰਤੀ ਦਾ ਤਾਪਮਾਨ ਵੱਧ ਜਾਂਦਾ ਹੈ ਅਤੇ ਫਸਲਾਂ, ਪੌਦੇ ਅਤੇ ਕੋਮਲ ਜੀਵ-ਜੰਤੂ ਤੜਫਣੇ ਸ਼ੁਰੂ ਹੋ ਜਾਂਦੇ ਹਨ। ਇਸ ਤੋਂ ਇਲਾਵਾ ਇਹ ਕਿਰਨਾਂ ਧਾਤੂਆਂ, ਖਣਿਜ ਪਦਾਰਥਾਂ, ਮੁੱਲਵਾਨ ਪੱਥਰ ਅਤੇ ਇੱਥੋਂ ਤੱਕ ਕਿ ਕੱਪੜਿਆਂ ਲਈ ਵੀ ਬਹੁਤ ਖਤਰਨਾਕ ਹੈ।

**3.7.3. ਸੰਵੇਦਨਾਵਾਂ ਤੇ ਅਸਰ:-** ਹਵਾ ਪ੍ਰਦੂਸ਼ਣ ਅੱਖ, ਨੱਕ ਅਤੇ ਗਲੇ ਦੀਆਂ ਬਿਮਾਰੀਆਂ ਦਾ ਮੁੱਢਲਾ ਅਤੇ ਇੱਕ ਕਾਰਣ ਹੈ। ਅੱਖਾਂ ਵਿੱਚ ਰੜਕ, ਗਲੇ ਵਿੱਚ ਖਿੱਚ-ਖਿੱਚ ਅਤੇ ਨੱਕ ਦਾ ਵਗਣਾ, ਚਮੜੀ ਦਾ ਖਰਾਬ ਹੋਣਾ, ਕੰਨਾਂ ਦਾ ਵਧੇਰੇ ਗੰਦੇ ਰਹਿਣਾ ਆਦਿ ਸਭ ਹਵਾ ਦੇ ਪ੍ਰਦੂਸ਼ਣ ਦੀ ਹੀ ਦੇਣ ਹਨ।

**3.7.4. ਗੰਧ:-** ਗੰਧ ਵੱਖੋ-ਵੱਖ ਲੋਕਾਂ ਤੇ ਵੱਖੋ-ਵੱਖ ਅਸਰ ਪਾਉਂਦੀ ਹੈ। ਕੁਝ ਲੋਕ ਗੰਦ ਦੇ ਮਲਬੇ ਤੋਂ ਬਹੁਤ ਗੰਧ ਮਹਿਸੂਸ ਕਰਦੇ ਹਨ ਪਰ ਜੋ ਉਸ ਪ੍ਰਕਾਰ ਦੇ ਮਲਬੇ ਦੇ ਨੇੜੇ-ਤੇੜੇ ਰਹਿੰਦੇ ਹਨ ਜਾਂ ਬਾਰ-ਬਾਰ ਉੱਥੋਂ ਦੀ ਲੰਘਦੇ ਹਨ, ਉਹਨਾਂ ਨੂੰ ਇਹ ਗੰਧ ਵਧੇਰੇ ਮਹਿਸੂਸ ਨਹੀਂ ਹੁੰਦੀ ਕਿਉਂਕਿ ਉਹ ਇਸ ਦੇ ਆਦੀ ਬਣ ਚੁੱਕੇ ਹੁੰਦੇ ਹਨ। ਕਈ ਮਨੁੱਖਾਂ ਨੂੰ ਕੁਝ ਖਾਸ ਪ੍ਰਕਾਰ ਦੀ ਗੰਧ ਤੋਂ ਖਾਸ ਨਫਰਤ ਹੈ ਜਿਵੇਂ ਕੁਝ ਲੋਕ ਮੱਛੀ ਅਤੇ ਮੀਟ ਦੀ ਗੰਧ, ਬੁੱਚੜ ਖਾਨੇ (Slaughter house) ਦੀ ਗੰਧ ਤੋਂ ਬਹੁਤ ਜ਼ਿਆਦਾ ਨਫ਼ਰਤ ਕਰਦੇ ਹਨ।

**3.7.5. ਪ੍ਰਸਥਿਤੀ ਪ੍ਰਣਾਲੀ ਤੇ ਅਸਰ:-** ਹਵਾ ਪ੍ਰਦੂਸ਼ਣ ਦਾ ਪ੍ਰਸਥਿਤੀ ਪ੍ਰਣਾਲੀ ਤੇ ਵੀ ਬਹੁਤ ਜ਼ਿਆਦਾ ਅਸਰ ਪੈਂਦਾ ਹੈ। ਪ੍ਰਸਥਿਤੀ ਪ੍ਰਣਾਲੀ ਜੀਵਾਂ ਅਤੇ ਉਹਨਾਂ ਦੇ ਵਾਤਾਵਰਣ ਵਿਚਲੇ ਸੰਬੰਧਾਂ ਦਾ ਅਧਿਐਨ ਹੈ। ਇਸ ਵਿੱਚ ਭੋਜਨ

ਪ੍ਰਣਾਲੀ (Food Chain) ਵੀ ਸ਼ਾਮਿਲ ਹੈ। ਹਵਾ ਵਿੱਚ ਖਾਸ ਕਿਸਮ ਦੇ ਤੱਤਾਂ ਦੇ ਵੱਧਣ ਕਾਰਣ ਕਈ ਜੀਵਾਂ ਅਤੇ ਜੀਵ ਜੰਤੂਆਂ ਦਾ ਜੀਵਤ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ, ਜਿਸ ਨਾਲ ਉਹ ਜਿਸ ਪ੍ਰਸਥਿਤੀ ਪ੍ਰਣਾਲੀ ਦਾ ਹਿੱਸਾ ਸਨ, ਉਹ ਟੁੱਟ ਜਾਂਦੀ ਹੈ ਅਤੇ ਇਸ ਦਾ ਬਾਕੀ ਜੀਵਾਂ ਅਤੇ ਵਾਤਾਵਰਣ ਤੇ ਵੀ ਅਸਰ ਪੈਂਦਾ ਹੈ। ਕੁਝ ਅਜਿਹੇ ਜੀਵ-ਜੰਤੂ ਜਾਂ ਪੰਛੀ ਹਨ ਜੋ ਸਾਡੀ ਪ੍ਰਸਥਿਤੀ ਪ੍ਰਣਾਲੀ ਵਿੱਚ ਬਹੁਤ ਅਹਿਮ ਹਿੱਸਾ ਨਿਭਾਉਂਦੇ ਹਨ ਅਤੇ ਬਹੁਤ ਸਾਰਾ ਬੇਕਾਰ ਸਾਮਾਨ ਅਤੇ ਗੰਦ ਨੂੰ ਨਸ਼ਟ ਕਰਕੇ ਵਾਤਾਵਰਣ ਨੂੰ ਬਚਾਉਣ ਵਿੱਚ ਮਦਦ ਕਰਦੇ ਹਨ। ਜਿਵੇਂ ਗੰਧ (Vulture) ਮਰੇ ਹੋਏ ਜਾਨਵਰਾਂ ਦਾ ਮਾਸ ਖਾਂਦੀ ਹੈ, ਇਸ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਜਮਾਂਦਾਰ (Scavenger) ਕਿਹਾ ਜਾਂਦਾ ਹੈ, ਪਰ ਭਾਰਤ ਦੇ ਵਾਯੂਮੰਡਲ ਵਿੱਚ ਵਧੇਰੇ ਪ੍ਰਦੂਸ਼ਕ ਤੱਤ ਹੋਣ ਕਾਰਣ ਮਰੇ ਹੋਏ ਜਾਨਵਰਾਂ ਨੂੰ ਖਾਣ ਤੇ ਗਿਧਾ ਨੂੰ ਵੀ ਨੁਕਸਾਨ ਹੁੰਦਾ ਹੈ। ਜਿਸ ਕਾਰਣ ਉਹ 1995 ਤੋਂ ਬਾਅਦ ਉੱਤਰੀ ਭਾਰਤ ਛੱਡ ਚੁੱਕੀਆਂ ਹਨ। ਹੁਣ ਮਰੇ ਹੋਏ ਜਾਨਵਰਾਂ ਦਾ ਮਾਸ ਅਤੇ ਬਦਬੋ ਆਪਣੀ ਪੂਰੀ ਚਰਮ ਸੀਮਾ ਤੱਕ ਹਵਾ ਨੂੰ ਹੋਰ ਪ੍ਰਦੂਸ਼ਿਤ ਕਰਦੇ ਰਹਿੰਦੇ ਹਨ।

**3.7.6. ਕੁਦਰਤੀ ਮਾਹੌਲ ਤੇ ਅਸਰ:**- ਕੁਦਰਤ ਆਪਣੇ ਆਪ ਵਿੱਚ ਬਹੁਤ ਹੀ ਖੂਬਸੂਰਤ ਹੈ। ਪਰ ਵਾਯੂਮੰਡਲ ਵਿੱਚ ਪ੍ਰਦੂਸ਼ਕ ਤੱਤਾਂ ਕਾਰਣ ਪ੍ਰਸਥਿਤੀ ਪ੍ਰਣਾਲੀ ਤੇ ਵੀ ਬਹੁਤ ਅਸਰ ਪਿਆ ਹੈ। ਇਸ ਨਾਲ ਕੁਦਰਤ ਦਾ ਜੋ ਆਮ ਮਾਹੌਲ ਸੀ ਉਹ ਵਿਗੜ ਗਿਆ ਹੈ ਅਤੇ ਇਸ ਦੀ ਖੂਬਸੂਰਤੀ ਵੀ ਭੰਗ ਹੋ ਗਈ ਹੈ। ਜੋ ਹਿਮਾਲਿਆ ਅਤੇ ਕਸ਼ਮੀਰ ਨੂੰ ਕੁਦਰਤੀ ਖੂਬਸੂਰਤੀ ਕਾਰਣ ਜਾਣੇ ਜਾਂਦੇ ਸਨ, ਹੁਣ ਉਹ ਆਪਣੇ ਗੁਣ ਘਟਾ ਚੁੱਕੇ ਹਨ।

**3.7.7. ਪੌਦਿਆਂ ਤੇ ਅਸਰ:**- ਵਾਯੂਮੰਡਲ ਦੇ ਗੰਦਲਾ ਹੋਣ ਨਾਲ ਜੀਵਾਂ ਦੇ ਨਾਲ ਪੌਦਿਆਂ ਤੇ ਵੀ ਬਹੁਤ ਖਤਰਨਾਕ ਪ੍ਰਭਾਵ ਪੈਂਦਾ ਹੈ। ਪੌਦੇ ਜੀਵਾਂ ਲਈ ਬਹੁਤ ਹੀ ਅਹਿਮ ਸਹਾਇਤਾ ਪ੍ਰਦਾਨ ਕਰਦੇ ਹਨ। ਇਹ ਜਿੱਥੇ ਮੀਂਹ ਪਵਾਉਣ ਲਈ, ਮਿੱਟੀ ਰੋਕਣ ਲਈ ਫੱਲ, ਲੱਕੜੀ ਆਦਿ ਵਿਚ ਮਦਦਗਾਰ ਹਨ, ਉਥੇ ਹੀ ਇਹ ਦਿਨੇ ਆਪਣੀ ਸਾਹ ਦੀ ਪ੍ਰਕ੍ਰਿਆ (Photosynthesis) ਰਾਹੀਂ ਸੂਰਜ ਦੀ ਰੌਸ਼ਨੀ ਨਾਲ ਆਪਣੇ ਪੱਤਿਆਂ ਵਿਚਲੇ ਪਾਣੀ ਵਿੱਚਲੀਆਂ ਗੈਸਾਂ ਆਕਸੀਜਨ ਅਤੇ ਹਾਈਡ੍ਰੋਜਨ ਨੂੰ ਵੱਖ ਕਰਦੇ ਹਨ। ਭਾਵ ਇਹ ਜੀਵਾਂ ਲਈ ਆਕਸੀਜਨ ਤਿਆਰ ਕਰਦੇ ਹਨ। ਪਰ ਹਵਾ ਵਿਚਲੇ ਪ੍ਰਦੂਸ਼ਕ ਤੱਤਾਂ ਜੀਵਾਂ ਦੇ ਨਾਲ ਇਨ੍ਹਾਂ ਲਈ ਵੀ ਖਤਰਾ ਹਨ।

**3.8. ਹਵਾ ਪ੍ਰਦੂਸ਼ਣ ਸੰਬੰਧੀ ਰੋਕਥਾਮ (Measures to Control Air Pollution)**

ਹਵਾ ਪ੍ਰਦੂਸ਼ਣ ਹੁਣ ਕੇਵਲ ਭਾਰਤ ਦੀ ਹੀ ਸਮੱਸਿਆ ਨਹੀਂ ਹੈ ਬਲਕਿ ਇਹ ਇੱਕ ਅੰਤਰ-ਰਾਸ਼ਟਰੀ ਸੰਕਟ ਬਣ ਚੁੱਕਾ ਹੈ। ਇਹ ਇੰਨਾ ਜ਼ਿਆਦਾ ਖਤਰਨਾਕ ਬਣ ਚੁੱਕਾ ਹੈ ਕਿ ਇਸ ਨੂੰ ਖਤਮ ਕਰਨਾ, ਘਟਾਉਣਾ ਤਾਂ ਕੀ ਕੇਵਲ ਰੋਕਣਾ ਹੀ ਬਹੁਤ ਔਖਾ ਹੋ ਚੁੱਕਾ ਹੈ। ਇਸ ਨੂੰ ਕੰਟਰੋਲ ਕਰਨ ਜਿੱਥੇ ਅੰਤਰ ਰਾਸ਼ਟਰੀ ਸਰਕਾਰਾਂ, ਸਮਾਜਾਂ ਅਤੇ ਸੰਸਥਾਵਾਂ ਦਾ ਯੋਗਦਾਨ ਲੋੜੀਂਦਾ ਹੈ, ਉਥੇ ਹੀ ਹਰ ਮਨੁੱਖ ਅੰਦਰ ਨੀਤੀ-ਸ਼ਾਸ਼ਤਰ ਪੜ੍ਹਾ ਕੇ ਨੈਤਿਕ ਭਾਵਨਾ ਪੈਦਾ ਕਰਨਾ ਵੀ ਬਹੁਤ ਜ਼ਰੂਰੀ ਹੈ। ਇਸ ਸੰਬੰਧੀ ਕੁਝ ਹੇਠਾਂ ਦਰਸਾਏ ਕਦਮ ਲਾਹੇਵੰਦ ਹੋ ਸਕਦੇ ਹਨ:

**3.8.1. ਪ੍ਰਸ਼ਾਸ਼ਨਿਕ ਕਦਮ:**- ਸੰਸਾਰ ਦੀਆਂ ਸਾਰੀਆਂ ਸਰਕਾਰਾਂ ਨੂੰ ਹਵਾ-ਪ੍ਰਦੂਸ਼ਣ ਰੋਕਣ ਲਈ ਤੁਰੰਤ ਕਦਮ ਚੁੱਕਣੇ ਪੈਣਗੇ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਕੂੜਾ-ਕਰਕਟ ਸੁੱਟਣ ਲਈ ਟੋਏ ਪੁੱਟੇ, ਬੁੱਚੜਖਾਨੇ, ਮੱਛੀ ਬਾਜ਼ਾਰ ਬੰਦ ਕਮਰਿਆਂ ਵਿੱਚ ਰੱਖਣ ਦੀ ਵਿਵਸਥਾ ਕੀਤੀ ਜਾਵੇ, ਦੁੱਧ ਦੇ ਕਾਰੋਬਾਰ ਵੀ ਸ਼ਹਿਰਾਂ ਤੋਂ ਬਾਹਰ ਰੱਖੇ ਜਾਣ। ਮਲ-ਮੂਤਰ ਅਤੇ ਸੀਵਰੇਜ਼, ਨਾਲੀਆਂ ਦਾ ਅਜਿਹਾ ਪ੍ਰਬੰਧ ਕੀਤਾ ਜਾਵੇ ਜਿਸ ਨਾਲ ਇਹ ਸਭ ਕੁਝ ਸਹੀ ਤਰੀਕੇ ਅਤੇ ਬੰਦ ਰੂਪ ਵਿੱਚ ਸ਼ਹਿਰ ਤੋਂ ਬਾਹਰ ਖੇਤਾਂ ਵਿੱਚ ਪਹੁੰਚਾਇਆ ਜਾ ਸਕੇ। ਫੈਕਟਰੀਆਂ ਤੇ ਲਗਾਤਾਰ ਨਿਗਰਾਨੀ ਰੱਖੀ ਜਾਵੇ, ਕਿਸੇ ਵੀ ਫੈਕਟਰੀ ਨੂੰ ਆਪਣਾ ਮਲਬਾ ਵਾਤਾਵਰਣ ਵਿਚ ਸੜਣ ਲਈ ਛੱਡਣ ਦੀ ਮਨਾਹੀ ਕੀਤੀ ਜਾਵੇ ਆਦਿ ਸਭ ਪ੍ਰਸ਼ਾਸਨ ਦੀਆਂ ਜ਼ਿੰਮੇਵਾਰੀਆਂ ਹਨ।

**3.8.2. ਰੁੱਖਾਂ ਦੀ ਸੰਭਾਲ:**- ਹਵਾ ਸਾਡੇ ਲਈ ਅਤਿ ਜ਼ਰੂਰੀ ਹੈ ਇਸ ਵਿਚਲੀ ਕੇਵਲ 20% ਮਾਤਰ ਆਕਸੀਜਨ ਪ੍ਰਦੂਸ਼ਣ ਕਾਰਣ ਨਸ਼ਟ ਹੋ ਰਹੀ ਹੈ। ਇਸ 20% ਨੂੰ ਵਰਤਣ ਵਾਲੇ ਮਨੁੱਖ ਵਧੇਰੇ ਹਨ। ਇਸ ਤਰ੍ਹਾਂ ਮਨੁੱਖ ਪ੍ਰਦੂਸ਼ਣ ਰਾਹੀਂ ਇਸ 20% ਨੂੰ ਵੀ ਨਸ਼ਟ ਕਰ ਰਿਹਾ ਹੈ। ਇਸ ਸੰਬੰਧੀ ਰੁੱਖ ਸਾਡੇ ਬਹੁਤ ਵੱਡੇ ਮਿੱਤਰ ਹਨ। ਹਰ ਪ੍ਰਕਾਰ ਦੇ ਛੋਟੇ-ਮੋਟੇ ਅਤੇ ਖਾਸ ਕਰ ਵੱਡੇ ਰੁੱਖ ਜੀਵਾਂ ਲਈ ਆਕਸੀਜਨ ਪੈਦਾ ਕਰਦੇ ਹਨ। ਇਹ ਸੂਰਜ ਦੀ ਰੌਸ਼ਨੀ ਤਹਿਤ

ਆਪਣੀ ਸਾਹ-ਪ੍ਰਕਿਰਿਆ, ਜਿਸ ਨੂੰ Photosynthesis ਕਹਿੰਦੇ ਹਨ, ਰਾਹੀ ਪੱਤਿਆਂ ਵਿੱਚਲੇ ਪਾਣੀ ਵਿੱਚ ਹਾਈਡ੍ਰੋਜਨ ਅਤੇ ਆਕਸੀਜਨ ਨੂੰ ਵੱਖ ਕਰਦੇ ਹਨ। ਇਸ ਤਰ੍ਹਾਂ ਇਹ ਆਕਸੀਜਨ ਪੈਦਾ ਕਰਦੇ ਹਨ। ਪਰ ਵੱਧ ਜਨ-ਸੰਖਿਆ ਕਾਰਣ ਮਨੁੱਖ ਆਪਣੇ ਰਹਿਣ ਲਈ ਰੁੱਖ ਕੱਟ ਰਹੇ ਹਨ। ਇਸ ਤਰ੍ਹਾਂ ਮਨੁੱਖ ਵੱਧ ਰਹੇ ਹਨ ਅਤੇ ਆਕਸੀਜਨ ਘੱਟ ਰਹੀ ਹੈ। ਇਹ ਰੁੱਖ ਵੱਧੋਂ-ਵੱਧ ਹੋਣੇ ਚਾਹੀਦੇ ਹਨ। ਇੰਨ੍ਹਾਂ ਦੀ ਮਹੱਤਤਾ ਭਾਰਤੀ ਸੰਸਕ੍ਰਿਤੀ ਦਾ ਪੁਰਾਤਨ ਸਮੇਂ ਤੋਂ ਹਿੱਸਾ ਰਹੀ ਹੈ।

**3.8.3. ਲੋਕਾਂ ਨੂੰ ਸਿੱਖਿਆ ਦੇਣਾ:-** ਵਧੀ ਜਨਸੰਖਿਆ ਇੱਕ ਸਮੱਸਿਆ ਹੈ ਅਤੇ ਇਹੀ ਵਧੀ ਜਨਸੰਖਿਆ ਹਵਾ ਅਤੇ ਹੋਰ ਕਈ ਪ੍ਰਕਾਰ ਦੇ ਪ੍ਰਦੂਸ਼ਣਾਂ ਦਾ ਕਾਰਣ ਹੈ। ਹੋਰਾਂ ਪ੍ਰਦੂਸ਼ਣਾਂ ਦੀ ਤਰ੍ਹਾਂ ਹਵਾ ਪ੍ਰਦੂਸ਼ਣ ਨੂੰ ਰੋਕਣ ਵਿੱਚ ਆਮ ਜਨਤਾ ਦਾ ਸ਼ਾਮਿਲ ਹੋਣਾ ਬਹੁਤ ਜ਼ਰੂਰੀ ਹੈ। ਜਿਵੇਂ ਕਿ ਇਹ ਹਰ ਮਨੁੱਖ ਦੀਆਂ ਗਤੀਵਿਧੀਆਂ ਕਾਰਣ ਪੈਦਾ ਹੋਇਆ ਹੈ, ਉਸੇ ਤਰ੍ਹਾਂ ਹਰ ਇੱਕ ਮਨੁੱਖ ਨੂੰ ਇਸ ਸੰਬੰਧੀ, ਇਸ ਦੀ ਮਹੱਤਤਾ ਅਤੇ ਇਸ ਰਾਹੀਂ ਹੋ ਰਹੇ ਨੁਕਸਾਨ ਸੰਬੰਧੀ ਜਾਣਕਾਰੀ ਦੇਣਾ ਵੀ ਸਰਕਾਰ ਦਾ ਹੀ ਕੰਮ ਹੈ। ਹਰ ਸਾਲ ਜੂਨ 5 ਨੂੰ ਵਾਤਾਵਰਣ ਵਿਸ਼ਵ ਦਿਸਵ (World Environment Day) ਮਨਾਇਆ ਜਾਂਦਾ ਹੈ ਇਸ ਦਿਨ ਵੀ ਮਨੁੱਖਾਂ ਨੂੰ ਸਿੱਖਿਆ ਦੇਣ ਲਈ ਵੱਧੋ-ਵੱਧ ਪ੍ਰੋਗਰਾਮ ਬਣਾਉਣੇ ਚਾਹੀਦੇ ਹਨ।

**3.8.4. ਨੈਤਿਕ ਸਿੱਖਿਆ:-** ਪ੍ਰਦੂਸ਼ਣ ਦੀ ਰੋਕਥਾਮ ਲਈ ਸਿੱਖਿਆ ਅਤੇ ਜਾਣਕਾਰੀ ਦੇ ਨਾਲ-ਨਾਲ ਨੈਤਿਕ ਸਿੱਖਿਆ ਬਹੁਤ ਅਹਿਮ ਹੈ। ਮਨੁੱਖ ਆਪਣੇ ਹੋਸ਼ੋ-ਹਵਾਸ ਤਹਿਤ ਇਨ੍ਹਾਂ ਪ੍ਰਦੂਸ਼ਕ ਤੱਤਾਂ ਨੂੰ ਫੈਲਾਉਂਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦੀਆਂ ਕਿਰਿਆਵਾਂ ਨਾਲ ਪ੍ਰਦੂਸ਼ਣ ਫੈਲ ਰਿਹਾ ਹੈ। ਇਸ ਲਈ ਉਸ ਅੰਦਰ ਨੈਤਿਕਤਾ ਜਾਂ ਮਨੁੱਖਤਾ ਦੀ ਭਾਵਨਾ ਜਗਾਉਣਾ ਅਤਿ ਜ਼ਰੂਰੀ ਹੈ। ਨੈਤਿਕ ਸਿੱਖਿਆ ਮਨੁੱਖ ਦੇ ਜ਼ਮੀਰ ਅਤੇ ਅੰਦਰੂਨੀ ਸੋਚ ਨੂੰ ਜਗਾਉਂਦੀ ਹੈ। ਜੋ ਮਨੁੱਖ ਇਹ ਸੋਚਦਾ ਹੈ ਕਿ ਕੇਵਲ ਉਸ ਦੀਆਂ ਕੋਸ਼ਿਸ਼ਾਂ ਇਹ ਸਭ ਕੁਝ ਨਹੀਂ ਕਰ ਸਕਦੀਆਂ ਉਸ ਅੰਦਰ ਆਪਣੇ ਅਤੇ ਦੂਸਰਿਆਂ ਪ੍ਰਤੀ ਪਰਉਪਕਾਰ ਜਾਂ ਮਨੁੱਖਤਾ ਦੀ ਭਾਵਨਾ ਪੈਦਾ ਹੁੰਦੀ ਹੈ। ਸਪੱਸ਼ਟ ਹੈ ਕਿ ਨੈਤਿਕ ਸਿੱਖਿਆ ਦੇਣਾ ਨੀਤੀ-ਸ਼ਾਸ਼ਤਰ (Ethics) ਦਾ ਕੰਮ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬੱਚੇ ਨੂੰ ਸ਼ੁਰੂ ਵਿੱਚ ਹੀ ਨੀਤੀ-ਸ਼ਾਸ਼ਤਰ ਵਿਸ਼ਾ ਪੜਾਵੇ ਤਾਂ ਜੋ ਉਹ ਸੰਪੂਰਣ ਨਾਗਰਿਕ ਅਤੇ ਮਨੁੱਖ ਬਣੇ।

**3.8.5. ਪ੍ਰਦੂਸ਼ਣ ਕਾਨੂੰਨ:-** ਸਾਰੀਆਂ ਸਰਕਾਰਾਂ ਨੂੰ ਪ੍ਰਦੂਸ਼ਣ ਸਖਤੀ ਨਾਲ ਰੋਕਣ ਸੰਬੰਧੀ ਸਖਤ ਕਾਨੂੰਨ ਅਤੇ ਸਜ਼ਾਵਾਂ ਬਣਾਉਣੀਆਂ ਚਾਹੀਦੀਆਂ ਹਨ। ਭਾਰਤ ਵਿੱਚ Air Pollution Control Act, 1981 ਵਿੱਚ ਲਾਗੂ ਕੀਤਾ ਗਿਆ। ਇਸੇ ਤਰ੍ਹਾਂ ਪਿਛਲੇ ਸਾਲ ਦਿੱਲੀ ਵਿੱਚ ਡੀਜ਼ਲ ਦੀਆਂ ਬੱਸਾਂ ਵਿੱਚ ਡੀਜ਼ਲ ਦੀ ਥਾਂ CNG (Consolidated Natural Gas) ਦੇ ਪ੍ਰਯੋਗ ਦੇ ਹੁਕਮ ਦਿੱਤੇ ਗਏ। ਇਸ ਤੋਂ ਇਲਾਵਾ ਰਾਜ ਸਰਕਾਰਾਂ ਨੂੰ ਪ੍ਰਦੂਸ਼ਣ ਕੰਟਰੋਲ ਬੋਰਡ ਬਣਾਉਣ ਦੇ ਹੁਕਮ ਹਨ ਜੋ ਲਗਾਤਾਰ ਫੈਕਟਰੀਆਂ, ਇੱਟਾਂ ਦੇ ਭੱਠੇ ਆਦਿ ਤੇ ਨਿਗਾਹ ਰੱਖਦੇ ਹਨ।

**3.8.6. ਧੂੰਏਂ ਦਾ ਸਹੀ ਨਾਸ਼:-** ਘਰ ਫੈਕਟਰੀਆਂ ਇੱਟਾਂ ਦੇ ਭੱਠੇ, ਪ੍ਰਾਲੀ ਆਦਿ ਵਿੱਚੋਂ ਨਿਕਲਣ ਵਾਲੇ ਧੁਏਂ ਸੰਬੰਧੀ ਸੋਧ ਪਲਾਟ ਲਗਾਏ ਜਾਣੇ ਚਾਹੀਦੇ ਹਨ। ਫੈਕਟਰੀਆਂ, ਇੱਟਾਂ ਦੇ ਭੱਠੇ ਆਦਿ ਦੀਆਂ ਚਿਮਨੀਆਂ ਹੋਰ ਉੱਚੀਆਂ ਹੋਣੀਆਂ ਚਾਹੀਦੀਆਂ ਹਨ। ਜੋ ਉਹਨਾਂ ਦਾ ਧੂੰਆਂ ਮਨੁੱਖਾਂ ਤੱਕ ਆਪਣੇ ਖਤਰਨਾਕ ਰੂਪ ਵਿੱਚ ਨਾ ਪਹੁੰਚੇ।

**3.8.7. ਫੈਕਟਰੀਆਂ ਲਈ ਉੱਚਿਤ ਸਥਾਨ:-** ਉਹ ਫੈਕਟਰੀਆਂ ਜੋ ਖਤਰਨਾਕ ਤੱਤ ਪੈਦਾ ਕਰਦੀਆਂ ਅਤੇ ਜਿਨ੍ਹਾਂ ਵਿੱਚ ਵਰਤਿਆ ਜਾਣ ਵਾਲਾ ਸਮਾਨ ਬਹੁਤ ਖਤਰਨਾਕ ਹੈ ਉਹਨਾਂ ਨੂੰ ਸਮਾਜ ਤੋਂ ਦੂਰ ਲਗਾਇਆ ਜਾਣਾ ਚਾਹੀਦਾ ਹੈ। ਇਸ ਸੰਬੰਧੀ ਭਾਰਤ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ ਫੋਕਲ ਪੁਆਇੰਟ (Focal Point) ਖੇਤਰ ਬਣਾਏ ਗਏ ਹਨ ਜਿਨ੍ਹਾਂ ਵਿੱਚ ਕੇਵਲ ਅਜਿਹੀਆਂ ਫੈਕਟਰੀਆਂ ਹੀ ਹਨ। ਪਰ ਦਿੱਲੀ, ਮੁੰਬਈ, ਲੁਧਿਆਣਾ, ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਹਾਲੇ ਵੀ ਛੋਟੀਆਂ-ਮੋਟੀਆਂ ਫੈਕਟਰੀਆਂ ਲੋਕਾਂ ਦੇ ਘਰਾਂ ਵਿੱਚ ਹਨ।

**3.8.8. ਉਦਯੋਗਿਕ ਉਤਪਾਦ ਦਾ ਬਹੁ-ਪ੍ਰਯੋਗ:-** ਉਦਯੋਗਿਕ ਉਤਪਾਦਾਂ ਦਾ ਆਪਸੀ ਪ੍ਰਯੋਗ ਹੋਣਾ ਚਾਹੀਦਾ ਹੈ ਜਿਵੇਂ ਸ਼ੂਗਰ ਫੈਕਟਰੀ ਵਿੱਚ ਗੁੜ ਦਾ ਮਲਬਾ ਸ਼ਰਾਬ ਦੀ ਫੈਕਟਰੀ ਵਿੱਚ ਕੰਮ ਆ ਸਕਦਾ ਹੈ। ਪ੍ਰਾਲੀ ਨੂੰ ਕਈ ਪ੍ਰਕਾਰ ਦੇ ਬਾਲਣ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਨਾਲ ਜਿੱਥੇ ਵਾਤਾਵਰਣ ਸਾਫ ਰਹਿੰਦਾ ਹੈ ਉੱਥੇ ਆਰਥਿਕ ਫਾਇਦਾ ਵੀ ਹੁੰਦਾ ਹੈ।

**3.8.9. ਆਵਾਜਾਈ ਦੇ ਸਾਧਨਾਂ ਵਿੱਚ ਸੁਧਾਰ:-** ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਆਵਾਜਾਈ ਦੇ ਸਾਧਨਾਂ ਵਿੱਚ ਸੁਧਾਰ ਜ਼ਰੂਰੀ ਹੈ। ਡੀਜ਼ਲ ਨਾਲ ਚੱਲਣ ਵਾਲੀਆਂ ਰੇਲ ਗੱਡੀਆਂ ਨੂੰ ਬਿਜਲੀ ਤੇ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਡੀਜ਼ਲ ਤੇ ਚੱਲਣ ਵਾਲੀਆਂ ਬੱਸਾਂ ਅਤੇ ਟਰੱਕ CNG ਚੱਲਣੇ ਚਾਹੀਦੇ ਹਨ। ਕਾਰਾਂ, ਸਕੂਟਰ, ਮੋਟਰ ਸਾਇਕਲ ਆਦਿ ਸਿੱਕਾ ਰਹਿਤ ਪੈਟਰੋਲ 1(Unleaded Petrol/ULP) ਤੇ ਚੱਲਣੇ ਚਾਹੀਦੇ ਹਨ। ਗੱਡੀਆਂ ਦੀ ਸਹੀ ਸਮੇਂ ਮੁਰੰਮਤ ਅਤੇ ਸਰਵਿਸ ਵੀ ਇਸ ਸੰਬੰਧੀ ਲਾਹੇਵੰਦ ਹੈ। ਇਸੇ ਤਰ੍ਹਾਂ ਆਮ ਜਨਤਾ ਨੂੰ ਚਾਹੀਦਾ ਹੈ ਕਿ ਉਹ ਬਿਲਕੁਲ ਉਚਿਤ ਲੋੜ ਸਮੇਂ ਹੀ ਇੰਨਾ ਵਾਹਨਾਂ ਦਾ ਪ੍ਰਯੋਗ ਕਰੋ।

**3.8.10. ਪ੍ਰਮਾਣੂ ਧਮਾਕਿਆਂ ਤੇ ਰੋਕ:-** ਸੁਰੱਖਿਆ ਦੇ ਨਾਮ ਤੇ ਬਣਾਏ ਜਾਂਦੇ ਪ੍ਰਮਾਣੂ ਹਥਿਆਰਾਂ ਦੇ ਯੁੱਧ ਵਿਚ ਤੇ ਇਸਤੇਮਾਲ ਹੋਣਾ ਹੀ ਹੈ ਪਰ ਸ਼ਾਂਤੀ ਸਮੇਂ ਵੀ ਉਹਨਾਂ ਨੂੰ ਚੈਕ ਕਰਨ ਲਈ ਧਮਾਕੇ ਕੀਤੇ ਜਾਂਦੇ ਹਨ ਜਿਸ ਨਾਲ ਕਾਫੀ ਹਵਾ ਪ੍ਰਦੂਸ਼ਕ ਤੱਤ ਪੈਦਾ ਹੁੰਦੇ ਹਨ। ਅੰਤਰ-ਰਾਸ਼ਟਰੀ ਪੱਧਰ ਤੇ ਇਸ ਸੰਬੰਧੀ ਰੋਕ ਹੋਣੀ ਚਾਹੀਦੀ ਹੈ। ਭਾਵੇਂ ਸੰਯੁਕਤ ਰਾਸ਼ਟਰ ਨੇ ਪਹਿਲਾਂ N P T (Non-Prolefiration Treaty) ਅਤੇ ਫਿਰ C.T.B.T. (Comprehensive Test Ban Treaty) ਬਣਾਈ ਹੈ ਪਰ ਜਿਨ੍ਹਾਂ ਦੇਸ਼ਾਂ ਨੇ (ਭਾਰਤ, ਪਾਕਿਸਤਾਨ, ਇਜ਼ਰਾਇਲ) ਇਸ ਤੇ ਹਸਤਾਖਰ ਨਹੀਂ ਕੀਤੇ ਹਨ ਉਹ ਹਾਲੇ ਵੀ ਇਨ੍ਹਾਂ ਬੰਬਾਂ ਦਾ ਟੈਸਟ ਕਰ ਸਕਦੇ ਹਨ। ਜਿਵੇਂ 1998 ਵਿੱਚ ਭਾਰਤ ਅਤੇ ਫਿਰ ਪਾਕਿਸਤਾਨ ਨੇ ਇਹ ਟੈਸਟ ਕੀਤੇ।

**3.8.11. ਜਨਸੰਖਿਆ ਅਤੇ ਸ਼ਹਿਰੀਕਰਣ ਤੇ ਰੋਕ:-** ਨਾ ਕੇਵਲ ਹਵਾ ਬਲਕਿ ਹਰ ਪ੍ਰਕਾਰ ਦੇ ਪ੍ਰਦੂਸ਼ਣ ਦਾ ਮੁੱਖ ਕਾਰਣ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿੱਚ ਵਾਧੂ ਜਨਸੰਖਿਆ ਹੈ। ਇਸੇ ਕਾਰਣ ਲੋਕ ਸ਼ਹਿਰਾਂ ਵਿਚ ਰਹਿਣਾ ਵਧੇਰੇ ਪਸੰਦ ਕਰਦੇ ਹਨ। ਵੱਧ ਲੋਕਾਂ ਨੂੰ ਘੱਟ ਸਾਧਨਾਂ ਵਿੱਚ ਭੋਜਨ ਪ੍ਰਦਾਨ ਕਰਨ ਲਈ ਹਰ ਹੀਲੇ ਕਰਨੇ ਪੈਂਦੇ ਹਨ। ਵੱਧ ਲੋਕਾਂ ਕਾਰਣ ਵੱਧ ਵਾਹਨ ਹਨ, ਵੱਧ ਫੈਕਟਰੀਆ ਹਨ, ਵੱਧ ਇੱਟਾਂ ਦੇ ਭੱਠੇ ਹਨ, ਘਰਾਂ ਵਿੱਚ ਵੱਧ ਚੁੱਲੇ ਹਨ, ਵੱਧ ਦੀਵਾਲੀ ਮਨਾਈ ਜਾਂਦੀ ਹੈ, ਵੱਧ ਜ਼ੀਰੀ ਪੈਦਾ ਕੀਤੀ ਜਾਂਦੀ ਅਤੇ ਉਸ ਦੀ ਵੱਧ ਪ੍ਰਾਲੀ ਫੂਕੀ ਜਾਂਦੀ ਹੈ। ਹਵਾ ਪ੍ਰਦੂਸ਼ਣ ਦੇ ਲਗਭਗ ਸਾਰੇ ਕਾਰਣ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਜਨਸੰਖਿਆ ਦੀ ਵਧੀ ਗਿਣਤੀ ਤੇ ਨਿਰਭਰ ਹਨ। ਵਿਗਿਆਨਕ ਸੁਵਿਧਾਵਾਂ ਕਾਰਣ ਲੋਕ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵਿੱਚ ਰਹਿਣਾ ਪਸੰਦ ਕਰਦੇ ਹਨ। ਵੱਡੇ ਸ਼ਹਿਰ ਵੱਧ ਪ੍ਰਦੂਸ਼ਣ ਪੈਦਾ ਕਰਦੇ ਹਨ।

**3.8.12. ਪ੍ਰਾਲੀ ਨੂੰ ਜਲਾਉਣ ਸੰਬੰਧੀ ਰੋਕਥਾਮ:-** ਸਤੰਬਰ-ਅਕਤੂਬਰ ਮਹੀਨੇ ਜ਼ੀਰੀ ਵੇਚਣ ਤੋਂ ਬਾਅਦ ਬਚੇ ਘਾਹ ਫੂਸ ਦਾ ਕੋਈ ਵੀ ਯੋਗ ਪ੍ਰਯੋਗ ਨਹੀਂ ਕੀਤਾ ਜਾਂਦਾ। ਇਸ ਕਾਰਣ ਕਿਸਾਨ ਨੂੰ ਖੇਤਾਂ ਵਿੱਚ ਹੀ ਜਲਾ ਕੇ ਨਸ਼ਟ ਕਰਨਾ ਪਸੰਦ ਕਰਦੇ ਹਨ। ਇਸ ਸੰਬੰਧੀ ਬਾਕੀ ਸਭ ਤਰੀਕੇ ਵਧੇਰੇ ਖਰਚੀਲੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵਿਗਿਆਨੀਆਂ ਦੀ ਮਦਦ ਨਾਲ ਪ੍ਰਾਲੀ ਦਾ ਕੋਈ ਸਦਉਪਯੋਗੀ ਢੰਗ ਲੱਭੇ ਅਤੇ ਕਿਸਾਨਾਂ ਦੀਆਂ ਵਾਤਾਵਰਣ ਸੰਬੰਧੀ ਖਤਰਨਾਕ ਕਿਰਿਆਵਾਂ ਤੇ ਸਖਤੀ ਨਾਲ ਪੇਸ਼ ਆਵੇ। ਕਿਸਾਨ ਆਪਣੀ ਮਾੜੀ ਆਰਥਿਕ ਹਾਲਤ ਕਾਰਣ ਸਮਾਜ ਪ੍ਰਤੀ ਨਾਕਾਰਾਤਮਕ ਨਜ਼ਰੀਆ ਰੱਖਦੇ ਹਨ। ਇਸ ਲਈ ਉਹਨਾਂ ਅੰਦਰ ਨੈਤਿਕ ਭਾਵਨਾ ਜਗਾਉਣ ਲਈ ਉਹਨਾਂ ਨੂੰ ਸਿੱਖਿਆ ਦਿੱਤੀ ਜਾਵੇ।

**ਸਿੱਟਾ :-**

ਹਵਾ ਪ੍ਰਦੂਸ਼ਣ ਵਿੱਚ ਜ਼ਿਆਦਾਤਰ ਮਨੁੱਖ ਆਪ ਹੀ ਜ਼ਿੰਮੇਵਾਰ ਹੈ, ਇਸੇ ਤਰ੍ਹਾਂ ਇਹ ਆਪ ਹੀ ਇਸ ਨੂੰ ਰੋਕ ਵੀ ਸਕਦਾ ਹੈ ਪਰ ਇਸ ਸੰਬੰਧੀ ਸਰਕਾਰ ਦਾ ਰੋਲ ਵੀ ਅਹਿਮ ਹੈ। ਸਰਕਾਰ ਹੀ ਨਿਯਮਾਂ, ਤਕਨੀਕਾਂ ਅਤੇ ਸਜ਼ਾਵਾਂ ਤਹਿਤ ਇਹ ਸਭ ਰੋਕ ਸਕਦੀ ਹੈ। ਭਾਰਤ ਵਿਚ ਯੋਗਦਾਨ ਵਿੱਚ ਅੱਗੇ ਹੈ। ਪਰ ਭਾਰਤ ਦੀ ਸਰਕਾਰ ਅਤੇ ਰਾਜਾਂ ਦੀਆਂ ਸਰਕਾਰਾਂ ਆਪਣੇ ਗਠਬੰਧਨੀ ਬਚਨਾਂ, ਰਾਜਨੀਤਕ ਮਾਮਲਿਆਂ, ਭ੍ਰਿਸ਼ਟਾਚਾਰ ਅਤੇ ਐਸ਼ਪ੍ਰਸਤੀ ਤੋਂ ਵਿਹਲੀਆਂ ਹੀ ਨਹੀਂ ਹੁੰਦੀਆਂ। ਉਦਾਹਰਣ ਵਜੋਂ ਪੰਜਾਬ ਵਿੱਚ ਕਿਸਾਨ ਅਹਿਮ ਵੋਟਰ ਹਨ, ਇਸ ਲਈ ਉਹਨਾਂ ਨੂੰ ਪ੍ਰਾਲੀ ਜਲਾਉਣ ਅਤੇ ਪਹਿਲਾਂ ਜੀਰੀ ਲਗਾਉਣ ਸੰਬੰਧੀ ਕੋਈ ਵੀ ਰਾਜਨੀਤਿਕ ਪਾਰਟੀ ਦੀ ਸਰਕਾਰ ਸਖਤੀ ਨਾਲ ਪੇਸ਼ ਨਹੀਂ ਆਉਣਾ ਚਾਹੁੰਦੀ। ਅਸਲ ਵਿੱਚ ਸਰਕਾਰ ਪਾਸ ਇਨ੍ਹਾਂ ਕੋਮਲ ਕੰਮਾਂ ਲਈ ਸਮਾਂ, ਸੋਚ, ਇੱਛਾ ਅਤੇ ਪੈਸਾ ਨਹੀਂ ਹੈ। ਅੰਤ ਇਹ ਸਮੱਸਿਆਵਾਂ ਭਾਰਤ ਦੇ ਨਾਲ-ਨਾਲ ਪੂਰੇ ਵਿਸ਼ਵ ਨੂੰ ਕਿਸੇ ਨਾ ਕਿਸੇ ਦਿਨ ਪੂਰੀ ਤਰ੍ਹਾਂ ਨਸ਼ਟ ਕਰ ਦੇਣਗੀਆਂ।

**ਪਾਠ ਸੰਬੰਧਿਤ ਪ੍ਰਸ਼ਨ (Textual Questions)** **ਅੰਕ-2**

1. ਪ੍ਰਦੂਸ਼ਣ ਤੋਂ ਕੀ ਭਾਵ ਹੈ?
2. ਹਵਾ ਪ੍ਰਦੂਸ਼ਣ ਦਾ ਅਰਥ ਦੱਸੋ।
3. ਹਵਾ ਪ੍ਰਦੂਸ਼ਣ ਤੱਤ ਕੀ ਹਨ।
4. ਹਵਾ-ਪ੍ਰਦੂਸ਼ਣ ਦੇ ਕੀ ਕਾਰਣ ਹਨ?
5. ਹਵਾ ਪ੍ਰਦੂਸ਼ਣ ਤੋਂ ਕੀ ਨੁਕਸਾਨ ਹੋ ਸਕਦੇ ਹਨ?
6. ਉਹ ਕਿਹੜੇ ਉਪਾਅ ਹਨ ਜੋ ਹਵਾ ਪ੍ਰਦੂਸ਼ਣ ਚੈੱਕ ਕਰ ਸਕਦੇ ਹਨ?

## 3.9 ਪਾਣੀ ਪ੍ਰਦੂਸ਼ਣ (Water Pollution)

ਹਵਾ ਦੀ ਹੀ ਤਰ੍ਹਾਂ ਪਾਣੀ ਵੀ ਜੀਵਨ ਦਾ ਅਹਿਮ ਆਧਾਰ ਹੈ। ਇਹ ਹਰ ਪ੍ਰਕਾਰ ਦੇ ਜੀਵਨ (ਜੀਵ ਮੰਡਲ) ਦੇ ਜਿਉਂਦੇ ਰਹਿਣ ਦੀ ਪਹਿਲੀ ਸ਼ਰਤ ਹੈ। ਔਸਤਨ ਹਰ ਮਨੁੱਖ ਹਰ ਦਿਨ ਘੱਟੋ-ਘੱਟ 2 ਲੀਟਰ ਪਾਣੀ ਜ਼ਰੂਰ ਪੀਂਦਾ ਹੈ। ਮਨੁੱਖ ਦੇ ਸਰੀਰ ਦਾ 70% ਵਜ਼ਨ ਪਾਣੀ ਹੈ। ਪਾਣੀ ਦੀ ਮਹੱਤਤਾ ਸੰਬੰਧੀ ਇਹ ਤੱਤ ਵੀ ਵਧੇਰੇ ਉਪਯੋਗੀ ਹੈ ਕਿ ਧਰਤੀ ਦੀ 80% ਉੱਪਰਲੀ ਸਤ੍ਹਾ ਪਾਣੀ ਨਾਲ ਘਿਰੀ ਹੋਈ ਹੈ। ਪਾਣੀ ਤੇ ਆਧਾਰਿਤ ਜੀਵਾਂ ਦੇ ਮੰਡਲ ਨੂੰ ਜਲ ਮੰਡਲ (Hydrosphere) ਕਹਿੰਦੇ ਹਨ। ਇਹ ਤੱਥ ਵੀ ਜ਼ਰੂਰੀ ਹੈ ਕਿ ਜਲ ਮੰਡਲ ਵਿੱਚ ਉਪਲਬਧ ਕੁਲ ਪਾਣੀ ਵਿੱਚੋਂ ਕੇਵਲ 1% ਪਾਣੀ ਹੀ ਜ਼ਮੀਨੀ, ਨਦੀਆਂ, ਝੀਲਾਂ, ਧਰਤੀ ਆਦਿ ਰੂਪਾਂ ਵਿੱਚ ਮਨੁੱਖੀ ਵਰਤੋਂ ਵਿੱਚ ਆਉਂਦਾ ਹੈ। ਮਨੁੱਖ ਆਪਣੀਆਂ ਲੋੜਾਂ ਲਈ ਜ਼ਮੀਨੀ ਪਾਣੀ ਦੀ ਵਧੇਰੇ ਪ੍ਰਯੋਗ ਕਰਦਾ ਹੈ।

ਪਾਣੀ ਦੋ ਗੈਸਾਂ ਦਾ ਮੇਲ ਹੈ, ਆਕਸੀਜਨ (Oxygen) ਅਤੇ ਹਾਈਡ੍ਰੋਜਨ (Hydrogen)। ਇਸ ਨੂੰ ਰਸਾਇਣਿਕ ਰੂਪ ਵਿੱਚ $H_2O$ ਰਾਹੀਂ ਸੰਕੇਤ ਕੀਤਾ ਜਾਂਦਾ ਹੈ ਕਿਉਂਕਿ ਇਸ ਵਿੱਚ 2 ਹਿੱਸੇ ਹਾਈਡ੍ਰੋਜਨ ਅਤੇ 1 ਹਿੱਸਾ ਆਕਸੀਜਨ ਹੁੰਦੀ ਹੈ। ਇਨ੍ਹਾਂ ਦੋਵਾਂ ਗੈਸਾਂ ਦੇ ਵੱਖ ਹੋਣ ਤੇ ਪਾਣੀ ਨਸ਼ਟ ਹੋ ਜਾਂਦਾ ਹੈ। ਦਰਖਤ ਆਪਣੀ ਸਾਹ ਪ੍ਰਕਿਰਿਆ (Photosynthesis) ਰਾਹੀਂ ਇਨ੍ਹਾਂ ਦੋਹਾਂ ਗੈਸਾਂ ਨੂੰ ਵੱਖ ਕਰਦੇ ਰਹਿੰਦੇ ਹਨ ਅਤੇ ਸਾਨੂੰ ਆਕਸੀਜਨ ਪ੍ਰਦਾਨ ਕਰਦੇ ਹਨ। ਪਾਣੀ ਜੀਵ-ਮੰਡਲ ਵਿੱਚ ਹਰ ਪ੍ਰਕਾਰ ਦੀ ਹਰਕਤ, ਚੱਲ-ਚੱਕਰ ਅਤੇ ਹੋਰ ਪੌਸ਼ਟਕਾਂ ਤੱਤਾਂ ਦੇ ਆਣ ਜਾਣ ਵਿਚ ਸਹਾਇ ਹੈ। ਇਸੇ ਤਰ੍ਹਾਂ ਪਾਣੀ ਬਿਜਲੀ ਦੀ ਪੈਦਾਵਾਰ, ਖੇਤੀਬਾੜੀ, ਸੀਵਰੇਜ਼ ਨੂੰ ਨਸ਼ਟ ਕਰਨ, ਖਾਣਾ ਪਕਾਉਣ, ਘਰੇਲੂ ਜ਼ਰੂਰਤਾਂ ਸਮੁੰਦਰੀ ਯਾਤਰਾ ਆਦਿ ਕੰਮਾਂ ਲਈ ਵੀ ਪ੍ਰਯੋਗ ਹੁੰਦਾ ਹੈ। ਪਰ ਮਨੁੱਖ ਦੀ ਵਰਤੋਂ ਵਿਚ ਆਉਣ ਵਾਲੇ 1% ਪਾਣੀ ਨੂੰ ਉਹ ਪ੍ਰਦੂਸ਼ਿਤ ਕਰ ਚੁੱਕਾ ਹੈ। ਇਕ ਅਨੁਮਾਨ ਅਨੁਸਾਰ ਭਾਰਤ ਵਿੱਚ ਲਗਭਗ 85% ਪਾਣੀ ਦੂਸ਼ਿਤ ਹੈ।

### 3.9.1 ਪਰਿਭਾਸ਼ਾਵਾਂ (Definitions):

**World Health Organisation (WHO)** ਦੇ ਅਨੁਸਾਰ, ਪਾਣੀ ਪ੍ਰਦੂਸ਼ਣ ਤੋਂ ਭਾਵ ਪਾਣੀ ਦੀ ਸਪਲਾਈ ਵਿੱਚ ਕੁਦਰਤੀ ਜਾਂ ਹੋਰ ਸਾਧਨਾਂ ਤਹਿਤ ਗੈਰ ਤੱਤਾਂ ਦੀ ਮੌਜੂਦਗੀ ਜੋ ਜੀਵਨ ਲਈ ਨੁਕਸਾਨਦੇਹ ਹੋ ਸਕਦੀ ਹੈ। (Foreign materials either from natural or other sources are contaminated with water supplies and may be harmful to life.)।

**President's Science Advisory Committee, US** ਦੇ ਅਨੁਸਾਰ ਹੈ, ਪਾਣੀ ਪ੍ਰਦੂਸ਼ਣ ਪਾਣੀ ਦੀਆਂ ਸਰੀਰਕ ਰਸਾਇਣਕ ਅਤੇ ਜੈਵਿਕ ਵਿਸ਼ੇਸ਼ਤਾਵਾਂ ਵਿੱਚ ਬਦਲਾਵ ਹੈ ਜੋ ਮਨੁੱਖੀ ਅਤੇ ਹੋਰ ਜੀਵਾਂ ਦੇ ਜੀਵਨ ਲਈ ਘਾਤਕ ਪ੍ਰਭਾਵ ਪੈਦਾ ਕਰਦੇ ਹਨ (Water Pollution is the alteration in physical, chemical and biological characteristics of water which may cause harmful effects on humna and aquatic life)।

**P. Vivier** ਦੇ ਅਨੁਸਾਰ, ਪਾਣੀ ਪ੍ਰਦੂਸ਼ਣ ਪਾਣੀ ਦੇ ਗੁਣਾਂ ਵਿੱਚ ਕੁਦਰਤ ਜਾਂ ਪੈਦਾ ਕੀਤੇ ਬਦਲਾਵ ਹਨ ਜੋ ਖਾਣਾ, ਮਨੁੱਖ ਅਤੇ ਜੀਵਾਂ ਦੀ ਸਿਹਤ ਉਦਯੋਗ ਖੇਤੀਬਾੜੀ, ਮੱਛੀ ਪਾਲਣ ਅਤੇ ਆਰਾਮਦਾਇਕ ਗਤੀਵਿਧੀਆਂ ਲਈ ਅਯੋਗ ਜਾਂ ਖਤਰਨਾਕ ਹੈ (Water Pollution is a natural or induced change in the

quality of water which renders it unsuitable or dangerous as regards food, humna and animal health, industry agriculture, fishing or lesiure pursuits.

**3.9.2 ਪਾਣੀ ਦੇ ਸਾਧਨ (Means of Water)**

ਜਿਵੇਂ ਕਿ ਅਸੀਂ ਜਾਣ ਚੁੱਕੇ ਹਾਂ ਕਿ ਧਰਤੀ ਦਾ ਲਗਭਗ 80% ਹਿੱਸਾ ਪਾਣੀ ਨਾਲ ਘਿਰਿਆ ਹੋਇਆ ਹੈ, ਇਹ ਸਾਰਾ ਪਾਣੀ ਇੱਕ ਰੂਪ ਵਿੱਚ ਉਪਲਬਧ ਨਹੀਂ ਹੈ ਬਲਕਿ ਸਮੁੰਦਰਾ, ਝੀਲਾਂ ਤੋਂ ਇਲਾਵਾ ਨਦੀਆਂ, ਵਰਖਾ, ਗਲੇਸ਼ੀਅਰ ਅਤੇ ਜ਼ਮੀਨ ਦੇ ਹੇਠਾਂ ਵੀ ਉਪਲਬਧ ਹੈ। ਭਾਵ ਮਨੁੱਖ ਦੀ ਵਰਤੋਂ ਵਿੱਚ ਕੇਵਲ ਜ਼ਮੀਨੀ ਵਾਯੂਮੰਡਲ ਅਤੇ ਨਦੀਆਂ ਵਾਲਾ ਪਾਣੀ ਹੀ ਆਉਂਦਾ ਹੈ ਜੋ ਬਡੀ ਮੁਸ਼ਕਿਲ ਨਾਲ ਕੁੱਲ ਪਾਣੀ ਦਾ 2% ਵੀ ਨਹੀਂ ਹੈ। ਇਸ ਤੋਂ ਇਲਾਵਾ ਸਮੁੰਦਰ ਅਤੇ ਵਾਯੂਮੰਡਲ ਵਾਲਾ ਪਾਣੀ ਵਰਖਾ ਦੇ ਰੂਪ ਵਿੱਚ ਵੀ ਮਨੁੱਖ ਪਾਸ ਪਹੁੰਚਦਾ ਹੈ। ਭਾਰਤ ਵਿੱਚ ਹਰ ਸਾਲ ਲਗਭਗ 1400-1800mm ਵਰਖਾ ਹੁੰਦੀ ਹੈ ਜਿਸ ਵਿੱਚੋਂ 96% ਖੇਤੀਬਾੜੀ ਲਈ 3% ਘਰੇਲੂ ਵਰਤੋਂ ਅਤੇ 1% ਉਦਯੋਗ ਲਈ ਵਰਤੀ ਜਾਂਦੀ ਹੈ। ਮਨੁੱਖ ਦੀ ਵਰਤੋਂ ਵਿੱਚ ਆਉਣ ਵਾਲੇ ਪਾਣੀ ਦੇ ਸਾਧਨ ਹੇਠ ਲਿਖੇ ਹਨ-

(i) ਜ਼ਮੀਨੀ ਪਾਣੀ (Ground water)

(ii) ਨਦੀਆਂ ਅਤੇ ਝੀਲਾਂ ਦਾ ਪਾਣੀ (River and lake water)

(iii) ਵਰਖਾ ਦਾ ਪਾਣੀ (Rain water)।

ਮਨੁੱਖ ਦੀ ਵਰਤੋਂ ਵਿੱਚ ਵਧੇਰੇ ਕਰਕੇ ਜ਼ਮੀਨੀ ਪਾਣੀ ਆਉਂਦਾ ਹੈ ਕਿਉਂਕਿ ਇਹ ਧਰਤੀ ਹੇਠਾਂ ਟੈਂਕਾਂ ਵਿੱਚ ਸੁਰਖਿਅਤ ਪਿਆ ਰਹਿੰਦਾ ਹੈ। ਇਹ ਪਾਣੀ ਵਰਖਾ ਅਤੇ ਨਦੀਆਂ ਰਾਹੀਂ ਮਿੱਟੀ ਵਿੱਚ ਸਿਮ ਕੇ ਹੇਠਾ ਚਲਾ ਜਾਂਦਾ ਹੈ। ਸਪੱਸ਼ਟ ਹੈ ਕਿ ਪਾਣੀ ਹੇਠਾਂ ਜਾਣ ਦੀ ਪ੍ਰਕਿਰਿਆ ਪਹਿਲਾਂ ਵਾਂਗ ਕੁਦਰਤੀ ਅਤੇ ਉਨੀ ਹੀ ਸੀਮਤ ਹੈ ਪਰ ਉਸ ਨੂੰ ਧਰਤੀ ਹੇਠੋਂ ਬਾਹਰ ਕੱਢਣ ਦੀ ਪ੍ਰਕਿਰਿਆ ਵੱਧ ਗਈ ਹੈ। ਇਸ ਕਾਰਣ ਇਸ ਧਰਤੀ ਹੇਠਲੇ ਪਾਣੀ ਦੀ ਸਤ੍ਹਾ ਹੇਠਾ ਹੁੰਦੀ ਜਾਂਦੀ ਹੈ। ਮਨੁੱਖ ਆਪਣੀ ਇਸ ਮੁੱਲਵਾਨ ਪਾਣੀ ਦਾ ਖੂਬ ਦੁਰਉਪਯੋਗ ਅਤੇ ਇਸ ਨੂੰ ਪ੍ਰਦੂਸ਼ਿਤ ਕਰ ਚੁੱਕਾ ਹੈ। ਬਹੁਤ ਸਾਰੇ ਅਜਿਹੇ ਤੱਤ ਅਤੇ ਕਾਰਣ ਹਨ ਜਿਨ੍ਹਾਂ ਰਾਹੀਂ ਮਨੁੱਖ ਪਾਣੀ ਨੂੰ ਦੂਸ਼ਿਤ ਕਰ ਰਿਹਾ ਹੈ।

**3.9.3 ਪਾਣੀ ਪ੍ਰਦੂਸ਼ਕ ਤੱਤ (Water Pollutants)**

ਪਾਣੀ ਨੂੰ ਪ੍ਰਦੂਸ਼ਿਤ ਕਰਨ ਵਾਲੇ ਤੱਤ ਕਈ ਪ੍ਰਕਾਰ ਦੇ ਹਨ। ਇਸ ਲਈ ਉਹਨਾਂ ਨੂੰ ਵਰਗੀਕ੍ਰਿਤ ਕਰ ਲੈਣਾ ਉਚਿਤ ਹੈ -

3.9.3.1 ਕੁਦਰਤੀ ਪਾਣੀ ਪ੍ਰਦੂਸ਼ਕ ਤੱਤ (Natural Water Pollutants) ਅਤੇ

3.9.3.2 ਮਨੁੱਖੀ ਪਾਣੀ ਪ੍ਰਦੂਸ਼ਕ ਤੱਤ (Human Water Pollutants)

3.9.3.1 ਕੁਦਰਤੀ ਪਾਣੀ ਪ੍ਰਦੂਸ਼ਤ ਤੱਤਾਂ ਤੋਂ ਭਾਵ ਕੁਦਰਤ ਦੀਆਂ ਕਈ ਕਿਰਿਆਵਾਂ ਜਾਂ ਪ੍ਰਸਥਿਤੀਆਤਮਕ ਘਟਨਾਵਾਂ (Ecological Events) ਪਾਣੀ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਜਿਵੇਂ ਮਿੱਟੀ ਦਾ ਖੁਰਨਾ (Soil Erosion), ਢਿੱਗਾਂ ਡਿਗਣੀਆਂ (Landslides), ਸਮੁੰਦਰੀ ਤੱਟਾਂ ਦਾ ਖੁਰਨਾ (Coastal Erosion), ਜਵਾਲਾਮੁਖੀ ਦਾ ਫੱਟਣਾ (Volcanic Eruption) ਅਤੇ ਪੌਦਿਆਂ ਅਤੇ ਜਾਨਵਰਾਂ ਦਾ ਪਤਨ ਹੋਣਾ ਜਾਂ ਦੁਬਾਰਾ ਬਣਨਾ।

3.9.3.2 ਮਨੁੱਖੀ ਪ੍ਰਦੂਸ਼ਕ ਤੱਤਾਂ ਤੋਂ ਭਾਵ ਉਹ ਤੱਤ ਜੋ ਮਨੁੱਖ ਦੀਆਂ ਜਾਣੀਆਂ-ਅਣਜਾਣੀਆਂ ਕਿਰਿਆਵਾਂ ਰਾਹੀਂ ਪੈਦਾ ਹੁੰਦੇ ਹਨ। ਮਨੁੱਖ ਰਾਹੀਂ ਪੈਦਾ ਕੀਤੇ ਜਾਂਦੇ ਇਨ੍ਹਾਂ ਤੱਤਾਂ ਨੂੰ ਵੀ ਅੱਗੇ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ-

**3.9.3.2.1 ਉਦਯੋਗਿਕ ਪ੍ਰਦੂਸ਼ਕ ਤੱਕ (Industrial Pollutants):**

**ਉਦਯੋਗਿਕ ਕਚਰਾ (Industrial Wastage or Sullage):-** ਉਦਯੋਗਿਕਾਂ ਵਿੱਚ ਬਚੇ ਕਚਰੇ ਨੂੰ ਸੰਭਾਲਣਾ ਇੱਕ ਵੱਡੀ ਸਮੱਸਿਆ ਹੈ। ਕਾਗਜ਼, ਚਮੜਾ, ਕੱਪੜਾ, ਖੰਡ, ਇਸਪਾਤ, ਰਸਾਇਣ ਆਦਿ ਉਦਯੋਗਾਂ ਨੂੰ ਪਾਣੀ ਦੀ ਬਹੁਤ ਲੋੜ ਪੈਂਦੀ ਹੈ ਕਿਉਂਕਿ ਉਹ ਪਾਣੀ ਨਾਲ ਸੰਬੰਧਤ ਵਸਤਾਂ ਨੂੰ ਛਾਣਦੇ ਹਨ। ਬੱਚਿਆ ਗੰਦਾ ਪਾਣੀ

ਉਹਨਾਂ ਲਈ ਸਰਦਰਦ ਹੈ ਜਿਸ ਲਈ ਉਹ ਚੋਰੀ-ਛਿਪੇ ਇਹ ਗੰਦਾ ਪਾਣੀ ਕਿਸੇ ਨਦੀ, ਨਹਿਰ, ਟੋਬੇ ਜਾਂ ਖੂਹ ਵਿਚ ਸੁੱਟ ਆਉਂਦੇ ਹਨ। ਲੁਧਿਆਣੇ ਦਾ ਬੁੱਢਾ-ਨਾਲਾ ਇਸੇ ਦੀ ਮਿਸਾਲ ਹੈ।

**3.9.3.2.2. ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ (Chemical Fertilizers and Pesticides):-** ਉਦਯੋਗਾਂ ਰਾਹੀਂ ਬਣਾਈਆਂ ਜਾਂਦੀਆਂ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਜਿੱਥੇ ਕੀਟਾਣੂਆਂ ਨੂੰ ਮਾਰਦੀਆਂ ਹਨ ਉਥੇ ਹੀ ਖੇਤਾਂ ਦਾ ਪਾਣੀ ਵਿੱਚ ਇਹ ਪ੍ਰਦੂਸ਼ਣ ਫੈਲਾਉਂਦੀਆਂ ਹਨ। ਇਨ੍ਹਾਂ ਹੀ ਨਹੀਂ ਵਰਖਾ ਵਾਲਾ ਪਾਣੀ ਵੀ ਇਨ੍ਹਾਂ ਦਵਾਈਆਂ ਨਾਲ ਪ੍ਰਦੂਸ਼ਿਤ ਹੋ ਕੇ ਬਾਕੀ ਦੇ ਖੇਤਰਾਂ ਨੂੰ ਪ੍ਰਦੂਸ਼ਿਤ ਕਰਦਾ ਹੈ।

**3.9.3.2.3. ਪਾਣੀ ਦਾ ਦੁਰਉਪਯੋਗ ਅਤੇ ਵੱਧ ਵਰਤੋਂ (Misuse and more use of water):-** ਉਦਯੋਗ ਜਿੱਥੇ ਬਾਕੀ ਦੇ ਦਰਿਆ, ਨਹਿਰਾਂ ਆਦਿ ਦਾ ਪਾਣੀ ਪ੍ਰਦੂਸ਼ਿਤ ਕਰਦੇ ਹਨ ਉਥੇ ਹੀ ਉਹ ਆਪਣੀਆਂ ਉਦਯੋਗਿਕ ਕਿਰਿਆਵਾਂ ਲਈ ਪਾਣੀ ਦਾ ਬਹੁਤ ਜ਼ਿਆਦਾ ਪ੍ਰਯੋਗ ਕਰਦੇ ਹਨ। ਉਦਾਹਰਣ ਵਜੋਂ ਖੰਡ, ਚਮੜਾ ਅਤੇ ਕੱਪੜਾ ਬਣਾਉਣ ਲਈ ਪਾਣੀ ਦਾ ਖੂਬ ਇਸਤੇਮਾਲ ਹੁੰਦਾ ਹੈ।

**3.9.3.2.4. ਕੀਟਨਾਸ਼ਕ ਦਵਾਈਆਂ (Pesticides):-** ਜਿੱਥੇ ਕੀਟਨਾਸ਼ਕ ਦਵਾਈਆਂ ਉਦਯੋਗਿਕ ਦੇਣ ਹੈ ਉਥੇ ਹੀ ਉਹਨਾਂ ਦੀ ਵਰਤੋਂ ਵਧੇਰੇ ਕਰਕੇ ਖੇਤਾਂ ਵਿੱਚ ਹੁੰਦੀ ਹੈ। ਵਧੇਰੇ ਉਤਪਾਦ ਅਤੇ ਫਸਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਇਨ੍ਹਾਂ ਦਵਾਈਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਖੇਤ ਦੇ ਪਾਣੀ ਦੇ ਨਾਲ-ਨਾਲ ਹੋਰਾ ਖੇਤਰਾਂ ਦੇ ਪਾਣੀਆਂ ਨੂੰ ਵੀ ਪ੍ਰਦੂਸ਼ਿਤ ਕਰ ਦਿੰਦੀਆਂ ਹਨ।

**3.9.3.2.5. ਫਲਾਂ ਅਤੇ ਸਬਜ਼ੀਆਂ ਧੋਣਾਂ (Washing Fruits and Vegetables):-** ਕਿਸਾਨ ਪੱਕ ਚੁੱਕੇ ਫਲਾ ਅਤੇ ਸਬਜ਼ੀਆਂ ਨੂੰ ਮੰਡੀ ਵਿੱਚ ਪਹੁੰਚਾਉਣ ਲਈ ਧੋਂਦੇ ਹਨ ਜਿਸ ਨਾਲ ਨਦੀਆਂ ਨਹਿਰਾਂ ਦਾ ਪਾਣੀ ਪ੍ਰਦੂਸ਼ਿਤ ਹੁੰਦਾ ਹੈ। ਆਮ ਤੌਰ ਤੇ ਜੜਾਂ ਵਾਲੀਆਂ ਸਬਜ਼ੀਆਂ ਨੂੰ ਮਿੱਟੀ ਬਹੁਤ ਲੱਗੀ ਹੁੰਦੀ ਹੈ, ਜੋ ਧੋਣ ਸਮੇਂ ਪਾਣੀ ਵਿੱਚ ਬਹਿ ਜਾਂਦੀ ਹੈ, ਇਸੇ ਤਰ੍ਹਾਂ ਸਬਜ਼ੀਆਂ ਉੱਪਰ ਛਿੜਕੀਆਂ ਕੀਟਨਾਸ਼ਕ ਦਵਾਈਆਂ ਵੀ ਧੋਣ ਸਮੇਂ ਪਾਣੀ ਵਿੱਚ ਵਹਿ ਜਾਂਦੀਆਂ ਹਨ।

**3.9.3.2.6. ਸੀਵੇਜ (Sewage):-** ਸ਼ਹਿਰਾਂ ਵਿੱਚ ਤਰ੍ਹਾਂ-ਤਰ੍ਹਾਂ ਦੀ ਵਰਤੋਂ ਤੋਂ ਬਾਅਦ ਦੇ ਪਾਣੀ ਨੂੰ ਸੀਵੇਜ ਕਹਿੰਦੇ ਹਨ ਅਤੇ ਜਿਸ ਸਾਧਨਾਂ ਰਾਹੀਂ ਗੁਜ਼ਰ ਕੇ ਇਹ ਸ਼ਹਿਰੋਂ ਬਾਹਰ ਜਾਂਦਾ ਹੈ ਉਨ੍ਹਾਂ ਨੂੰ ਸੀਵਰੇਜ (Sewerage) ਕਹਿੰਦੇ ਹਨ। ਨਹਾਉਣਾ, ਕੱਪੜੇ ਧੋਣਾ, ਮਲ-ਮੂਤਰ, ਫਰਸ਼ ਧੋਣਾ, ਗੱਡੀਆਂ ਦੀ ਸਫਾਈ ਆਦਿ ਦੀ ਗੰਦਗੀ ਸਭ ਕੁਝ ਪਾਣੀ ਵਿੱਚ ਬਹਿ ਜਾਂਦਾ ਹੈ। ਅਗਿਉਂ ਇਹ ਸਾਰਾ ਗੰਦਾ ਪਾਣੀ ਕਿਸੇ ਨਾ ਕਿਸੇ ਤਰ੍ਹਾਂ ਕਿਸੇ ਨਦੀ ਜਾਂ ਨਾਲੇ ਵਿੱਚ ਪੁੱਜਦਾ ਹੈ।

**3.9.3.2.7. ਪਾਣੀ ਦਾ ਦੁਰਉਪਯੋਗ (Misuse of Water):-** ਜ਼ਮੀਨ ਹੇਠਲਾ ਪਾਣੀ ਮਨੁੱਖ ਦੀ ਵਰਤੋਂ ਲਈ ਹੀ ਹੈ ਪਰ ਵਧੇਰੇ ਜਨਸੰਖਿਆ ਹੋਣ ਕਾਰਣ ਇਹ ਥੋੜ੍ਹਾ ਜਾਪਦਾ ਹੈ। ਇਨ੍ਹਾਂ ਹੀ ਨਹੀਂ ਜਿਨ੍ਹਾਂ ਖੇਤਰਾਂ ਵਿੱਚ ਇਹ ਪਾਣੀ ਉਪਲਬਧ ਹੈ ਉਥੋਂ ਦੇ ਮਨੁੱਖ ਇਸ ਦੀ ਖੂਬ ਦੁਰਵਰਤੋਂ ਕਰਦੇ ਹਨ। ਟੂਟੀਆਂ ਖੁੱਲੀਆਂ ਰਹਿੰਦੀਆਂ ਹਨ, ਸ਼ੇਵ ਸਮੇਂ ਟੂਟੀ ਚੱਲਦੀ ਰੱਖਦੇ ਹਨ, ਮਿੱਟੀ ਨੂੰ ਉੱਡਣ ਤੋਂ ਰੋਕਣ ਲਈ ਪਾਣੀ ਛਿੜਕਦੇ ਹਨ। ਪਾਣੀ ਦੀ ਦੁਰਵਰਤੋਂ ਵੀ ਪ੍ਰਦੂਸ਼ਣ ਹੈ।

**3.9.3.2.8. ਪਾਖਾਨੇ (Toilets):-** ਸ਼ਹਿਰਾਂ ਅਤੇ ਪਿੰਡਾਂ ਵਿੱਚ ਘਰਾਂ ਵਿੱਚ ਬਣੇ ਪਖਾਨਿਆਂ ਅਧੀਨ ਜ਼ਮੀਨ ਵਿੱਚ ਟੋਆ ਪੁੱਟ ਕੇ, ਪਖਾਨਿਆ ਦਾ ਸਾਰਾ ਮਲਬਾ ਹੇਠਾਂ ਧਰਤੀ ਵਿੱਚ ਸੁੱਟਿਆ ਜਾਂਦਾ ਹੈ ਜੋ ਅੱਗੇ ਹੇਠਾਂ ਪਾਣੀ ਦੀ ਸਤ੍ਹਾ ਨਾਲ ਜਾ ਮਿਲਦਾ ਹੈ। ਇਸ ਤਰ੍ਹਾਂ ਜ਼ਮੀਨ ਹੇਠਾਂ ਪਿਆ ਸੁਰੱਖਿਅਤ ਪਾਣੀ ਅਸੁਰੱਖਿਅਤ ਹੋ ਜਾਂਦਾ ਹੈ।

**3.9.3.2.9. ਮੁਰਦਿਆਂ ਦੀਆਂ ਹੱਡੀਆਂ ਦਰਿਆਵਾਂ ਵਿੱਚ ਸੁੱਟਣਾ (Immersing the remains of dead bodies into rivers):-** ਧਾਰਮਿਕ ਰਿਵਾਇਤਾ ਅਨੁਸਾਰ ਹਿੰਦੂ ਅਤੇ ਸਿੱਖ ਧਰਮ ਵਿੱਚ ਮੁਰਦੇ ਨੂੰ ਜਲਾਇਆ ਜਾਂਦਾ ਹੈ ਅਤੇ ਬਾਅਦ ਵਿੱਚ ਉਸ ਦੀਆਂ ਹੱਡੀਆਂ ਨੂੰ ਕਿਸੇ ਦਰਿਆ ਵਿੱਚ ਬਹਾਅ ਦਿੱਤਾ ਜਾਂਦਾ ਹੈ। ਪਿੱਛਲੇ ਹਜ਼ਾਰਾਂ ਸਾਲਾਂ ਤੋਂ ਗੰਗਾ ਨਦੀ ਇਸ ਤਰ੍ਹਾਂ ਦੀਆਂ ਧਾਰਮਿਕ ਰਿਵਾਇਤਾਂ ਕਾਰਣ ਬਹੁਤ ਜ਼ਿਆਦਾ ਪ੍ਰਦੂਸ਼ਿਤ ਹੋ ਚੁੱਕੀ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਮਰ ਚੁੱਕੇ ਪੰਛੀ, ਜਾਨਵਰਾਂ ਆਦਿ ਵੀ ਨਾ ਵਰਤੋਂ ਆਉਣ ਕਾਰਣ

ਨਦੀਆਂ ਵਿੱਚ ਸੁੱਟ ਦਿੱਤੇ ਜਾਂਦੇ ਹਨ ਜਿਸ ਨਾਲ ਉਸ ਖੇਤਰ ਦਾ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ।

**3.9.3.2.10. ਸ਼ਰਧਾਲੂਆਂ ਦਾ ਨਹਾਉਣਾ (Bathing of the devotees):-** ਹਿੰਦੂ ਅਤੇ ਸਿੱਖ ਧਰਮ ਵਿੱਚ ਮੰਦਿਰ ਜਾਂ ਗੁਰਦੁਆਰੇ ਵਿੱਚ ਪਰਮਾਤਮਾ ਦੇ ਦਰਸ਼ਨ ਤੋਂ ਪਹਿਲਾਂ ਇਸ਼ਨਾਨ ਜ਼ਰੂਰੀ ਮੰਨਿਆ ਗਿਆ ਹੈ। ਇਸੇ ਕਾਰਣ ਵਧੇਰੇ ਮੰਦਿਰ ਅਤੇ ਗੁਰਦੁਆਰੇ ਨਦੀਆਂ, ਨਹਿਰਾਂ ਦੇ ਕੰਢੇ ਹਨ। ਇਸ ਤੋਂ ਇਲਾਵਾ ਵਧੇਰੇ ਮੰਦਿਰ ਅਤੇ ਗੁਰਦੁਆਰਿਆਂ ਵਿੱਚ ਪਵਿੱਤਰ ਸਰੋਵਰਾਂ ਦੀ ਵਿਵਸਥਾ ਵੀ ਕੀਤੀ ਗਈ ਹੈ। ਇੱਕ ਅਨੁਮਾਨ ਤਹਿਤ ਕੁੰਭ ਦੇ ਮੇਲੇ ਵਿੱਚ ਲਗਭਗ 3 ਕਰੋੜ ਲੋਕ ਇਸ਼ਨਾਨ ਕਰਦੇ ਹਨ।

**3.10 ਪਾਣੀ ਪ੍ਰਦੂਸ਼ਣ ਦੇ ਕਾਰਣ (Causes of Water Pollution)**

ਪਾਣੀ ਪ੍ਰਦੂਸ਼ਣ ਦੀ ਸਮੱਸਿਆ ਨੂੰ ਨਜਿੱਠਣ ਲਈ ਇਸ ਦੇ ਕਾਰਣਾਂ ਨੂੰ ਜਾਣ ਲੈਣਾ ਕਾਫੀ ਉੱਚਿਤ ਹੈ ਕਿਉਂਕਿ ਇਨ੍ਹਾਂ ਕਾਰਨਾਂ ਨੂੰ ਹੀ ਦੂਰ ਕਰਕੇ ਪਾਣੀ ਪ੍ਰਦੂਸ਼ਣ ਨੂੰ ਰੋਕਿਆ ਜਾ ਸਕਦਾ ਹੈ। ਉਂਝ ਜੋ ਪ੍ਰਦੂਸ਼ਕ ਤੱਤ ਪਾਣੀ ਨੂੰ ਪ੍ਰਦੂਸ਼ਿਤ ਕਰਦੇ ਹਨ ਉਹਨਾਂ ਦੇ ਸ੍ਰੋਤਾਂ ਨੂੰ ਹੀ ਪਾਣੀ ਪ੍ਰਦੂਸ਼ਣ ਦਾ ਕਾਰਣ ਕਹਿ ਸਕਦੇ ਹਾਂ, ਪਰ ਇਨ੍ਹਾਂ ਤੋਂ ਇਲਾਵਾ ਵੀ ਇਸ ਵਿੱਚ ਹੋਰ ਕਈ ਕਾਰਣ ਸ਼ਾਮਿਲ ਹਨ -

**3.10.1. ਉਦਯੋਗਿਕ ਗਤੀਵਿਧੀਆਂ**:- ਉਦਯੋਗ ਜਿੱਥੇ ਵਿਕਾਸ ਦਾ ਜ਼ਰੀਆ ਹਨ ਉਥੇ ਹੀ ਮਨੁੱਖ ਅਤੇ ਇਸ ਦੇ ਵਾਤਾਵਰਣ ਨੂੰ ਵਿਕਾਸ ਵੱਲ ਲੈ ਕੇ ਰਹੇ ਹਨ। ਉਦਯੋਗ ਦੀਆਂ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੀਆਂ ਹਨ। ਉਦਯੋਗਾਂ ਵਿੱਚ ਨਿਕਲਿਆ (Sullage) ਜਿੱਥੇ ਕਿਤੇ ਵੀ ਸੁੱਟਿਆ ਜਾਂਦਾ ਹੈ ਪਾਣੀ ਪ੍ਰਦੂਸ਼ਣ ਫੈਲਾਉਂਦਾ ਹੈ। ਇਸ ਤੋਂ ਇਲਾਵਾ ਵੀ ਇਹ ਪਾਣੀ ਦੀ ਵਧੇਰੇ ਅਤੇ ਦੁਰਵਰਤੋਂ ਕਰਦੇ ਹਨ ਜੋ ਆਪਣੇ ਆਪ ਵਿੱਚ ਇੱਕ ਪ੍ਰਦੂਸ਼ਣ ਹੈ।

**3.10.2. ਖੇਤੀਬਾੜੀ**:- ਖੇਤੀਬਾੜੀ ਪੂਰੀ ਤਰ੍ਹਾਂ ਪਾਣੀ ਤੇ ਨਿਰਭਰ ਹੈ। ਭਾਰਤ ਵਿੱਚ 75% ਲੋਕ ਖੇਤੀਬਾੜੀ ਕਰਦੇ ਹਨ। ਵੱਧ ਜਨਸੰਖਿਆ ਹੋਣ ਕਾਰਣ ਥੋੜ੍ਹੀ ਜ਼ਮੀਨ ਤੋਂ ਵੱਧ ਪੈਦਾਵਾਰ ਲੈਣ ਲਈ ਲੋਕ ਫਸਲਾਂ ਤੇ ਕੀਟਨਾਸ਼ਕ ਦਵਾਈਆਂ ਦਾ ਪ੍ਰਯੋਗ ਕਰਦੇ ਹਨ। ਇਹ ਜਿੱਥੇ ਉਸ ਖੇਤ ਵਿਚਲੇ ਖੜੇ ਪਾਣੀ ਨੂੰ ਪ੍ਰਦੂਸ਼ਿਤ ਕਰਦੀਆਂ ਹਨ ਉਥੇ ਹੀ ਵਰਖਾ ਦਾ ਪਾਣੀ ਇਨ੍ਹਾਂ ਨੂੰ ਨਾਲ ਵਹਾ ਕੇ ਦੂਸਰੇ ਖੇਤਰਾਂ ਵਿੱਚ ਲੈ ਜਾਂਦਾ ਹੈ। ਇਸੇ ਤਰ੍ਹਾਂ ਜੜਾਂ ਵਾਲੀਆਂ ਸਬਜ਼ੀਆਂ ਨੂੰ ਨਦੀਆਂ ਨਹਿਰਾਂ ਵਿੱਚ ਧੋਣ ਸਮੇਂ ਮਿੱਟੀ ਦੇ ਨਾਲ-ਨਾਲ ਦਵਾਈਆਂ ਵੀ ਘੁੱਲ ਕੇ ਨਹਿਰਾ ਦੇ ਸਾਰੇ ਪਾਣੀ ਨੂੰ ਪ੍ਰਦੂਸ਼ਿਤ ਕਰਦੀਆਂ ਹਨ।

**3.10.3. ਸੀਵਰੇਜ**:- ਘਰਾਂ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਲੋੜਾਂ ਲਈ ਵਰਤੇ ਗਏ ਪਾਣੀ ਨੂੰ ਸੰਭਾਲਣਾ ਮੁਸ਼ਕਿਲ ਹੈ। ਪ੍ਰਸ਼ਾਸਨ ਇਸ ਤਰ੍ਹਾਂ ਦੀ ਸੀਵਰੇਜ ਨੂੰ ਸੀਵਰੇਜ ਰਾਹੀਂ ਸ਼ਹਿਰੋਂ ਬਾਹਰ ਕੱਢ ਕੇ ਕਿਸੇ ਨਾਲੇ ਜਾਂ ਨਦੀ ਨਹਿਰ ਵਿੱਚ ਮਿਲਾ ਦੇਂਦੇ ਹਨ। ਜਿਸ ਨਾਲ ਉਸਨਹਿਰ ਦਾ ਸਾਰਾ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ। ਇਸ ਸੀਵਰੇਜ ਦੇ ਪਾਣੀ ਵਿਚ ਤਰ੍ਹਾਂ-ਤਰ੍ਹਾਂ ਦੇ ਸਾਬਣਾਂ ਦੇ ਰਸਾਇਣਿਕ ਤੱਤ ਸ਼ਾਮਿਲ ਹੁੰਦੇ ਹਨ ਜੋ ਬਾਅਦ ਵਿੱਚ ਹਵਾ ਵਿੱਚ ਸ਼ਾਮਿਲ ਹੋ ਕੇ ਹਵਾ-ਪ੍ਰਦੂਸ਼ਣ ਦਾ ਕਾਰਣ ਬਣਦੇ ਹਨ।

**3.10.4. ਪਖਾਨੇ**:- ਬਹੁਤ ਸਾਰੇ ਕਸਬੇ, ਸ਼ਹਿਰਾਂ ਅਤੇ ਪਿੰਡਾਂ ਵਿੱਚ ਲੋਕਾਂ ਨੇ ਜ਼ਮੀਨ ਵਿਚ ਡੂੰਘੇ-ਡੂੰਘੇ ਟੋਏ ਪਾ ਕੇ ਪਖਾਨੇ ਬਣਾਏ ਹੋਏ ਹਨ। ਇੰਨੇ ਜ਼ਿਆਦਾ ਡੂੰਘੇ ਪਖਾਨੇ ਹੇਠਾਂ ਪਾਣੀ ਦੀ ਸਤ੍ਹਾ ਨਾਲ ਜਾ ਮਿਲਦੇ ਹਨ ਅਤੇ ਮਨੁੱਖ ਦੀ ਵਰਤੋਂ ਲਈ ਇਕੋ ਇਕ ਸੁਰੱਖਿਅਤ ਅਤੇ ਸ਼ੁੱਧ ਪਾਣੀ ਵੀ ਪ੍ਰਦੂਸ਼ਿਤ ਹੁੰਦਾ ਹੈ। ਇਨ੍ਹਾਂ ਹੀ ਨਹੀਂ ਬਹੁਤ ਸਾਰੇ ਸ਼ਹਿਰਾਂ ਵਿਚ ਲੋਕਾਂ ਨੇ ਪਖਾਨਿਆਂ ਦਾ ਨਿਕਾਸ ਨਾਲੇ ਜਾਂ ਨਹਿਰਾਂ ਵਿੱਚ ਕਰ ਦਿੱਤਾ ਹੈ।

**3.10.5. ਤੇਜ਼ਾਬੀ ਵਰਖਾ**:- ਜਦੋਂ ਵੀ ਕਾਫੀ ਸਮੇਂ ਬਾਅਦ ਵਰਖਾ ਹੁੰਦੀ ਹੈ ਉਸ ਪਹਿਲੀ ਵਰਖਾ ਨੂੰ ਤੇਜ਼ਾਬੀ ਵਰਖਾ ਕਿਹਾ ਜਾਂਦਾ ਹੈ। ਕਿਉਂਕਿ ਕਾਫੀ ਸਮੇਂ ਤੱਕ ਹਵਾ ਵਿੱਚ ਬਹੁਤ ਸਾਰੇ ਪ੍ਰਦੂਸ਼ਕ ਤੱਤ, ਧੂੜ, ਬੈਕਟੀਰੀਆ ਆਦਿ ਸ਼ਾਮਿਲ ਹੋ ਚੁੱਕੇ ਹੁੰਦੇ ਹਨ। ਜਦ ਕਾਫੀ ਸਮੇਂ ਬਾਅਦ ਪਹਿਲੀ ਵਰਖਾ ਹੁੰਦੀ ਹੈ ਤਾਂ ਹਵਾ ਵਿਚਲੇ ਇਹ ਸਾਰੇ ਪ੍ਰਦੂਸ਼ਕ ਤੱਤ ਪਾਣੀ ਨਾਲ ਹੇਠਾਂ ਜ਼ਮੀਨ ਤੇ ਆਉਂਦੇ ਹਨ। ਭਾਵ ਇਹ ਵਰਖਾ ਵਾਲਾ ਪਾਣੀ ਪ੍ਰਦੂਸ਼ਿਤ ਹੁੰਦਾ ਹੈ ਅਤੇ ਇਹ ਜਿੱਥੇ ਡਿੱਗਦਾ ਉਥੋਂ ਦੇ ਪਹਿਲੇ ਦੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰ ਦਿੰਦਾ ਹੈ।

**3.10.6. ਸੀਵਰੇਜ ਅਤੇ ਪਾਣੀ ਲਾਈਨਾਂ ਦੇ ਨਜ਼ਦੀਕ ਹੋਣਾ**:- ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਸੀਵਰੇਜ ਲਾਈਨਾਂ ਅਤੇ ਪੀਣ ਵਾਲੇ ਪਾਣੀ ਦੀਆਂ ਲਾਈਨਾਂ ਇਕੋ ਗਲੀ ਵਿੱਚ ਲੰਘਦੀਆਂ ਹਨ ਅਤੇ ਇੱਕ ਦੂਸਰੇ ਦੇ ਬਹੁਤ ਨੇੜੇ ਹੁੰਦੀਆਂ ਹਨ। ਦੋਵਾਂ ਵਿੱਚੋਂ ਕਿਸੇ ਇੱਕ ਦੇ ਵੀ ਲੀਕ ਹੋਣ ਤੇ ਪੀਣ ਵਾਲੇ ਪਾਣੀ ਨੂੰ ਨੁਕਸਾਨ ਪਹੁੰਚਦਾ ਹੈ। ਇਸ ਤਰ੍ਹਾਂ ਪੀਣ ਵਾਲਾ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ। ਪਿੱਛਲੇ ਸਾਲ (2004) ਦੀਆਂ ਗਰਮੀਆਂ ਦੇ ਸਮੇਂ ਇਹ ਸਮੱਸਿਆ ਲਗਭਗ ਸਾਰੇ ਉਤਰੀ ਭਾਰਤ ਵਿੱਚ ਪਾਈ ਗਈ ਸੀ।

**3.10.7. ਮੁਰਦਿਆਂ ਦੇ ਫੁੱਲ ਨਦੀਆਂ ਵਿੱਚ ਤਰਾਉਣਾ**:- ਹਿੰਦੂ ਅਤੇ ਸਿੱਖ ਧਰਮ ਵਿੱਚ ਮੁਰਦੇ ਨੂੰ ਜਲਾਉਣ ਤੋਂ ਬਾਅਦ ਉਸ ਦੀਆਂ ਹੱਡੀਆਂ ਅਤੇ ਰਾਖ ਕਿਸੇ ਪਵਿੱਤਰ ਨਦੀ ਵਿੱਚ ਤੈਰਾਈ ਜਾਂਦੀ ਹੈ। ਇਸ ਤਰ੍ਹਾਂ ਹਜ਼ਾਰਾਂ ਸਾਲਾਂ ਤੋਂ ਇਸ ਕਿਰਿਆ ਰਾਹੀਂ ਹਰ ਪਵਿੱਤਰ ਨਦੀ ਨੂੰ ਪ੍ਰਦੂਸ਼ਣ ਦੇ ਅਰਥਾਂ ਵਿੱਚ ਅਪਵਿੱਤਰ ਬਣਾਇਆ ਜਾ ਰਿਹਾ ਹੈ। ਗੰਗਾ ਨਦੀ ਬਹੁਤ ਸਾਲ ਪਹਿਲਾਂ ਇਨ੍ਹਾਂ ਕਿਰਿਆਵਾਂ ਕਾਰਣ ਬਹੁਤ ਜ਼ਿਆਦਾ ਪ੍ਰਦੂਸ਼ਿਤ ਹੋ ਚੁੱਕੀ ਹੈ। ਇਨ੍ਹਾਂ ਹੀ ਨਹੀਂ ਇਨ੍ਹਾਂ ਨਦੀਆਂ ਦਾ ਪਾਣੀ ਅੱਗੇ ਜਿਸ ਸਾਗਰ ਜਾਂ ਸਮੁੰਦਰ ਵਿੱਚ ਜਾਂਦਾ ਹੈ ਉਹ ਵੀ ਪ੍ਰਦੂਸ਼ਿਤ ਹੋ ਜਾਂਦਾ ਹੈ।

**3.10.8. ਟੋਬਿਆਂ ਦਾ ਦੁਰਉਪਯੋਗ**:- ਭਾਰੀ ਵਰਖਾ ਕਾਰਣ ਧਰਤੀ ਦੀ ਉਪਰਲੀ ਸਤ੍ਹਾ ਤੇ ਬਣੇ ਪਾਣੀ ਦੇ ਟੋਬਿਆਂ ਨੂੰ ਵੀ ਪ੍ਰਦੂਸ਼ਿਤ ਕੀਤਾ ਜਾਂਦਾ ਹੈ। ਉਹਨਾਂ ਵਿੱਚ ਜਾਨਵਰਾਂ ਨੂੰ ਨਹਿਲਾਇਆ ਜਾਂਦਾ ਹੈ, ਹਰ ਕੋਈ ਵੱਡੀ ਵਸਤੂ ਜਾਂ ਪਦਾਰਥ ਉਥੇ ਧੋਤੇ ਜਾਂਦੇ ਹਨ। ਇਨ੍ਹਾਂ ਹੀ ਨਹੀਂ ਜੋ ਲੋਕ ਸਵੇਰੇ ਖੁੱਲ੍ਹੇ ਖੇਤਰਾਂ ਵਿੱਚ ਜੰਗਲ ਪਾਣੀ ਜਾਂਦੇ ਹਨ ਉਹ ਵੀ ਇਨ੍ਹਾਂ ਟੋਬਿਆਂ ਦਾ ਦੁਰਉਪਯੋਗ ਕਰਦੇ ਹਨ ਜਿਸ ਨਾਲ ਅਜਿਹਾ ਪਾਣੀ ਵੀ ਪ੍ਰਦੂਸ਼ਿਤ ਹੋ ਜਾਂਦਾ ਹੈ।

**3.10.9. ਗਰਮ ਪਾਣੀ ਦਾ ਪ੍ਰਯੋਗ**:- ਬਹੁਤ ਸਾਰੇ ਉਦਯੋਗਾਂ ਵਿੱਚ ਉਤਪਾਦਾਂ ਨੂੰ ਠੰਡਾ ਅਤੇ ਗਰਮ ਕਰਨ ਲਈ ਗਰਮ ਪਾਣੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪ੍ਰਯੋਗ ਹੋਣ ਤੋਂ ਬਾਅਦ ਇਸ ਪਾਣੀ ਨੂੰ ਬਾਹਰ ਕਿਸੇ ਨਦੀ ਜਾਂ ਨਹਿਰਾਂ ਵਿੱਚ ਸੁੱਟਿਆ ਜਾਂਦਾ ਹੈ। ਇਹ ਪਾਣੀ ਕਈ ਪ੍ਰਕਾਰ ਦੇ ਰਸਾਇਣਿਕ ਤੱਤਾਂ ਨਾਲ ਪਹਿਲਾਂ ਹੀ ਪ੍ਰਦੂਸ਼ਿਤ ਹੁੰਦਾ ਹੈ ਅਤੇ ਜਿਸ ਪਾਣੀ ਵਿੱਚ ਇਹ ਸੁੱਟਿਆ ਜਾਂਦਾ ਹੈ ਉਸ ਨੂੰ ਵੀ ਪ੍ਰਦੂਸ਼ਿਤ ਕਰ ਦੇਂਦਾ ਹੈ।

**3.10.10. ਖਨਿਜ ਤੇਲ**:- ਬਹੁਤ ਸਾਰੇ ਖਦਿਜ ਤੇਲ ਜਿਵੇਂ ਪੈਟਰੋਲ, ਡੀਜ਼ਲ ਆਦਿ ਸਮੁੰਦਰੀ ਜਹਾਜ਼ਾਂ ਰਾਹੀਂ ਇੱਕ ਦੂਸਰੇ ਦੇਸ਼ ਪਹੁੰਚਾਏ ਜਾਂਦੇ ਹਨ। ਭਾਵੇਂ ਇਸ ਨਾਲ ਜ਼ਰੂਰਤਮੰਦ ਦੇਸ਼ਾਂ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ ਪਰ ਕਿਸੇ ਵੀ ਇੱਕ ਛੋਟੀ ਮੋਟੀ ਦੁਰਘਟਨਾ ਕਾਰਣ ਅਜਿਹਾ ਸਾਰਾ ਖਨਿਜ ਤੇਲ ਸਮੁੰਦਰ ਵਿੱਚ ਹੀ ਘੁੱਲ ਜਾਂਦਾ ਹੈ ਜਿਸ ਨਾਲ ਸਮੁੰਦਰ ਦਾ ਵੱਡੇ ਖੇਤਰ ਦਾ ਪਾਣੀ ਵਰਗ ਪ੍ਰਦੂਸ਼ਿਤ ਹੋ ਜਾਂਦਾ ਹੈ। ਇਸ ਦਾ ਉਸ ਖੇਤਰ ਦੇ ਪਾਣੀ ਵਾਲੇ ਜੀਵਾਂ ਤੇ ਸਿੱਧਾ ਅਸਰ ਪੈਂਦਾ ਹੈ।

**3.11 ਪਾਣੀ ਪ੍ਰਦੂਸ਼ਣ ਰਾਹੀਂ ਪੈਦਾ ਹੋਣ ਵਾਲੇ ਖਤਰੇ (Dangers caused by water Pollution)**

ਪਾਣੀ ਪ੍ਰਦੂਸ਼ਣ ਕੇਵਲ ਵਾਤਾਵਰਣ ਨੂੰ ਖਰਾਬ ਕਰਨ ਵਾਲੀ ਸਮੱਸਿਆ ਹੀ ਨਹੀਂ ਹੈ। ਇਹ ਹਰ ਪ੍ਰਕਾਰ ਦੇ ਜੀਵਾਂ ਲਈ ਜੀਵਨ ਆਧਾਰ ਹੈ। ਹਰ ਜੀਵ ਨੂੰ ਇਸ ਦੀ ਹਰ ਦਿਨ ਜ਼ਰੂਰਤ ਹੈ। ਇਸ ਲਈ ਪ੍ਰਦੂਸ਼ਿਤ ਪਾਣੀ ਵਾਤਾਵਰਣ ਦੇ ਨਾਲ-ਨਾਲ ਮਨੁੱਖੀ ਅਤੇ ਹੋਰ ਜੀਵਾਂ ਦੇ ਜੀਵਨ ਤੇ ਬਹੁਤ ਵੱਡਾ ਖਤਰਾ ਹੈ। ਇਹ ਖਤਰਾ ਹੇਠ ਲਿਖੇ ਅਨੁਸਾਰ ਹੈ :

**3.11.1. ਸਿਹਤ ਨੂੰ ਖਤਰੇ** : ਪਾਣੀ ਮਨੁੱਖੀ ਸਰੀਰ ਦਾ ਲਗਭਗ 70% ਹਿੱਸਾ ਹੈ। ਇਸ ਤਰ੍ਹਾਂ ਪ੍ਰਦੂਸ਼ਿਤ ਪਾਣੀ ਸਰੀਰ ਦੇ ਵੱਡੇ ਹਿੱਸੇ ਨੂੰ ਪ੍ਰਭਾਵਿਤ ਕਰਦਾ ਹੈ। ਪ੍ਰਦੂਸ਼ਿਤ ਪਾਣੀ ਰਾਹੀਂ ਮਹਾਂਮਾਰੀ ਵਾਲੇ ਰੋਗ ਜਿਵੇਂ Cholera, Tuberculosis (T.B.), Jaundice, Dysentry, Typhoid, Paratyphold, Biarrhoea ਆਦਿ ਫੈਲਦੇ ਹਨ ਜੋ ਸਿਹਤ ਲਈ ਬਹੁਤ ਹੀ ਨੁਕਸਾਨਦੇਹ ਹਨ। ਇਸ ਤੋਂ ਇਲਾਵਾ Lung Cancer ਅਤੇ ਪੇਟ ਦੀਆਂ ਹਜ਼ਾਰਾਂ ਬਿਮਾਰੀਆਂ ਮਨੁੱਖ ਅਤੇ ਹੋਰ ਜੀਵਾਂ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ।

**3.11.2. ਪੌਦੇ ਅਤੇ ਫਸਲਾਂ ਨੂੰ ਖਤਰੇ**: ਪ੍ਰਦੂਸ਼ਿਤ ਪਾਣੀ ਜਿਵੇਂ ਮਨੁੱਖਾਂ ਅਤੇ ਹੋਰਾਂ ਜੀਵਾਂ ਲਈ ਨੁਕਸਾਨਦੇਹ ਠੀਕ ਉਸੇ ਤਰ੍ਹਾਂ ਇਹ ਪੌਦਿਆਂ ਅਤੇ ਫਸਲਾਂ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਪੌਦੇ ਅਤੇ ਫ਼ਸਲਾਂ ਵੀ ਜੀਵਾਂ ਵਾਂਗ ਹਨ, ਉਹਨਾਂ ਨੂੰ ਵੀ ਪ੍ਰਦੂਸ਼ਿਤ ਪਾਣੀ ਕਈ ਪ੍ਰਕਾਰ ਦੀਆਂ ਬਿਮਾਰੀਆਂ ਲਾਉਂਦੇ ਹਨ ਅਤੇ ਕਿਸਾਨ ਉਹਨਾਂ ਬਿਮਾਰੀਆਂ ਨੂੰ ਦੂਰ ਕਰਨ ਲਈ ਹੋਰ ਵੱਧ ਕੀਟਨਾਸ਼ਿਕਾਂ ਦਾ ਪ੍ਰਯੋਗ ਕਰਦੇ ਹਨ ਅਤੇ ਪਾਣੀ ਪ੍ਰਦੂਸ਼ਣ ਹੋਰ ਵਧਾਉਂਦੇ ਹਨ।

**3.11.3. ਮਿੱਟੀ ਨੂੰ ਖਤਰੇ**: ਪ੍ਰਦੂਸ਼ਿਤ ਪਾਣੀ ਜਿੱਥੇ ਮਨੁੱਖ, ਜੀਵਾਂ ਅਤੇ ਪੌਦਿਆਂ ਨੂੰ ਖਤਰੇ ਦੇਂਦੇ ਹਨ ਉਥੇ ਹੀ ਜਿਸ ਸਥਾਨ ਇਹ ਪਾਣੀ ਖੜਾ ਹੁੰਦਾ ਹੈ ਉਥੋਂ ਦੀ ਮਿੱਟੀ ਨੂੰ ਵੀ ਇਸ ਤੋਂ ਬਹੁਤ ਪ੍ਰਕਾਰ ਦੇ ਨੁਕਸਾਨ ਹੁੰਦੇ ਹਨ। ਅਜਿਹਾ ਪ੍ਰਦੂਸ਼ਿਤ ਪਾਣੀ ਮਿੱਟੀ ਦੀ ਉਪਜਾਊ ਸ਼ਕਤੀ ਘਟਾਉਂਦਾ ਹੈ, ਉਸ ਵਿਚਲੇ ਛੋਟੇ-ਛੋਟੇ ਉਹ ਕਣ ਜਾਂ ਬੈਕਟੀਰੀਆ ਨੂੰ ਵੀ ਮਾਰਦਾ ਹੈ ਜੋ ਮਿੱਟੀ ਦੀ ਉਪਜਾਊ ਸ਼ਕਤੀ ਬਣਾਏ ਰੱਖਣ ਵਿੱਚ ਬਹੁਤ ਵੱਡਾ ਰੋਲ ਅਦਾ ਕਰਦੇ ਹਨ।

**3.11.4. ਕੁਦਰਤੀ ਵਾਤਾਵਰਣ ਨੂੰ ਖਤਰੇ**: ਪ੍ਰਦੂਸ਼ਿਤ ਪਾਣੀ ਹੋਰ ਪ੍ਰਕਾਰ ਦੇ ਖਤਰਿਆਂ ਦੇ ਨਾਲ-ਨਾਲ ਕੁਦਰਤੀ ਵਾਤਾਵਰਣ ਤੇ ਵੀ ਬੁਰਾ ਅਸਰ ਪਾਉਂਦਾ ਹੈ। ਪ੍ਰਦੂਸ਼ਿਤ ਹੋਏ ਪਾਣੀ ਨਾਲ ਨਹਿਰਾਂ, ਝੀਲਾਂ, ਸਾਗਰਾਂ ਅਤੇ ਸਮੁੰਦਰਾਂ ਨੂੰ ਵੀ ਬੁਰਾ ਨੁਕਸਾਨ ਹੁੰਦਾ ਹੈ। ਟੋਬੇ ਆਦਿ ਦੇ ਪਾਣੀ ਇੱਥੋਂ ਤੱਕ ਕਿ ਜ਼ਮੀਨ ਹੇਠਲੇ ਪਾਣੀ ਤੇ ਵੀ ਇਸ ਦਾ ਮਾੜਾ ਅਸਰ ਹੁੰਦਾ ਹੈ। ਇਸ ਤੋਂ ਇਲਾਵਾ ਪ੍ਰਦੂਸ਼ਿਤ ਪਾਣੀ ਵਿਚੋਂ ਨਿਕਲ ਰਹੀ ਬਦਬੋ ਹਵਾ ਨੂੰ ਵੀ ਪ੍ਰਦੂਸ਼ਿਤ ਬਣਾਉਂਦੀ ਹੈ। ਪਾਣੀ ਵਿੱਚ ਵੀ ਅਜਿਹੇ ਰਸਾਇਣਿਕ ਅਤੇ ਗੁਣਕਾਰੀ ਤੱਤ ਹਨ ਜੋ ਜੀਵਾਂ ਅੰਦਰ ਖਾਸ ਜ਼ਰੂਰਤਾਂ ਪੂਰੀਆਂ ਕਰਦੇ ਹਨ। ਪਰ ਪ੍ਰਦੂਸ਼ਕ ਤੱਤ ਪਾਣੀ ਦੇ ਇਨ੍ਹਾਂ ਗੁਣਾਂ ਨੂੰ ਘਟਾਉਂਦੇ ਹਨ ਅਤੇ ਪਾਣੀ ਸਮੁੰਦਰਾਂ ਅਤੇ ਬਰਫ ਵਾਂਗ ਜੰਮੇ ਹੋਏ ਪਾਣੀਆਂ ਵਾਂਗ ਮਨੁੱਖੀ ਵਰਤੋਂ ਦੇ ਯੋਗ ਨਹੀਂ ਰਹਿੰਦਾ।

**3.11.5. ਪ੍ਰਸਥਿਤੀ-ਪ੍ਰਣਾਲੀ ਨੂੰ ਖਤਰੇ**: ਪ੍ਰਦੂਸ਼ਿਤ ਪਾਣੀ ਪ੍ਰਸਥਿਤੀ-ਪ੍ਰਣਾਲੀ ਨੂੰ ਵੀ ਵਿਗਾੜਦਾ ਹੈ। ਕੁਦਰਤੀ ਰੂਪ ਵਿੱਚ ਬਣੀਆਂ ਤਰ੍ਹਾਂ-ਤਰ੍ਹਾਂ ਦੇ ਖੇਤਰਾਂ ਦੀਆਂ ਪ੍ਰਸਥਿਤੀ ਪ੍ਰਣਾਲੀਆਂ ਵਿੱਚ ਵੀ ਪਾਣੀ ਅਹਿਮ ਰੋਲ ਅਦਾ ਕਰਦਾ ਹੈ। ਪ੍ਰਦੂਸ਼ਿਤ ਪਾਣੀ ਨਾਲ ਇਹ ਪ੍ਰਸਥਿਤੀ ਪ੍ਰਣਾਲੀਆਂ ਵਿਚਲਾ ਸੰਬੰਧ ਟੁੱਟਦਾ ਜਾਂ ਕਮਜ਼ੋਰ ਹੁੰਦਾ ਹੈ ਜਿਸ ਨਾਲ ਵਾਤਾਵਰਣ ਵਿਨਾਸ਼ ਵੱਲ ਵੱਧਦਾ ਹੈ। ਹਰ ਪ੍ਰਸਥਿਤੀ ਪ੍ਰਣਾਲੀ ਵਿੱਚ ਇੱਕ ਖਾਸ ਭੋਜਨ ਪ੍ਰਣਾਲੀ (Food Chain) ਵੀ ਹੁੰਦੀ ਹੈ ਜੋ ਪ੍ਰਦੂਸ਼ਿਤ ਪਾਣੀ ਕਾਰਣ ਕਿਸੇ ਇੱਕ ਲੜੀ ਦੇ ਨਸ਼ਟ ਹੋਣ ਤੇ ਪ੍ਰਭਾਵਿਤ ਹੁੰਦੀ ਹੈ।

### 3.12 ਪਾਣੀ ਪ੍ਰਦੂਸ਼ਣ ਸੰਬੰਧੀ ਰੋਕਥਾਮ (Measures to Control Water Pollution)

ਅਸੀਂ ਜਾਣ ਚੁੱਕੇ ਹਾਂ ਕਿ ਪਾਣੀ ਹਰ ਪ੍ਰਕਾਰ ਦੇ ਜੀਵਨ ਲਈ ਬਹੁਤ ਹੀ ਜ਼ਰੂਰੀ ਤੱਤ ਹੈ। ਧਰਤੀ ਦੇ ਕੁੱਲ ਪਾਣੀ ਦਾ ਕੇਵਲ 1% ਹਿੱਸਾ ਹੀ ਜੀਵਾਂ ਦੀ ਵਰਤੋਂ ਦੇ ਯੋਗ ਹੈ। ਇਸ ਬਹੁਮੁੱਲੇ ਪਾਣੀ ਨੂੰ ਵਰਤਣ ਵਾਲੇ ਮਨੁੱਖਾਂ ਦੀ ਗਿਣਤੀ ਵੱਧ ਰਹੀ ਹੈ ਅਤੇ ਮਨੁੱਖ ਇਸ ਥੋੜ੍ਹੇ ਪਾਣੀ ਨੂੰ ਹੀ ਪ੍ਰਦੂਸ਼ਿਤ ਕਰ ਰਿਹਾ ਹੈ। ਇਸ ਲਈ ਲੋੜ ਹੈ ਕਿ ਜਲਦੀ ਹੀ ਇਸ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਕਦਮ ਪੁੱਟੇ ਜਾਣ। ਹੇਠਾਂ ਲਿਖੀਆਂ ਕੁਝ ਪਹਿਲ-ਕਦਮੀਆਂ ਇਸ ਸਬੰਧੀ ਲਾਹੇਵੰਦ ਹੋ ਸਕਦੀਆਂ ਹਨ:

**3.12.1. ਪ੍ਰਸ਼ਾਸਨਿਕ ਕਦਮ**: ਹਰ ਪ੍ਰਕਾਰ ਦੇ ਪ੍ਰਦੂਸ਼ਣ ਰੋਕਣ ਵਿਚ ਪ੍ਰਸ਼ਾਸਨ ਜਾਂ ਸਰਕਾਰ ਅਹਿਮ ਰੋਲ ਅਦਾ ਕਰਦੀ ਹੈ। ਅਜਿਹੇ ਪ੍ਰਦੂਸ਼ਣ ਸਮੇਂ ਹਰ ਮਨੁੱਖ ਸੋਚਦਾ ਹੈ ਕਿ ਕੇਵਲ ਉਸਦੇ ਨਾਲ ਪ੍ਰਦੂਸ਼ਣ ਨਹੀਂ ਵਧੇਗਾ, ਪਰ ਹਰ ਕਿਸੇ ਦੇ ਇਸ ਤਰ੍ਹਾਂ ਸੋਚਣ ਕਾਰਣ ਹੀ ਇਹ ਵੱਧ ਰਿਹਾ ਹੈ। ਇਸ ਸੰਬੰਧੀ ਪ੍ਰਸ਼ਾਸਨ ਵੱਲੋਂ ਕੀਤੀਆਂ ਕੋਸ਼ਿਸ਼ਾਂ ਹੀ ਸਾਰਥਕ ਉਦੇਸ਼ ਪੂਰਾ ਕਰ ਸਕਦੀਆਂ ਹਨ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਪਾਣੀ ਪ੍ਰਦੂਸ਼ਣ ਸੰਬੰਧੀ ਕਾਨੂੰਨ ਬਣਾਏ ਅਤੇ ਉਹਨਾਂ ਨੂੰ ਸਹੀ ਭਾਵਨਾ ਵਿੱਚ ਲਾਗੂ ਵੀ ਕਰੇ। ਸੀਵਰੇਜ ਨੂੰ ਸਹੀ ਤਰੀਕਿਆਂ ਵਿੱਚ ਸ਼ਹਿਰ ਤੋਂ ਬਾਹਰ ਲਿਜਾ ਕੇ ਸੋਧ ਕੇ ਨਹਿਰਾਂ, ਨਦੀਆਂ ਵਿੱਚ ਸੁੱਟਿਆ ਜਾਵੇ ਹੋ ਸਕੇ ਤਾਂ ਉਸਨੂੰ ਹੋਰ ਸੋਧ ਕੇ ਫਸਲਾਂ ਲਈ ਖੇਤਾਂ ਤੱਕ ਪਹੁੰਚਾਇਆ ਜਾਵੇ।

**3.12.2. ਨੈਤਿਕ ਸਿੱਖਿਆ:** ਪ੍ਰਸ਼ਾਸਨਿਕ ਕਦਮਾਂ ਦੀ ਤਰ੍ਹਾਂ ਨੈਤਿਕ ਸਿੱਖਿਆ ਵੀ ਹਰ ਪ੍ਰਕਾਰ ਦੇ ਪ੍ਰਦੂਸ਼ਣ ਨੂੰ ਰੋਕਣ ਵਿੱਚ ਅਹਿਮ ਹੈ ਕਿਉਂਕਿ ਹਰ ਪ੍ਰਕਾਰ ਦੇ ਚਿੰਤਾਜਨਕ ਪ੍ਰਦੂਸ਼ਣ ਵਿੱਚ ਮਨੁੱਖਾ ਦੀਆਂ ਕਿਰਿਆਵਾਂ ਵਧੇਰੇ ਜ਼ਿੰਮੇਵਾਰ ਹੁੰਦੀਆਂ ਹਨ। ਪ੍ਰਦੂਸ਼ਣ ਮਨੁੱਖਾਂ ਰਾਹੀਂ ਹੀ ਦੂਰ ਕੀਤਾ ਜਾ ਸਕਦਾ ਹੈ ਪਰ ਇਸ ਸੰਬੰਧੀ ਮਨੁੱਖਾਂ ਨੂੰ ਨੈਤਿਕ ਸਿੱਖਿਆ ਪ੍ਰਦਾਨ ਕਰਨਾ ਜ਼ਰੂਰੀ ਹੈ। ਨੈਤਿਕ ਸਿੱਖਿਆ ਮਨੁੱਖ ਨੂੰ ਉਸ ਦੇ ਆਪਣੇ ਜੀਵਨ ਅਤੇ ਹੋਰ ਵਸਤਾਂ ਪ੍ਰਤੀ ਸਾਕਾਰਾਤਮਕ ਅਤੇ ਕੋਮਲ ਬਣਾਉਂਦੀ ਹੈ। ਨੈਤਿਕ ਮਨੁੱਖ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਸਮਝੇਗਾ ਅਤੇ ਉਹਨਾਂ ਨੂੰ ਦੂਰ ਕਰਨ ਦੀ ਮਹੱਤਤਾ ਕਰੇਗਾ। ਜਾਣਕਾਰੀ ਦੇ ਨਾਲ-ਨਾਲ ਮਨੁੱਖ ਨੂੰ ਨੀਤੀ-ਸ਼ਾਸ਼ਤਰ (Ethics) ਦੀ ਸਿੱਖਿਆ ਵੀ ਦਿੱਤੀ ਜਾਣੀ ਚਾਹੀਦੀ ਹੈ।

**3.12.3. ਜੈਵਿਕ ਕੀਟਨਾਸ਼ਕਾਂ ਦੀ ਵਰਤੋਂ:** ਫਸਲਾਂ ਅਤੇ ਪੌਦਿਆਂ ਨੂੰ ਕੀਟਾਣੂਆਂ ਤੋਂ ਬਚਾਉਣ ਲਈ ਰਸਾਇਣਿਕ ਖਾਦਾਂ ਅਤੇ ਦਵਾਈਆਂ ਦੀ ਬਜਾਇ ਉਹ ਖਾਦਾਂ ਇਸਤੇਮਾਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜੋ ਜੀਵਾਂ ਰਾਹੀਂ ਤਿਆਰ ਕੀਤੀਆਂ ਜਾਂਦੀਆਂ ਹਨ, ਜਿਵੇਂ ਗੋਬਰ ਦੀ ਖਾਦ। ਗੰਡ-ਗੰਢੋਏ (Earth-warms) ਖਾਦ ਬਣਾਉਣ ਵਿੱਚੋਂ ਬਹੁਤ ਤੇਜ਼ ਹਨ। ਕੀਟਾਣੂ ਤੋਂ ਬਚਾਉਣ ਲਈ ਚੁਲਿਆਂ ਦੀ ਸੁਆਹ ਦਾ ਛਿੜਕਾਅ ਆਦਿ ਤਰੀਕਿਆਂ ਨਾਲ ਜਿੱਥੇ ਇੰਨ੍ਹਾਂ ਖਾਦਾਂ ਦਾ ਸਦਉਪਯੋਗ ਹੁੰਦਾ ਹੈ ਉਥੇ ਹੀ ਰਸਾਇਣਿਕ ਖਾਦਾਂ ਅਤੇ ਦਵਾਈਆਂ ਵਰਗੇ ਘਾਤਕ ਤੱਤਾਂ ਤੋਂ ਛੁਟਕਾਰਾ ਮਿਲਦਾ ਹੈ।

**3.12.4. ਕਲੋਰੀਕਰਣ:** ਪ੍ਰਦੂਸ਼ਿਤ ਪਾਣੀ ਨੂੰ ਖਾਣਾ ਪੀਣ ਦੇ ਯੋਗ ਬਣਾਉਣ ਲਈ ਕਲੋਰੀਨ ਗੈਸ ਬਹੁਤ ਹੀ ਉਪਯੋਗੀ ਹੈ। ਪਾਣੀ ਵਿੱਚ ਪਾਈ ਇਹ ਗੈਸ ਪਾਣੀ ਨੂੰ ਸ਼ੁੱਧ ਬਣਾਉਂਦੀ ਹੈ। ਇਸ ਤੋਂ ਇਲਾਵਾ ਉਪਯੋਗ ਹੋਣ ਵਾਲੇ ਪਾਣੀ ਨੂੰ ਚੰਗੀ ਤਰ੍ਹਾਂ ਪੁਣ ਉਬਾਲ ਕੇ ਜਾਂ Aquagrard ਵਰਗੇ ਸਾਧਨਾਂ ਦਾ ਪ੍ਰਯੋਗ ਕਰਕੇ ਵਰਤਣਾ ਚਾਹੀਦਾ ਹੈ। Distilled ਅਤੇ Mineral ਪਾਣੀ ਹੀ ਕਾਫੀ ਉਪਯੋਗੀ ਹਨ।

**3.12.5. ਉਪਯੋਗਾਂ ਨੂੰ ਨਿਰਦੇਸ਼:** ਪਾਣੀ ਨੂੰ ਪ੍ਰਦੂਸ਼ਿਤ ਕਰਨ ਵਿੱਚ ਉਦਯੋਗਾਂ ਦਾ ਬਹੁਤ ਵੱਡਾ ਹੱਥ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਦਯੋਗਾਂ ਨੂੰ ਅਜਿਹੇ ਨਿਰਦੇਸ਼ ਦੇਵੇ ਜਿਸ ਨਾਲ ਉਹ ਮਲਬੇ ਨੂੰ ਸੁਧਾਰ ਕੇ ਫਿਰ ਕਿਸੇ ਬਾਹਰੀ ਨਹਿਰ ਆਦਿ ਵਿੱਚ ਸੁੱਟਣ। ਇਸ ਲਈ ਹਰ ਫੈਕਟਰੀ ਵਿੱਚ ਮਲਬਾ-ਸੋਧ ਪਲਾਟ ਜ਼ਰੂਰੀ ਲਗਾਏ ਜਾਣ।

**3.12.6. ਖਣਿਜ ਤੇਲਾਂ ਪ੍ਰਤੀ ਚੌਕਸੀ:** ਜਦੋਂ ਖਣਿਜ ਤੇਲਾਂ ਨੂੰ ਇੱਕ ਦੂਸਰੇ ਦੇਸ਼ਾਂ ਵੱਲ ਲਿਜਾਇਆ ਜਾਂਦਾ ਹੈ ਤਾਂ ਉਹਨਾਂ ਸੰਬੰਧੀ ਸਮੁੰਦਰੀ ਰਸਤੇ ਦੀ ਬਜਾਇ ਹੋਰ ਸਾਧਨ ਅਪਣਾਏ ਜਾਣ ਤਾਂ ਜੋ ਉਹਨਾਂ ਦਾ ਸਮੁੰਦਰੀ ਰਸਤੇ ਵਿਚ ਦੁਰਘਟਨਾਗ੍ਰਸਤ ਹੋ ਕੇ ਤੇਲ ਦਾ ਸਮੁੰਦਰ ਵਿੱਚ ਫੈਲਣ ਦਾ ਖਤਰਾ ਟਲ ਸਕੇ। ਲੜਾਈ ਸਮੇਂ ਤੇਲ ਦੇ ਟੈਂਕਰਾਂ ਤੇ ਹਮਲੇ ਨਹੀਂ ਹੋਣੇ ਚਾਹੀਦੇ।

**3.12.7. ਧਾਰਮਿਕ ਨਜ਼ਰੀਏ ਵਿੱਚ ਸੁਧਾਰ:** ਪ੍ਰਦੂਸ਼ਣ ਨੂੰ ਰੋਕਣ ਸੰਬੰਧੀ ਧਰਮ ਪ੍ਰਦਾਨ ਦਸ਼ਾ ਦੇ ਲੋਕਾਂ ਦੇ ਦਿਲਾਂ ਵਿੱਚ ਉਹ ਧਾਰਮਿਕ ਵਿਸ਼ਵਾਸ ਨੂੰ ਹਿਲਾਉਣਾ ਜ਼ਰੂਰੀ ਹੈ ਜੋ ਜਾਣੇ-ਅਣਜਾਣੇ ਵਿੱਚ ਪਾਣੀ ਦੇ ਨਾਲ-ਨਾਲ ਹੋਰ ਕਈ ਪ੍ਰਕਾਰ ਦੇ ਪ੍ਰਦੂਸ਼ਣਾਂ ਲਈ ਜ਼ਿੰਮੇਵਾਰ ਹਨ। ਮੁਰਦੇ ਦੀਆਂ ਹੱਡੀਆਂ ਨਦੀ ਵਿੱਚ ਵਹਾਉਣ ਦੀ ਬਜਾਇ ਧਰਤੀ ਵਿੱਚ ਦੱਬਣੀ ਜਾਂ ਕੋਈ ਹੋਰ ਇੰਤਜ਼ਾਮ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਜਾਦੂ-ਟੂਣੇ ਪਾਣੀ ਕੰਢੇ ਕਰਨ ਦੀ ਬਜਾਇ ਅਤੇ ਇਨ੍ਹਾਂ ਜਾਦੂ ਟੂਣਿਆਂ ਦਾ ਸਮਾਨ ਪਾਣੀ ਵਿੱਚ ਵਹਾਉਣਾ ਨਹੀਂ ਚਾਹੀਦਾ।

ਇਸ ਤਰ੍ਹਾਂ ਪਾਣੀ ਸੰਬੰਧੀ ਇੰਨੀ ਵੱਡੀ ਸਮੱਸਿਆ ਪ੍ਰਤੀ ਸਾਨੂੰ ਆਪ ਹੀ ਸਭ ਕੁਝ ਕਰਨਾ ਪੈਣਾ ਹੈ ਕਿਉਂਕਿ ਪਾਣੀ ਸਾਡੀ ਬਹੁਤ ਅਹਿਮ ਜ਼ਰੂਰਤ ਹੈ। ਨੈਤਿਕਤਾ ਭਰਿਆ ਨਜ਼ਰੀਆਂ ਇਸ ਸੰਬੰਧੀ ਕਾਫੀ ਉਪਯੋਗੀ ਸਿੱਧ ਹੋਵੇਗਾ।

**ਸਿੱਟਾ (Conclusion) :**

ਪਾਣੀ ਅਤੇ ਇਸਦੇ ਪ੍ਰਦੂਸ਼ਣ ਸੰਬੰਧੀ ਪੜ੍ਹਨ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਮਨੁੱਖ ਨੇ ਆਪਣੇ ਜੀਵਨ ਦੇ ਉਸ ਆਧਾਰ ਨੂੰ ਨਸ਼ਟ ਕਰ ਦਿੱਤਾ ਹੈ। ਉਂਝ ਮਨੁੱਖ ਨੂੰ ਕੁਦਰਤ ਦਾ ਕੇਂਦਰ ਅਤੇ ਬਹੁਤ ਸਿਆਣਾ ਸੱਦਿਆ ਜਾਂਦਾ ਹੈ। ਪਰ ਉਹ ਆਪਣੇ ਹੀ ਜੀਵਨ ਆਧਾਰ ਨੂੰ ਨਸ਼ਟ ਕਰਨ ਦੀ ਇੰਨੀ ਵੱਡੀ ਗਲਤੀ ਕਰ ਚੁੱਕਾ

ਹੈ। ਮਨੁੱਖ ਸਿਆਣਾ ਅਤੇ ਕੁਦਰਤ ਦਾ ਕੇਂਦਰ ਤਾਂ ਹੀ ਹੈ ਜੇ ਇਸ ਖਤਰਨਾਕ ਸਮੱਸਿਆ ਨੂੰ ਨਜਿੱਠ ਲਵੇ। ਸਪੱਸ਼ਟ ਹੈ ਕਿ ਇਹ ਸਭ ਸੰਬੰਧੀ ਉਸ ਦਾ ਨੀਤੀ-ਸ਼ਾਸ਼ਤਰ ਜਾਂ ਵਿਹਾਰਿਕ ਨੀਤੀ-ਸ਼ਾਸ਼ਤਰ ਦਾ ਸਹਿਯੋਗ ਲੈਣਾ ਸਭ ਤੋਂ ਪਹਿਲਾਂ ਜ਼ਰੂਰੀ ਹੈ।

**ਪਾਠ ਸੰਬੰਧਿਤ ਪ੍ਰਸ਼ਨ (Textual Questions)**

1. ਪਾਣੀ ਪ੍ਰਦੂਸ਼ਣ ਤੋਂ ਕੀ ਭਾਵ ਹੈ?
2. ਪਾਣੀ ਦੇ ਸਾਧਨ ਕਿਹੜੇ-ਕਿਹੜੇ ਹਨ?
3. ਪਾਣੀ ਪ੍ਰਦੂਸ਼ਿਤ ਕਿਵੇਂ ਹੁੰਦਾ ਹੈ?
4. ਤੇਜ਼ਾਬੀ ਵਰਖਾ ਤੋਂ ਕੀ ਭਾਵ ਹੈ?
5. ਪਾਣੀ ਪ੍ਰਦੂਸ਼ਣ ਤੋਂ ਕਿਹੜੇ ਖਤਰੇ ਹਨ।

## 3.13 ਧੁਨੀ ਪ੍ਰਦੂਸ਼ਣ (Noise Pollution)

ਹਵਾ ਅਤੇ ਪਾਣੀ ਪ੍ਰਦੂਸ਼ਣ ਦੀ ਹੀ ਤਰ੍ਹਾਂ ਧੁਨੀ (ਸ਼ੋਰ) ਪ੍ਰਦੂਸ਼ਣ ਵੀ ਵਿਹਾਰਿਕ ਨੀਤੀ-ਸ਼ਾਸ਼ਤਰ ਲਈ ਇੱਕ ਚੁਣੌਤੀਪੂਰਣ ਸਮੱਸਿਆ ਹੈ। ਵਿਹਾਰਿਕ ਨੀਤੀ-ਸ਼ਾਸ਼ਤਰ ਉਹਨਾਂ ਸਮੱਸਿਆਵਾਂ ਨਾਲ ਸੰਬੰਧਤ ਹੈ ਜੋ ਮਨੁੱਖ ਨੂੰ ਘਾਤਕ ਰੂਪ ਵਿੱਚ ਨੁਕਸਾਨ ਦੇ ਰਹੀਆਂ ਹਨ। ਹਵਾ ਅਤੇ ਪਾਣੀ ਹਰ ਪ੍ਰਕਾਰ ਦੇ ਜੀਵਨ ਦਾ ਆਧਾਰ ਹਨ, ਇਸ ਲਈ ਉਹਨਾਂ ਦਾ ਪ੍ਰਦੂਸ਼ਿਤ ਹੋਣਾ ਮਨੁੱਖ ਦੀ ਸੱਤਾ ਲਈ ਖਤਰਾ ਹੈ।

ਇਸੇ ਤਰ੍ਹਾਂ ਆਵਾਜ਼ (ਧੁਨੀ) ਦੀ ਵੱਧ ਮਾਤਰਾ ਵੀ ਮਨੁੱਖ ਲਈ ਖਤਰਨਾਕ ਹੈ। ਵੱਧ ਜਨਸੰਖਿਆ ਵਿਗਿਆਨ, ਤਕਨੀਕ ਅਤੇ ਉਦਯੋਗਾਂ ਬਦੌਲਤ ਮੌਜੂਦਾ ਸਮੇਂ ਹਰ ਥਾਂ ਆਵਾਜ਼ਾਂ ਦੀ ਤੀਬਰਤਾ (Intensity) ਬਹੁਤ ਵੱਧ ਹੈ ਜਿਸ ਨੂੰ ਆਮ ਮਨੁੱਖ ਦੇ ਕੰਨ ਬਰਦਾਸ਼ਤ ਨਹੀਂ ਕਰ ਸਕਦੇ। ਇਨ੍ਹਾਂ ਉੱਚੀ-ਉੱਚੀ ਆਵਾਜ਼ਾਂ ਨਾਲ ਜਿੱਥੇ ਇੱਕ ਪਾਸੇ ਕਿਸੇ ਇੱਕ ਵਿਅਕਤੀ ਜਾਂ ਫੈਕਟਰੀ ਜਾਂ ਕਿਸੇ ਹੋਰ ਸੰਸਥਾ ਨੂੰ ਕੋਈ ਲਾਭ ਹੁੰਦਾ ਹੈ ਉੱਥੇ ਹੀ ਇਹ ਸਾਰੇ ਸਮਾਜ ਲਈ ਬਹੁਤ ਵੱਡੀ ਚਿੰਤਾ ਹੈ।

### 3.13.1 ਧੁਨੀ ਅਤੇ ਸ਼ੋਰ (Sound and Noise)

ਧੁਨੀ ਪ੍ਰਦੂਸ਼ਣ ਸਮਝਣ ਤੋਂ ਪਹਿਲਾਂ Sound ਅਤੇ Noise ਵਿੱਚ ਅੰਤਰ ਸਮਝ ਲੈਣਾ ਲਾਹੇਵੰਦ ਹੈ। ਆਵਾਜ਼ (Sound) ਲਹਿਰਾਂ ਦੇ ਪ੍ਰੈਸ਼ਰ ਦੀ ਇੱਕ ਖਾਸ ਕਿਸਮ ਹੈ ਜੋ ਹਵਾ ਵਿੱਚੋਂ ਗੁਜ਼ਰਦੀ ਹੈ (Sound is a special type of pressure wave which gets transmitted through air)। ਦੂਸਰੇ ਸ਼ਬਦਾਂ ਵਿੱਚ ਆਵਾਜ਼ ਊਰਜਾ ਦਾ ਇੱਕ ਰੂਪ ਹੈ ਜੋ ਸੁਨਣ ਦੀ ਸੰਵੇਦਨਾ ਪੈਦਾ ਕਰਦਾ ਹੈ (Sound is the form of energy giving the sensation of hearning)। ਆਵਾਜ਼ਾਂ ਦੀ ਗਤੀ ਉਹਨਾਂ ਸਾਧਨਾਂ ਦੀ ਤੀਬਰਤਾ ਅਤੇ ਲਚਕਤਾ ਤੇ ਨਿਰਭਰ ਹੈ ਜਿਨ੍ਹਾਂ ਰਾਹੀਂ ਇਹ ਗੁਜ਼ਰਦੀ ਹੈ ਜਿਵੇਂ ਗੈਸ, ਤਰਲ ਜਾਂ ਠੋਸ ਪਦਾਰਥ। ਧੁਨੀ ਪ੍ਰਦੂਸ਼ਣ ਸਮਝਣ ਤੋਂ ਪਹਿਲਾਂ ਆਵਾਜ਼ ਸੰਬੰਧੀ ਕੁਝ ਤੱਥ ਸਾਹਮਣੇ ਰੱਖਣੇ ਜ਼ਰੂਰੀ ਹਨ।

(i) ਆਵਾਜ਼ ਦੀ ਤੀਬਰਤਾ ਦੂਰੀ ਮੁਤਾਬਿਕ ਘੱਟਦੀ ਜਾਂਦੀ ਹੈ।
(ii) ਆਵਾਜ਼ ਹਮੇਸ਼ਾਂ ਠੋਸ ਪਦਾਰਥਾਂ ਦੇ ਟਕਰਾਉਣ ਨਾਲ ਪੈਦਾ ਹੁੰਦੀ ਹੈ।
(iii) ਕੋਈ ਦੋ ਆਵਾਜ਼ ਲਹਿਰਾਂ ਇਕੱਠੀਆਂ ਫੈਲ ਸਕਦੀਆਂ ਹਨ ਅਤੇ
(iv) ਆਵਾਜ਼ ਨੂੰ ਕੁਝ ਛੇਕ ਕੀਤੀਆਂ ਵਸਤਾਂ ਰਾਹੀਂ ਰੋਕਿਆ ਜਾ ਸਕਦਾ ਹੈ।

Noise (ਸ਼ੋਰ) ਤੋਂ ਭਾਵ ਬਹੁਤ ਵੱਧ ਤੀਬਰਤਾ ਵਾਲੀ ਆਵਾਜ਼ (High intensity Sound) ਜੋ ਮਨੁੱਖੀ ਸੁਣਨ ਸ਼ਕਤੀ ਅਤੇ ਮਨ ਤੇ ਕਾਫੀ ਨੁਕਸਾਨ ਦੇਹ ਪ੍ਰਭਾਵ ਪਾਉਂਦੀ ਹੈ। (Noise is the high intensity sound which has harmful impact on human hearning system and mind). ਦੂਸਰੇ ਸ਼ਬਦਾਂ ਵਿੱਚ ਸ਼ੋਰ ਤੋਂ ਭਾਵ ਗਲਤ ਸਮੇਂ, ਗਲਤ ਸਥਾਨ ਤੇ ਅਣਚਾਹੀ ਆਵਾਜ਼ (An unwanted sound at wrong time and wrong place)। ਸ਼ੋਰ ਆਵਾਜ਼ ਦਾ ਉਹ ਉੱਚੇ ਪੱਧਰ ਹੈ

ਜੋ ਅਵਸਥਾਵਾਂ ਵਿੱਚ ਹੁੰਦਾ ਹੈ ਅਤੇ ਜੋ ਮਨੁੱਖੀ ਸਰੀਰਾਂ ਨੂੰ ਉਹਨਾਂ ਦੀ ਸੁਣਨ ਸ਼ਕਤੀ, ਦਿਮਾਗ, ਸੰਤੁਲਿਤ ਸਰੀਰਕ ਢਾਂਚੇ ਨੂੰ ਤਬਾਹ ਕਰਦਿਆਂ ਉਹਨਾਂ ਨੂੰ ਬੇਆਰਾਮੀ ਅਤੇ ਥਕਾਵਟ ਦੇਂਦਾ ਹੈ।

ਸ਼ੋਰ ਜਾਂ ਰੌਲੇ ਦੇ ਪੱਧਰ ਨੂੰ ਮਾਪਣਾ (Measurement of Noise Level)- ਸ਼ੋਰ ਨੂੰ ਮਾਪਣ ਲਈ Acounstics (The Science of Sound) ਰਾਹੀਂ ਖੋਜਿਆ Decibel (dB) ਪੈਮਾਨਾ ਵਰਤਿਆ ਜਾਂਦਾ ਹੈ। Decibel ਪੈਮਾਨਾ ਮਨੁੱਖੀ ਕੰਨ ਨੂੰ ਆਮ ਮਾਤਰਾ ਵਿੱਚ ਸੁਣਨ ਯੋਗ ਅਵਾਜ਼ਾਂ ਨੂੰ 0 (dB) ਮੰਨ ਕੇ ਚਲਦਾ ਹੈ। ਇਸ ਪੈਮਾਨੇ ਵਿੱਚ ਦੱਸ ਗੁਣਾ ਉੱਚੀ ਆਵਾਜ਼ ਨੂੰ 10 dB ਰਾਹੀਂ ਦਰਸਾਇਆ ਜਾਂਦਾ ਹੈ। ਭਾਵ ਜੇ ਆਵਾਜ਼ ਦੀ ਤੀਬਰਤਾ 10 ਗੁਣਾ ਵੱਧਦੀ ਹੈ ਤਾਂ ਇਹ 10 dB, 100 ਗੁਣਾਂ ਵੱਧਣ ਤੇ 20 dB, 1000 ਗੁਣਾ ਵੱਧਣ 30 dB, 10000 ਗੁਣਾ ਵੱਧਣ ਤੇ 40 dB ਆਦਿ ਦਰਸਾਇਆ ਜਾਂਦਾ ਹੈ। ਮਨੁੱਖੀ ਜੀਵਨ ਵਿੱਚ ਕਈ ਪ੍ਰਕਾਰ ਦੀਆਂ ਆਵਾਜ਼ਾਂ ਸੁਣਨ ਨੂੰ ਮਿਲਦੀਆਂ ਹਨ।

**3.13.2 ਪਰਿਭਾਸ਼ਾਵਾਂ (Definitions):**

ਧੁਨੀ ਪ੍ਰਦੂਸ਼ਣ ਬੇਆਰਾਮੀ ਤੇ ਥਕਾਵਟ ਦੀ ਉਹ ਸਥਿਤੀ ਹੈ ਜੋ ਸ਼ੋਰ ਵੱਜੋਂ ਜਾਣੀ ਜਾਂਦੀ ਅਣਚਾਹੀ ਉੱਚੀ ਤੀਬਰਤਾ ਵਾਲੀ ਆਵਾਜ਼ ਰਾਹੀਂ ਪੈਦਾ ਕੀਤੀ ਜਾਂਦੀ ਹੈ। (Noise Pollution is the state of discomfort and restlessness caused to humans by unwanted high intensity sound known as Noise)

ਧੁਨੀ ਪ੍ਰਦੂਸ਼ਣ ਕੁਦਰਤੀ ਜਾਂ ਬਨਾਵਟੀ ਸਾਧਨਾਂ ਰਾਹੀਂ ਪੈਦਾ ਕੀਤੀ ਜਾਂਦੀ ਉਹ ਉੱਚੀ ਆਵਾਜ਼ ਹੈ ਜੋ ਮਨੁੱਖ ਦੀ ਸੁਣਨ ਸ਼ਕਤੀ ਤੋਂ ਕਿਤੇ ਵੱਧ ਹੁੰਦੀ ਹੈ ਅਤੇ ਜੋ ਮਨੁੱਖੀ ਸਰੀਰ ਅਤੇ ਦਿਮਾਗ ਪਰੇਸ਼ਾਨੀ ਦਿੰਦੀ ਹੈ।

**3.13.3 ਧੁਨੀ ਪ੍ਰਦੂਸ਼ਣ ਦੇ ਸ੍ਰੋਤ**
**(Source of Noise Pollution)**

ਮਨੁੱਖ ਦੀ ਆਮ ਸੁਣਨ ਦੀ ਆਰਾਮਦਾਇਕ ਤੀਬਰਤਾ 0 dB ਹੈ ਪਰ ਉਹ 25-30 dB ਤੱਕ ਦੀ ਤੀਬਰਤਾ ਵਾਲੇ ਰੌਲੇ (ਸ਼ੋਰ) ਨੂੰ ਸੁਣ ਸਕਦਾ ਹੈ। ਇਹ ਵੱਧ ਤੀਬਰਤਾ ਵਾਲਾ ਰੌਲਾ ਮਨੁੱਖ ਦੀ ਸੁਣਨ ਸ਼ਕਤੀ, ਮਨ, ਦਿਮਾਗ ਅਤੇ ਹੋਰ ਸਰੀਰ ਨੂੰ ਨੁਕਸਾਨ ਪਹੁੰਚਾਉਂਦਾ ਹੈ। ਆਮ ਜੀਵਨ ਵਿੱਚ ਵੱਧ ਤੀਬਰਤਾ ਵਾਲੇ ਰੌਲੇ ਦੇ ਕਈ ਸ੍ਰੋਤ ਹਨ। ਇਨ੍ਹਾਂ ਨੂੰ ਅਧਿਐਨ ਕਰਨ ਲਈ ਵਰਗੀਕ੍ਰਿਤ ਕਰਨਾ ਲਾਹੇਵੰਦ ਹੋਵੇਗਾ -

**3.13.3.1 ਕੁਦਰਤੀ ਧੁਨੀ ਪ੍ਰਦੂਸ਼ਣ (Natural Noise Pollution):** ਮਨੁੱਖ ਦੇ ਆਮ ਜੀਵਨ ਵਿੱਚ ਜੋ ਰੌਲਾ ਹੁੰਦਾ ਹੈ ਉਸ ਵਿੱਚ ਕੁਦਰਤੀ ਘਟਨਾਵਾਂ ਅਤੇ ਵਸਤਾਂ ਦੇ ਟਕਰਾਅ ਕਾਰਣ ਪੈਦਾ ਹੋਇਆ ਰੌਲਾ ਵੀ ਸ਼ਾਮਿਲ ਹੈ। ਬੱਦਲਾਂ ਦਾ ਗਰਜਨਾ, ਬਹੁਤ ਤੇਜ਼ ਚੱਲ ਰਹੀ ਹਵਾ, ਤੂਫਾਨ, ਬਹੁਤ ਤੇਜ਼ੀ ਨਾਲ ਹੁੰਦੀ ਵਰਖਾ, ਗੜੇ, ਝਰਨੇ ਆਦਿ ਕਈ ਅਜਿਹੀਆਂ ਕੁਦਰਤੀ ਘਟਨਾਵਾਂ ਹਨ ਜੋ ਮਨੁੱਖ ਦੀ ਸੁਣਨ ਸ਼ਕਤੀ ਤੋਂ ਵੱਧ ਤੀਬਰਤਾ ਨਾਲ ਰੌਲਾ ਪੈਦਾ ਕਰਦੀਆਂ ਹਨ। ਵਿਹਾਰਿਕ ਨੀਤੀ ਸ਼ਾਸ਼ਤਰ ਦੀ ਦ੍ਰਿਸ਼ਟੀ ਤੋਂ ਇਹ ਬਹੁਤ ਚਰਚਾ ਯੋਗ ਨਹੀਂ ਹਨ ਕਿਉਂਕਿ ਇਹ ਕੁਦਰਤੀ ਹਨ, ਜੋ ਹਮੇਸ਼ਾ ਆਪਣੇ ਸਰੂਪ ਤੇ ਆਧਾਰਿਤ ਹੁੰਦੀਆਂ ਰਹਿਣਗੀਆਂ ਅਤੇ ਖਾਸ ਕਰ ਇਸ ਲਈ ਕਿਉਂਕਿ ਇਨ੍ਹਾਂ ਵਿੱਚ ਮਨੁੱਖ ਦਾ ਕੋਈ ਹੱਥ ਨਹੀਂ ਹੁੰਦਾ।

**3.13.3.2 ਜੈਵਿਕ ਧੁਨੀ ਪ੍ਰਦੂਸ਼ਣ (Biological Noise Pollution):** ਕੁਦਰਤੀ ਸ੍ਰੋਤਾਂ ਤੋਂ ਇਲਾਵਾ ਹੋਰ ਵੀ ਅਜਿਹੇ ਸ੍ਰੋਤ ਹਨ ਜਿਨ੍ਹਾਂ ਲਈ ਮਨੁੱਖ ਜ਼ਿੰਮੇਵਾਰ ਨਹੀਂ ਹੈ। ਇਨ੍ਹਾਂ ਨੂੰ ਅਸੀਂ ਜੈਵਿਕ ਕਹਿ ਸਕਦੇ ਹਾਂ। ਇਸ ਵਿੱਚ ਜੰਗਲੀ ਜਾਨਵਰਾਂ ਦੀਆਂ ਉੱਚੀਆਂ ਤੀਬਰਤਾ ਵਾਲੀਆਂ ਆਵਾਜ਼ਾਂ ਜਿਵੇਂ ਸ਼ੇਰ ਦਾ ਗਰਜਨਾ (Roaring of Lions) ਬੰਦਰਾਂ ਦਾ ਚੀਕਾ ਮਾਰਨਾ, ਗਾਵਾਂ ਦੀ ਰੀਂਗਣਾ, ਕੁੱਤਿਆ ਦਾ ਭੌਂਕਣਾ, ਗਿੱਦੜਾਂ ਦਾ ਗਰਜਨਾ ਆਦਿ ਅਜਿਹੇ ਰੌਲੇ ਹਨ ਜੋ ਸੰਬੰਧਤ ਜਾਨਵਰਾਂ ਦਾ ਕੁਦਰਤੀ ਸੁਭਾਅ ਹਨ ਅਤੇ ਇਹ ਵੀ ਵਿਹਾਰਿਕ ਨੀਤੀ ਸ਼ਾਸ਼ਤਰ ਦਾ ਖੇਤਰ ਨਹੀਂ ਹਨ ਕਿਉਂਕਿ ਇਹ ਕੇਵਲ ਮਨੁੱਖਾਂ ਦੇ ਇੱਛੁਕ ਵਿਵਹਾਰ ਨਾਲ ਸੰਬੰਧਤ ਹੈ।

**3.13.3.3 ਪੇਂਡੂ ਧੁਨੀ ਪ੍ਰਦੂਸ਼ਣ (Rural Noise Pollution):** ਉਂਝ ਤਾਂ ਪਿੰਡਾਂ ਨੂੰ ਰੌਲੇ-ਰੱਪੇ ਤੋਂ ਸੁਤੰਤਰ ਮੰਨਿਆ ਜਾਂਦਾ ਹੈ ਪਰ ਇਹ ਗੱਲ ਤਦ ਹੀ ਅਰਥਪੂਰਣ ਹੈ ਜਦ ਪਿੰਡਾਂ ਦੀ ਸ਼ਹਿਰਾਂ ਦੇ ਰੌਲੇ-ਰੱਖੇ ਨਾਲ ਤੁਲਨਾ

ਕੀਤੀ ਜਾਂਦੀ ਹੈ। ਪਿੰਡਾਂ ਵਿੱਚ ਮਨੁੱਖ ਅਤੇ ਜਾਨਵਰ ਕਈ ਕਿਰਿਆਵਾਂ ਕਰਦੇ ਹਨ। ਖੇਤਾਂ ਵਿੱਚ ਟ੍ਰੈਕਟਰ ਚੱਲਣਾ, ਮਸ਼ੀਨਾਂ ਨਾਲ ਕੱਖ ਕੁਤਰਨਾ, ਜਾਨਵਰਾਂ ਦਾ ਰੀਗਣਾ, ਟਰਾਲੀਆਂ ਦੇ ਉੱਛਲਣ ਦੀਆਂ ਅਵਾਜ਼ਾਂ, ਲੜਾਈ ਝਗੜੇ ਆਦਿ ਵੀ ਪਿੰਡਾਂ ਵਿੱਚ ਸ਼ੋਰ ਸ਼ਰਾਬੇ ਦਾ ਪ੍ਰਮੁੱਖ ਸ੍ਰੋਤ ਹਨ।

**3.13.3.4 ਉਦਯੋਗਿਕ ਧੁਨੀ ਪ੍ਰਦੂਸ਼ਣ (Industrial Noise Pollution):** ਆਵਾਜ਼ ਦੀ ਜਿਸ ਤੀਬਰਤਾ ਨੂੰ ਪ੍ਰਦੂਸ਼ਣ ਸਮਝਿਆ ਜਾਂਦਾ ਹੈ ਉਹ ਉਦਯੋਗਾਂ ਵਿੱਚ ਚਲਦੀਆਂ ਮਸ਼ੀਨਾਂ ਰਾਹੀਂ ਪੈਦਾ ਕੀਤੀ ਜਾਂਦੀ ਹੈ। ਬਹੁਤ ਸਾਰੇ ਸ਼ਹਿਰਾਂ ਵਿੱਚ ਛੋਟੇ-ਮੋਟੇ ਉਦਯੋਗ ਆਮ ਰਿਹਾਇਸ਼ੀ ਖੇਤਰਾਂ ਵਿੱਚ ਹਨ। ਉਥੋਂ ਦੀਆਂ ਮਸ਼ੀਨਾਂ ਅਤੇ ਮਾਲ ਦੇ ਚੱਕਣ-ਰੱਖਣ ਦੀਆਂ ਅਵਾਜ਼ਾਂ, ਮਾਲ ਨੂੰ ਲਿਆਉਣ ਅਤੇ ਲੈ ਜਾਣ ਲਈ ਵਰਤੇ ਜਾਂਦੇ ਵਾਹਨਾਂ ਦੀਆਂ ਅਵਾਜ਼ਾਂ ਆਦਿ ਸ਼ੋਰ ਸ਼ਰਾਬੇ ਦਾ ਪ੍ਰਮੁੱਖ ਕਾਰਨ ਹਨ। ਰਿਹਾਇਸ਼ੀ ਇਲਾਕਿਆਂ ਵਿੱਚ ਜੋ ਉਦਯੋਗ ਲੱਗੇ ਹੁੰਦੇ ਹਨ, ਉਹਨਾਂ ਵਿੱਚ ਪ੍ਰੈਸ ਜਾਂ ਤਾਪ ਦਾ ਕੰਮ ਹੁੰਦਾ ਹੈ। ਮਸ਼ੀਨਾਂ ਦਾ ਕਿਸੇ ਧਾਤੂ ਨੂੰ ਪ੍ਰੈਸ ਕਰਨਾ ਨਾ ਕੇਵਲ ਕੰਨਾ ਲਈ ਖਤਰਨਾਕ ਹੈ ਬਲਕਿ ਉਸ ਦੀ ਧਮਕ ਦਿਲ ਅਤੇ ਦਿਮਾਗ ਲਈ ਵੀ ਬਹੁਤ ਖਤਰਨਾਕ ਹੈ। ਬੱਚਿਆਂ, ਬੁੱਢਿਆਂ ਅਤੇ ਦਿਲ ਦਿਮਾਗ ਦੇ ਮਰੀਜ਼ਾਂ ਲਈ ਇਹ ਉਦਯੋਗ ਬਹੁਤ ਘਾਤਕ ਹਨ।

**3.13.3.5 ਖਾਨਾਂ ਦੇ ਧੁਨੀ ਪ੍ਰਦੂਸ਼ਣ (Mining Noise Pollution):** ਖਾਨਾਂ ਦੀ ਖੁਦਾਈ ਅਤੇ ਖਾਨਾ ਵਿੱਚ ਚੱਲ ਰਹੇ ਕੰਮ ਨਾਲ ਬਹੁਤ ਆਵਾਜ਼ ਪ੍ਰਦੂਸ਼ਣ ਹੁੰਦਾ ਹੈ। ਖਾਣਾ ਵਿੱਚੋਂ ਕੋਲਾ ਅਤੇ ਹੋਰ ਖਣਿਜ ਪਦਾਰਥਾਂ ਨੂੰ ਪੁੱਟਣ ਲਈ ਧਮਾਕਿਆਂ ਜਾਂ ਵੱਡੇ ਹੱਥੋੜਿਆਂ ਦਾ ਸਹਾਰਾ ਲਿਆ ਜਾਂਦਾ ਹੈ। ਜਿੰਨ੍ਹਾਂ ਰਿਹਾਇਸ਼ੀ ਇਲਾਕਿਆਂ ਦੇ ਨੇੜੇ-ਤੇੜੇ ਅਜਿਹੀਆਂ ਖਾਨਾਂ ਹਨ ਉਹਨਾਂ ਨੂੰ ਅਜਿਹਾ ਪ੍ਰਦੂਸ਼ਣ ਦਿਨ-ਰਾਤ ਸਤਾਉਂਦਾ ਰਹਿੰਦਾ ਹੈ।

**3.13.3.6 ਸ਼ਹਿਰੀ ਧੁਨੀ ਪ੍ਰਦੂਸ਼ਣ (Urban Noise Pollution):** ਧੁਨੀ ਪ੍ਰਦੂਸ਼ਣ ਦਾ ਵਧੇਰੇ ਕਾਰਣ ਸ਼ਹਿਰਾਂ ਵਿਚਲੀਆਂ ਮਨੁੱਖੀ ਗਤੀਵਿਧੀਆਂ ਹਨ ਇਸ ਵਿੱਚ (1) ਆਟੋ ਗੱਡੀਆਂ (Cars, scooters, motor-cycle, buses, trucks, trains and aircrafts) (2) ਰਾਕੇਟ (3) ਸੁਰੱਖਿਆ ਸੰਬੰਧੀ ਪ੍ਰਯੋਗ (ਬੰਦੂਕਾ, ਤੋਪਾ ਅਤੇ ਹੋਰ ਧਮਾਕੇ), (4) ਹਾਕਾਂ ਮਾਰਨ ਵਾਲੇ (Hawkers), (5) ਰੇੜੀ ਮਾਰਕਿਟ, (6) ਬੱਚਿਆਂ ਦਾ ਖੇਡਣਾ, (7) ਧਾਰਮਿਕ ਗਤੀਵਿਧੀਆਂ, (8) ਸੱਭਿਆਚਾਰਕ ਪ੍ਰੋਗਰਾਮ, (9) ਰਾਤ ਦੇ ਸੰਗੀਤ ਪ੍ਰੋਗਰਾਮ, (10) ਤਿਉਹਾਰ, (11) ਪੂਜਾ ਪਾਠ, (12) ਮਸ਼ਹੂਰੀਆਂ, (13) ਸ਼ੋਕ ਪ੍ਰਗਟਾਵੇ, (14) ਰਾਤ ਦੇ ਵਿਆਹ, (15) ਜਗਰਾਤੇ, (16) ਉੱਚੀ ਟੀ.ਵੀ. ਅਤੇ ਟੇਪ ਰਿਕਾਰਡਰ, (17) ਬੱਸਾਂ ਵਿੱਚ ਉੱਚੀ ਉੱਚੀ ਬੋਲਦਾ, (18) ਮੋਬਾਇਲ ਫੋਨ, (19) ਉੱਚੀ ਅਤੇ ਲੰਮੇ ਹਾਰਨ ਮਾਰਨਾ, (20) ਦੀਵਾਲੀ ਸਮੇਂ ਪਟਾਕਿਆਂ ਦੀਆਂ ਅਵਾਜ਼ਾਂ ਆਦਿ ਸ਼ਾਮਿਲ ਹਨ।

**3.14 ਧੁਨੀ ਪ੍ਰਦੂਸ਼ਣ ਦੇ ਪ੍ਰਭਾਵ (Effects of Noise Pollution)**

ਧੁਨੀ ਪ੍ਰਦੂਸ਼ਣ ਕਿਸ ਪੱਖੋਂ ਮਨੁੱਖੀ ਜੀਵਨ ਲਈ ਨੁਕਸਾਨਦੇਹ ਹੈ। 20-30 dB ਤੋਂ ਉੱਚੀ ਆਵਾਜ਼ਾਂ ਸੁਣਣ ਨਾਲ ਜਿੱਥੇ ਮਨ ਅਤੇ ਦਿਮਾਗੀ ਪ੍ਰੇਸ਼ਾਨੀਆਂ ਹੁੰਦੀਆਂ ਹਨ ਉੱਥੇ ਸੁਣਨ ਸ਼ਕਤੀ ਪੱਖੋਂ ਮਨੁੱਖ ਸਦਾ ਲਈ ਵਾਂਝਾ ਹੋ ਸਕਦਾ ਹੈ। ਇਸ ਪ੍ਰਦੂਸ਼ਣ ਤੋਂ ਪੈਦਾ ਹੋਣ ਵਾਲੇ ਪ੍ਰਭਾਵਾਂ ਨੂੰ ਚਾਰ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ -

**3.14.1. ਆਮ ਪ੍ਰਭਾਵ (General effects):** ਇਨ੍ਹਾਂ ਪ੍ਰਭਾਵਾਂ ਵਿੱਚ ਸ਼ਾਮਿਲ ਹੈ ਬੋਲਣ ਸਮੇਂ ਪਰੇਸ਼ਾਨਗੀ, ਖਿਝਣਾ, ਨੀਂਦ ਸਮੇਂ ਪਰੇਸ਼ਾਨਗੀ ਅਤੇ ਇਸੇ ਤਰ੍ਹਾਂ ਦੇ ਹੋਰ ਕਈ ਪ੍ਰਭਾਵ। ਬੋਲਣ ਸਮੇਂ ਦੀਆਂ ਪਰੇਸ਼ਾਨਗੀਆਂ ਤੋਂ ਭਾਵ ਬਾਹਰੋਂ ਆਉਂਦੀ ਉੱਚੀ ਆਵਾਜ਼ ਕਾਰਣ ਇੱਕ ਮਨੁੱਖ ਦਾ ਬੋਲਿਆ ਦੂਸਰਿਆਂ ਤੱਕ ਨਹੀਂ ਪੁੱਜਦਾ। ਇਸੇ ਤਰ੍ਹਾਂ ਦੁਪਹਿਰ ਅਤੇ ਰਾਤ ਸਮੇਂ ਦੇ Marriage Palaces ਦੇ ਸਪੀਕਰ, ਜਗਰਾਤੇ, ਰਾਮ ਲੀਲਾ, ਦੇਰ ਰਾਤ ਤੱਕ ਚਲਦੇ ਟੀ.ਵੀ., ਸਿਨੇਮਾ ਆਦਿ ਵੀ ਹੋਰਾ ਲੋਕਾਂ ਦੀ ਨੀਂਦ ਖਰਾਬ ਕਰਦੇ ਹਨ। ਕੇਵਲ ਆਪਣੀ ਖੁਸ਼ੀ ਲਈ ਮਨੁੱਖ ਦੂਸਰਿਆਂ ਦੀ ਨੀਂਦ ਭੰਗ ਕਰਦਾ ਹੈ। ਇਸ ਤੋਂ ਇਲਾਵਾ ਆਮ ਜੀਵਨ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਉੱਚੀਆਂ ਆਵਾਜ਼ਾਂ, ਹਾਰਨਾਂ ਅਤੇ ਸਪੀਕਰਾਂ ਦੀਆਂ ਅਵਾਜ਼ਾਂ ਆਦਿ ਮਨੁੱਖ ਨੂੰ ਖਿਲਿਆ ਹੋਇਆ (Annoyed) ਅਤੇ ਰੁੱਖਾ ਬਣਾ ਦਿੰਦੇ ਹਨ। ਇਸੇ ਕਾਰਣ ਮੌਜੂਦਾ ਸਮੇਂ ਦੇ ਮਨੁੱਖ ਅਨੈਤਿਕ ਅਤੇ ਰੁੱਖੇ ਬਣਦੇ ਜਾ ਰਹੇ ਹਨ।

**3.14.2. ਸੁਣਨ ਸ਼ਕਤੀ 'ਤੇ ਪ੍ਰਭਾਵ (Auditory Effects):** ਧੁਨੀ ਪ੍ਰਦੂਸ਼ਣ ਮਨੁੱਖ ਅਤੇ ਹੋਰਾਂ ਜੀਵਾਂ ਦੀ

ਸੁਣਨ ਸ਼ਕਤੀ ਨੂੰ ਘਾਤਕ ਪ੍ਰਭਾਵ ਪਹੁੰਚਾਉਂਦਾ ਹੈ। ਇਨ੍ਹਾਂ ਪ੍ਰਭਾਵਾਂ ਨੂੰ ਅਸੀਂ ਦੋ ਭਾਗਾਂ ਵਿੱਚ ਵੰਡ ਸਕਦੇ ਹਾਂ - (1) ਚਿਰ ਸਮੇਂ ਲਈ ਅਤੇ (2) ਸਥਾਈ ਪ੍ਰਭਾਵ। ਉੱਚੀ ਆਵਾਜ਼ਾਂ ਕੰਨਾ ਦੇ ਪਰਦੇ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਇਸ ਤਰ੍ਹਾਂ ਸੁਣਨਾ ਕੁਝ ਸਮੇਂ ਲਈ ਰੁੱਕ ਜਾਂਦਾ ਹੈ। ਪਰ ਇਸੇ ਤਰ੍ਹਾਂ ਦੇ ਉੱਚੀ ਸ਼ੋਰ ਸ਼ਰਾਬੇ ਅਗਰ ਲਗਾਤਾਰ ਸੁਣੇ ਜਾਣ ਤਾਂ ਮਨੁੱਖ ਸਦਾ ਲਈ ਸੁਣਨ ਸ਼ਕਤੀ ਤੋਂ ਵਾਞਾ ਹੋ ਸਕਦਾ ਹੈ। ਕੱਪੜਾ, ਆਟੋ, ਸਟੀਲ, ਚਮੜਾ, ਪ੍ਰੈਸ ਆਦਿ ਉਦਯੋਗਾਂ ਵਿੱਚ ਕੰਮ ਕਰਦੇ ਕਰਮਚਾਰੀਆਂ ਦੀ ਸੁਣਨ ਸ਼ਕਤੀ ਬਹੁਤ ਜਲਦੀ ਨਸ਼ਟ ਹੋ ਜਾਂਦੀ ਹੈ। ਇੱਕ ਸਰਵੇ ਅਨੁਸਾਰ ਉਦਯੋਗਿਕ ਅਤੇ ਰੇਲਵੇ ਵਾਲੇ ਖੇਤਰਾਂ ਵਿੱਚ ਰਹਿੰਦੇ 5-10 ਸਾਲ ਦੇ ਬੱਚੇ ਆਪਣੀ ਕਲਾਸਾਂ ਵਿੱਚ ਧਿਆਨ ਟਿਕਾਉਣ ਦੀ ਸਮਰੱਥਾ ਖੋ ਬੈਠਦੇ ਹਨ।

**3.14.3. ਮਨੋਵਿਗਿਆਨਕ ਪ੍ਰਭਾਵ (Psychological effects):** ਉੱਚੀ ਆਵਾਜ਼ਾਂ ਮਨੁੱਖ ਅਤੇ ਪਸ਼ੂਆਂ ਦੇ ਵਿਵਹਾਰ ਵਿਚ ਬਹੁਤ ਵੱਖਰਾ ਬਦਲਾਵ ਲਿਆਉਂਦੀਆਂ ਹਨ। ਅਜਿਹੀਆਂ ਲਗਾਤਾਰ ਆਉਂਦੀਆਂ ਆਵਾਜ਼ਾਂ ਮਨੁੱਖ ਦੇ ਸੁਭਾਅ ਵਿੱਚ ਚਿੜ-ਚਿੜਾਪਣ, ਖਿੱਝ ਅਤੇ ਥਕਾਵਟ ਭਰਿਆ ਵਰਤਾਵ ਬਣਾਉਂਦੀਆਂ ਹਨ, ਜਿਸ ਨਾਲ ਮਨੁੱਖ ਆਪਣੇ ਕੰਮ ਵਿਚ ਕੁਸ਼ਲਤਾ ਪ੍ਰਗਟ ਨਹੀਂ ਕਰ ਸਕਦਾ, ਉਸ ਵਿੱਚ ਚੁਸਤਪੁਣਾ ਨਹੀਂ ਰਹਿੰਦਾ ਅਤੇ ਉਹ ਆਪਣੇ ਕੰਮ ਵਿੱਚ ਬਾਰ-ਬਾਰ ਗਲਤੀਆਂ ਕਰਦਾ ਹੈ। ਇਸ ਤੋਂ ਇਲਾਵਾ ਅਜਿਹੀਆਂ ਉੱਚੀ ਅਤੇ ਲਗਾਤਾਰ ਆਵਾਜ਼ਾਂ ਮਨੁੱਖ ਦੇ ਜੀਵਨ ਵਿੱਚ ਤਨਾਅ (Tension), ਥਕਾਵਟ, ਮਾਨਸਿਕ ਸੰਤੁਲਨ ਉੱਤੇ ਦਬਾਅ ਅਤੇ ਸੰਵੇਦਨਾਵਾਂ ਵਿੱਚ ਸੁਸਤੀ ਪੈਦਾ ਕਰਦੀਆਂ ਹਨ।

**3.14.4. ਸਰੀਰਕ ਪ੍ਰਭਾਵ (Physiological Effects):** ਇਹ ਇੱਕ ਤੱਥ ਹੈ ਕਿ ਜਦ ਮਨ ਠੀਕ ਨਾ ਹੋਵੇ ਤਾਂ ਸਰੀਰ ਵੀ ਠੀਕ ਨਹੀਂ ਰਹਿੰਦਾ ਇਸੇ ਤਰ੍ਹਾਂ ਸਰੀਰ ਦਾ ਮਨ ਤੇ ਵੀ ਪ੍ਰਭਾਵ ਪੈਂਦਾ ਹੈ। ਧੁਨੀ ਪ੍ਰਦੂਸ਼ਣ ਨਾਲ ਹੋਣ ਵਾਲੇ ਮਾਨਸਿਕ ਪ੍ਰਭਾਵਾਂ ਦਾ ਪ੍ਰਭਾਵ ਸਰੀਰ ਤੇ ਵੀ ਪੈਂਦਾ ਹੈ। ਮਾਨਸਿਕ ਅਸੰਤੁਲਨ ਨਾਲ ਖੂਨ ਦੇ Hormone ਤੱਤਾਂ ਤੇ ਪ੍ਰਭਾਵ ਪੈਂਦਾ ਹੈ ਜੋ ਸਰੀਰ ਵਿੱਚ ਬਦਲਾਵ ਲਿਆਉਂਦਾ ਹੈ। ਇਸ ਤੋਂ ਇਲਾਵਾ Blood Presure (B.P.), Heart diseases, Dialation of Pupils of Eyes, Tensing of the Voluntary and Involuntary Muscles, Diming of Gastric Secretion, Neuromuscular Tension, Nervousness, Stomach and Intestinal Diseass such as Ulcers ਉਤੇ ਵੀ ਅਸਰ ਪੈਂਦਾ ਇਸ ਤੋਂ ਇਲਾਵਾ ਅਚਾਨਕ ਅਤੇ ਉੱਚੀ ਧਮਾਕੇ ਗਰਭ (Pregenancy) ਨੂੰ ਵੀ ਗਿਰਾ ਸਕਦੇ ਹਨ। ਜੋ ਔਰਤਾਂ ਗਰਭ ਸਮੇਂ ਰੌਲੇ ਰੱਪੇ ਵਾਲੇ ਸਥਾਨ ਦੇ ਨੇੜੇ ਰਹਿੰਦੀਆਂ ਹਨ ਉਹਨਾਂ ਦੇ ਬੱਚਿਆਂ ਵਿੱਚ ਕਈ ਪ੍ਰਕਾਰ ਦੇ ਜਮਾਂਦਰੂ ਦੋਸ਼ ਪਾਏ ਗਏ ਹਨ।

### 3.15 ਧੁਨੀ ਪ੍ਰਦੂਸ਼ਣ ਸੰਬੰਧੀ ਰੋਕਥਾਮ (Measures to control noise Pollution)

ਧੁਨੀ ਪ੍ਰਦੂਸ਼ਣ ਨੂੰ ਸਮਝਣ ਅਤੇ ਖਾਸ ਕਰ ਇਸ ਦੇ ਖਤਰਨਾਕ ਪ੍ਰਭਾਵਾਂ ਤੋਂ ਜਾਣੂ ਹੋਣ ਤੋਂ ਬਾਅਦ ਇਹ ਅਨੁਮਾਨ ਲਗਾਉਣਾ ਸੁਭਾਵਿਕ ਹੈ ਕਿ ਇਸ ਪ੍ਰਕਾਰ ਦੇ ਪ੍ਰਦੂਸ਼ਣ ਨੂੰ ਕਿਵੇਂ ਰੋਕਿਆ ਜਾਵੇ। ਉਂਝ ਤਾਂ ਇਸ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਹੀ ਮਨੁੱਖ ਨੂੰ ਇਸ ਦੀ ਰੋਕਥਾਮ ਲਈ ਸੁਚੇਤ ਕਰ ਦੇਂਦਾ ਹੈ, ਪਰ ਫਿਰ ਵੀ ਮਨੁੱਖ ਆਪਣੇ ਰੁਝੇਵਿਆਂ ਅਤੇ ਖੁਸ਼ੀਆਂ ਦੌਰਾਨ ਇਨ੍ਹਾਂ ਬਾਰੇ ਬਹੁਤ ਚਿੰਤਕ ਨਹੀਂ ਰਹਿੰਦਾ। ਇਸ ਲਈ ਇਸ ਨੂੰ ਰੋਕਣ ਲਈ ਕੁਝ ਹੇਠਾਂ ਲਿਖੇ ਉਪਾਅ ਲਾਹੇਵੰਦ ਹਨ-

**3.15.1. ਪ੍ਰਸ਼ਾਸਨਿਕ ਕਦਮ:** ਜਿਵੇਂ ਕਿ ਅਸੀਂ ਹੋਰਾਂ ਪ੍ਰਕਾਰ ਦੇ ਪ੍ਰਦੂਸ਼ਣਾਂ ਪ੍ਰਤੀ ਵੀ ਇਹ ਕਿਹਾ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਨੂੰ ਇਨ੍ਹਾਂ ਸੰਬੰਧੀ ਕੁਝ ਕਾਰਗਰ ਕਦਮ ਪੁੱਟਣੇ ਚਾਹੀਦੇ ਹਨ ਕਿਉਂਕਿ ਮਨੁੱਖ ਸੁਆਰਥੀ ਹੈ। ਉਹ ਆਪਣੇ ਛੋਟੇ-ਮੋਟੇ ਆਨੰਦ ਲਈ ਦੂਸਰਿਆਂ ਨੂੰ ਪਹੁੰਚ ਰਹੀ ਤਕਲੀਫ ਨੂੰ ਪਹਿਲ ਦੇਂਦਾ ਹੈ। ਵੱਧਦੀ ਜਨਸੰਖਿਆ ਕਾਰਣ ਰੁਜ਼ਗਾਰ ਅਤੇ ਫਿਰ ਵਿਹਲੇ ਹੋ ਕੇ ਆਨੰਦ ਮਾਨਣ ਸਮੇਂ ਦੂਸਰਿਆਂ ਨੂੰ ਤਕਲੀਫ ਨਾ ਦੇਣ ਵਾਲਾ ਵਿਚਾਰ ਪ੍ਰੋਗਰਾਮ, ਵਿਆਹ ਪ੍ਰੋਗਰਾਮ ਅਤੇ ਦੀਵਾਲੀ ਵਾਲੀ ਰਾਤ ਪਟਾਕਿਆ ਦੇ ਚਲਾਉਣ ਤੇ ਲੋਕਲ ਪ੍ਰਸ਼ਾਸਨ ਵਲੋਂ ਰੋਕ ਲਗਾਈ ਜਾਣੀ ਚਾਹੀਦੀ ਹੈ।

**3.15.2. ਨੈਤਿਕ ਸਿੱਖਿਆ:** ਪ੍ਰਦੂਸ਼ਣ ਦੇ ਖਤਰਨਾਕ ਪ੍ਰਭਾਵਾਂ ਨੂੰ ਆਮ ਜਨਤਾ ਤੱਕ ਲਿਜਾਇਆ ਜਾਣਾ ਚਾਹੀਦਾ

ਹੈ ਤਾਂ ਜੋ ਉਹਨਾਂ ਨੂੰ ਇਨ੍ਹਾਂ ਦੀ ਮਹੱਤਤਾ ਅਤੇ ਕਾਰਣਾਂ ਬਾਰੇ ਪ੍ਰਤੱਖ ਗਿਆਨ ਹੋ ਸਕੇ। ਇਨਾਂ ਹੀ ਨਹੀਂ ਨੀਤੀ ਸ਼ਾਸ਼ਤਰ ਦਾ ਵਿਸ਼ਾ ਸਕੂਲ ਪੱਧਰ ਤੇ ਪੜ੍ਹਾਇਆ ਜਾਣਾ ਚਾਹੀਦਾ ਹੈ ਤਾਂ ਜੋ ਹਰ ਮਨੁੱਖ ਨੂੰ ਸੁਆਰਥਪਣੇ ਤੇ ਮਾਨਵਤਾ ਜਾਂ ਪਰਉਪਕਾਰ ਵੱਲ ਲਿਆਉਂਦੀ ਹੈ, ਉਸ ਨੂੰ ਸ਼ੁੱਧ ਅਤੇ ਸੰਪੂਰਣ ਮਨੁੱਖ ਬਣਾਉਂਦੀ ਹੈ। ਉਸ ਅੰਦਰ ਦੂਸਰਿਆਂ ਨੂੰ ਹੋ ਰਹੇ ਦਰਦ ਦਾ ਅਹਿਸਾਸ ਕਰਨਾ ਸਿਖਾਉਂਦੀ ਹੈ। ਅਜਿਹੀ ਨੈਤਿਕ ਸਿੱਖਿਆ ਨਾ ਕੇਵਲ ਹਵਾ ਪਾਣੀ ਮਿੱਟੀ ਅਤੇ ਧੁਨੀ ਪ੍ਰਦੂਸ਼ਣਾਂ ਨੂੰ ਰੋਕਣ ਵਿੱਚ ਸਹਾਈ ਹੈ ਬਲਕਿ ਮਨੁੱਖ ਨੂੰ ਹਰ ਖੇਤਰ ਵਿੱਚ ਇੱਕ ਸੰਪੂਰਣ ਮਨੁੱਖ ਬਣ ਕੇ ਰਹਿਣਾ ਸਿਖਾਉਂਦੀ ਹੈ। ਅਜਿਹੀਆਂ ਹੀ ਸਮੱਸਿਆਵਾਂ ਨੂੰ ਨਿਜੱਠਣਾ ਵਿਹਾਰਿਕ ਨੀਤੀ ਸ਼ਾਸ਼ਤਰ ਦਾ ਮੁੱਖ ਉਦੇਸ਼ ਹੈ।

**3.15.3. ਧਾਰਮਿਕ ਰੀਤਾਂ ਅਤੇ ਸਭਿਆਚਾਰ ਸੰਬੰਧੀ ਕਦਮ**: ਨੈਤਿਕ ਸਿੱਖਿਆ ਅਧੀਨ ਮਨੁੱਖ ਵਿੱਚ ਅੰਧ ਵਿਸ਼ਵਾਸ ਕਮਜ਼ੋਰ ਹੁੰਦਾ ਹੈ। ਉਹ ਅਧਿਆਤਮਕ ਵਿਸ਼ਵਾਸਾਂ ਤੋਂ ਜੀਵਨ ਦੀ ਲੋੜਾਂ ਦੇ ਨੇੜੇ ਹੁੰਦਾ ਹੈ। ਕਈ ਅਜਿਹੀਆਂ ਧਾਰਮਿਕ ਰੀਤਾਂ ਹਨ ਜੋ ਰੌਲੇ ਰੱਪੇ ਦਾ ਕਾਰਣ ਬਣਦੀਆਂ ਹਨ ਜਿਵੇਂ ਜਗਰਾਤੇ ਰਾਤ ਸਮੇਂ ਦੇ ਭੋਜਨ, ਦੀਵਾਨ, ਅਖੰਡ ਪਾਠ ਦਾ ਦਿਨ ਰਾਤ ਚਲਣਾ, ਮੰਦਰਾਂ ਗੁਰਦੁਆਰਿਆਂ ਵਿੱਚ ਸਵੇਰ ਸ਼ਾਮ ਦੇ ਧਾਰਮਿਕ ਗਾਣੇ ਨਗਰ ਕੀਤਰਨ, ਰਾਮ ਲੀਲਾ, ਦੁਸ਼ਹਿਰਾ ਆਦਿ। ਅਜਿਹੀਆਂ ਧਾਰਮਿਕ ਕਿਰਿਆਵਾਂ ਸੰਬੰਧੀ ਸਾਰੇ ਮਨੁੱਖਾਂ ਨੂੰ ਰਲ-ਮਿਲ ਕੇ ਫੈਸਲਾ ਕਰਨਾ ਚਾਹੀਦਾ ਹੈ। ਭਾਰਤ ਜਿਹੇ ਬਹੁ ਧਰਮ ਵਾਲੇ ਦੇਸ਼ ਵਿੱਚ ਅਜਿਹੀਆਂ ਰੀਤਾਂ ਹਰ ਧਰਮ ਨਾਲ ਸੰਬੰਧਿਤ ਹਨ। ਹਰ ਦਿਨ ਜਾਂ ਰਾਤ ਕਿਸੇ ਨਾ ਕਿਸੇ ਧਰਮ ਦਾ ਰੌਲਾ ਰੱਪਾ ਸਾਰੇ ਸਮਾਜ ਨੂੰ ਸਹਿਣਾ ਪੈਂਦਾ ਹੈ। ਇਸਤੋਂ ਇਲਾਵਾ ਕਈ ਸੱਭਿਆਚਾਰਕ ਪ੍ਰੋਗਰਾਮ ਵੀ ਦਿਨ ਜਾਂ ਰਾਤ ਸਮੇਂ ਕਰਵਾਏ ਜਾਂਦੇ ਹਨ। ਜਿੱਥੇ ਇਹ ਖਾਸ ਵਰਗ ਦੇ ਲੋਕਾਂ ਲਈ ਆਨੰਦ ਹੁੰਦੇ ਹਨ ਉੱਥੇ ਹੀ ਬਹੁਤਿਆਂ ਲਈ ਸਿਰ ਦਰਦੀ ਹਨ। ਅਜਿਹੇ ਪ੍ਰੋਗਰਾਮ ਤੇ ਵੀ ਰੋਕ ਲਗਾਈ ਜਾਣੀ ਚਾਹੀਦੀ ਹੈ।

**3.15.4. ਉਦਯੋਗਿਕ ਰੋਕਥਾਮ**: ਉਦਯੋਗ ਹਵਾ, ਪਾਣੀ ਵਾਂਗ ਧੁਨੀ ਪ੍ਰਦੂਸ਼ਣ ਵੀ ਕਰਦੇ ਹਨ। ਭਾਰ ਹਰ ਪੱਖੋਂ ਇਹ ਨੁਕਸਾਨਦੇਹ ਹਨ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਨੂੰ ਸਰਕਾਰੀ ਨਿਰਦੇਸ਼ ਅਧੀਨ ਆਮ ਸਮਾਜ ਤੋਂ ਦੂਰ ਬਦਲਣਾ ਚਾਹੀਦਾ ਹੈ। ਇਨ੍ਹਾਂ ਵਿੱਚ ਪ੍ਰੈਸ ਕਰਨ ਵਾਲੀਆਂ ਮਸ਼ੀਨਾਂ ਦੀ ਧਮਕ ਹਰ ਮਨੁੱਖ ਦੇ ਦਿਲ ਅਤੇ ਦਿਮਾਗ ਲਈ ਬਹੁਤ ਖਤਰਨਾਕ ਹੈ। ਉਂਞ ਸਰਕਾਰ ਨੇ ਕਾਫੀ ਸ਼ਹਿਰਾਂ ਵਿੱਚੋਂ ਫੋਕਲ ਪੁਆਇੰਟ ਬਣਾਏ ਹਨ ਪਰ ਇਨ੍ਹਾਂ ਸਭ ਨਾ-ਕਾਫੀ ਹੈ। ਲੁਧਿਆਣਾ, ਅੰਮ੍ਰਿਤਸਰ, ਦਿੱਲੀ, ਮੁੰਬਈ ਵਰਗੇ ਸ਼ਹਿਰਾਂ ਵਿੱਚ ਹਾਲੇ ਵੀ ਕਈ ਪ੍ਰਕਾਰ ਦੀਆਂ ਛੋਟੀਆਂ ਅਤੇ ਵੱਡੀਆਂ ਫੈਕਟਰੀਆਂ ਚਲ ਰਹੀਆਂ ਹਨ। ਇਸ ਕਾਰਣ ਭਾਰਤੀ ਲੋਕਾਂ ਵਿੱਚ ਚਿੜਚਿੜਾਹਟ ਅਤੇ ਮਾਨਸਿਕ ਤਨਾਅ ਵੱਧ ਰਿਹਾ ਹੈ।

**3.15.5. ਸਲੀਕੇ**: ਰੌਲੇ ਰੱਪੇ ਸੰਬੰਧੀ ਨੈਤਿਕ ਸਿੱਖਿਆ ਤੋਂ ਇਲਾਵਾ ਸਮਾਜ ਦੇ ਲੋਕਾਂ ਨੂੰ ਤੌਰੇ ਤਰੀਕੇ ਜਾਂ ਸਲੀਕੇ ਵੀ ਸਿਖਾਉਣੇ ਚਾਹੀਦੇ ਹਨ। ਟੀ.ਵੀ. ਅਤੇ ਰੇਡੀਓ ਦੀ ਆਵਾਜ਼ ਉੱਚੀ ਰੱਖਣਾ, ਜਨਤਕ ਥਾਵਾਂ ਅਤੇ ਬੱਸਾਂ ਵਿੱਚ ਮੁਬਾਇਲ ਫੋਨ ਤੇ ਉੱਚੀ-ਉੱਚੀ ਗੱਲਾਂ ਕਰਨਾ, ਛੋਟੀ-ਮੋਟੀ ਗੱਲ ਤੇ ਲੜਣਾ ਅਤੇ ਉੱਚੀ-ਉੱਚੀ ਗਾਲਾ ਕੱਢਣਾ, ਦੁਸ਼ਹਿਰਾ, ਦੀਵਾਲੀ ਅਤੇ ਹੋਰ ਰਾਤਾਂ ਸਮੇਂ ਦੇਰ ਰਾਤ ਤੱਕ ਵੱਡੇ-ਵੱਡੇ ਪਟਾਕੇ ਚਲਾਉਣਾ, ਗੁਆਂਢੀਆਂ ਨੂੰ ਦੁਖੀ ਕਰਨ ਲਈ ਪਟਾਕੇ ਦੇਰ ਰਾਤ ਤੱਕ ਚਲਾਉਣਾ, ਬਸੰਤ ਰੁੱਤ ਸਮੇਂ ਘਰ ਦੀ ਛੱਤ ਉੱਪਰ ਉੱਚੀ-ਉੱਚੀ ਸਾਰਾ ਦਿਨ ਸੰਗੀਤ ਵਜਾਉਣਾ, ਵਿਆਹ ਸ਼ਾਦੀਆਂ ਦੇ ਮੌਕੇ ਤੇ ਦੇਰ ਰਾਤ ਤੱਕ ਨੱਚਦੇ ਰਹਿਣਾ, ਜਨਤਕ ਸੰਸਥਾਵਾਂ, ਦਫ਼ਤਰਾਂ ਆਦਿ ਵਿੱਚ ਉੱਚੀ ਬੋਲਣਾ ਆਦਿ ਸਭ ਮਨੁੱਖ ਦੇ ਆਪਣੇ ਹੀ ਬਣਾਏ ਗੈਰ-ਸਲੀਕ ਹਨ ਜਿਨ੍ਹਾਂ ਨੂੰ ਸੁਧਾਰ ਲੈਣਾ ਉਹਨਾਂ ਦੀ ਸ਼ਖ਼ਸੀਅਤ ਵੀ ਨਿਖਾਰਦਾ ਹੈ ਅਤੇ ਨਾਲ ਹੀ ਧੁਨੀ ਪ੍ਰਦੂਸ਼ਣ ਵੀ ਰੋਕਦਾ ਹੈ।

**3.15.6. ਆਵਾਜਾਈ ਦੇ ਸਾਧਨ ਸੰਬੰਧੀ**: ਗੱਡੀਆਂ ਅਤੇ ਮੋਟਰਕਾਰਾਂ ਵੀ ਧੁਨੀ ਪ੍ਰਦੂਸ਼ਣ ਵਿੱਚ ਖ਼ੂਬ ਹਿੱਸਾ ਪਾਉਂਦੀਆਂ ਹਨ। ਜਿਉਂ ਹੀ ਜਨਸੰਖਿਆ ਵੱਧਣ ਲੱਗੀ ਹੈ ਇਨ੍ਹਾਂ ਮੋਟਰ ਗੱਡੀਆਂ ਦੀ ਗਿਣਤੀ ਵਿੱਚ ਅਥਾਹ ਵਾਧਾ ਹੋ ਗਿਆ ਹੈ। ਵਿਗਿਆਨ ਅਤੇ ਤਕਨੀਕ ਨੇ ਤਾਂ ਇਸ ਦੀ ਵਰਤੋਂ ਨੂੰ ਖਤਰਨਾਕ ਪੱਧਰ ਤੱਕ ਲੈ ਆਂਦਾ ਹੈ। ਵੱਧ ਲੋਕ, ਵੱਧ ਗੱਡੀਆਂ ਅਤੇ ਵੱਧ ਰੌਲਾ-ਰੱਪਾ। ਇਨ੍ਹਾਂ ਹੀ ਨਹੀਂ ਇੱਕ ਵਿਅਕਤੀ ਕੋਲ ਚਾਰ-ਚਾਰ ਵਾਹਨ ਹਨ। ਇਸ ਤੋਂ ਇਲਾਵਾ ਪੁਰਾਣੀਆਂ, ਭਾਰੀ ਡੀਜ਼ਲ ਨਾਲ ਚੱਲਣ ਵਾਲੀਆਂ ਅਤੇ ਢੋਆ-ਢੁਆਈ ਵਾਲੀਆਂ ਗੱਡੀਆਂ ਜ਼ਿਆਦਾ ਸ਼ੋਰ

ਮਚਾਉਂਦੀਆਂ ਹਨ। ਹਾਰਨ ਦਾ ਬਿਨਾਂ ਕਾਰਣ ਪ੍ਰਯੋਗ ਅਤੇ ਇਸ ਤੋਂ ਇਲਵਾਾ ਅੱਜ ਕੱਲ ਪ੍ਰੈਸ਼ਰ ਹਾਰਨ ਦਾ ਪ੍ਰਯੋਗ ਸੜਕਾਂ ਤੇ ਚਲ ਰਹੇ ਮਨੁੱਖਾਂ ਦੇ ਕੰਨਾਂ ਲਈ ਬਹੁਤ ਜ਼ਿਆਦਾ ਖਤਰਨਾਕ ਹੈ। ਸੜਕਾਂ ਘੱਟ ਚੌੜੀਆਂ, ਵਾਹਨ ਜ਼ਿਆਦਾ ਅਤੇ ਸਮੇਂ ਦੀ ਘਾਟ ਕਾਰਣ ਲੋਕ ਪ੍ਰੈਸਰ ਅਤੇ ਉੱਚੀ ਹੋਰਨਾ ਦਾ ਪ੍ਰਯੋਗ ਕਰਦੇ ਹਨ। ਕਈ ਲੋਕ ਇੱਕ ਦੂਸਰੇ ਨੂੰ ਬੁਲਾਉਣ ਅਤੇ ਕੁੜੀਆਂ ਵੇਖ ਕੇ ਹੀ ਹਾਰਨ ਵਜਾਉਂਦੇ ਹਨ। ਕਈ ਦੇਸ਼ਾਂ ਵਿੱਚ ਹਾਰਨ ਵਜਾਉਣਾ ਦੂਸਰੇ ਨੂੰ ਗਾਲਾਂ ਕੱਢਣ ਦੇ ਸਮਾਨ ਜਾਪਦਾ ਹੈ।

**3.15.7. ਆਵਾਜ਼ ਸੋਖਣ ਵਾਲੇ ਯੰਤਰਾਂ ਦਾ ਪ੍ਰਯੋਗ:** ਕਈ ਖੇਤਰਾਂ ਵਿੱਚ ਕਈ ਮਸ਼ੀਨਾਂ ਜਾਂ ਗੱਡੀਆਂ ਦਾ ਇਸਤੇਮਾਲ ਵਾਕਾਇ ਹੀ ਜ਼ਰੂਰੀ ਹੈ ਪਰ ਉਹਨਾਂ ਰਾਹੀਂ ਪੈਦਾ ਕੀਤੇ ਜਾਂਦੇ ਰੌਲੇ-ਰੱਪੇ ਨੂੰ ਰੋਕਣ ਲਈ ਉਹਨਾਂ ਵਿੱਚ ਆਵਾਜ਼ ਦੀ ਤੀਬਰਤਾ ਨੂੰ ਘਟਾਉਣ ਵਾਲੇ ਬਣੇ ਯੰਤਰਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਜਿਵੇਂ ਸਕੂਟਰ, ਮੋਟਰ ਸਾਈਕਲ ਅਤੇ ਹੋਰਾਂ ਵਾਹਨਾਂ ਵਿੱਚ ਆਵਾਜ਼ ਨੂੰ ਘਟਾਉਣ ਲਈ ਸਾਇਲੈਂਸਰ (Silencer) ਲੱਗਾ ਹੁੰਦਾ ਹੈ। ਸਕੂਟਰ ਦੇ ਇੰਜਣ ਦੀ ਆਵਾਜ਼ ਇੱਕ ਏਅਰ ਜੈਟ ਦੇ ਸਮਾਨ ਹੈ ਪਰ ਉਸ ਵਿੱਚ ਲੱਗਾ ਇੱਕ ਵੱਡਾ ਸਾਇਲੈਂਸਰ ਸਾਰੀ ਆਵਾਜ਼ ਨੂੰ ਸੋਖ ਲੈਂਦਾ ਹੈ।

**3.15.8. ਸਰਕਾਰੀ ਕਾਨੂੰਨ:** ਮਨੁੱਖ ਸੁਆਰਥੀ ਹੈ, ਇਸ ਲਈ ਉਸ ਨੂੰ ਆਪਣੇ ਕਿਸੇ ਇੱਕ ਛੋਟੇ ਮੋਟੇ ਸੁੱਖ ਲਈ ਦੂਸਰਿਆਂ ਨੂੰ ਲੰਮੇ ਸਮੇਂ ਦੇ ਦੁੱਖ ਪਹੁੰਚਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਾਨੂੰਨ ਬਣਾਏ ਕਿ ਕੋਈ ਰਾਤ 10 ਵਜੇ ਤੋਂ ਬਾਅਦ ਕਿਸੇ ਵੀ ਪ੍ਰਕਾਰ ਦਾ ਸਪੀਕਰ ਪ੍ਰਯੋਗ ਨਹੀਂ ਕਰੇਗਾ। ਦੀਵਾਲੀ ਅਤੇ ਦੁਸ਼ਹਿਰੇ ਵਾਲੀ ਰਾਤ ਕੋਈ ਵੀ 10 ਵਜੇ ਤੋਂ ਬਾਅਦ ਪਟਾਕੇ ਨਹੀਂ ਚਲਾਏ ਅਤੇ ਨਾ ਹੀ ਇਨ੍ਹਾਂ ਤਿਉਹਾਰਾਂ ਤੋਂ ਇਲਾਵਾ ਕਿਸੇ ਹੋਰ ਦਿਨ ਜਾਂ ਰਾਤ। ਸ਼ਹਿਰ ਵਿੱਚ ਗੱਡੀਆਂ ਦੇ ਹਾਰਨ ਦੇ ਪ੍ਰਯੋਗ ਤੇ ਮਨਾਹੀਂ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਪ੍ਰੈਸ਼ਰ ਹਾਰਨ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਹੀ ਕਾਫੀ ਨਹੀਂ ਸਰਕਾਰ ਨੂੰ ਇਨ੍ਹਾਂ ਸਬੰਧੀ ਬਣਾਉਣ ਵਾਲੇ ਕਾਨੂੰਨ ਦੀ ਪਾਲਣਾ ਤੇ ਵੀ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਜਾਂ ਸਜਾਵਾਂ ਦਾ ਡਰ ਮਨੁੱਖ ਨੂੰ ਮਨੁੱਖ ਬਣੇ ਰਹਿਣ ਵਿੱਚ ਮਦਦ ਕਰੇਗਾ।

**3.16 ਸਿੱਟਾ:**

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਧੁਨੀ ਪ੍ਰਦੂਸ਼ਣ ਕੇਵਲ ਇੱਕ ਵਾਤਾਵਰਣ ਦੀ ਸਮੱਸਿਆ ਹੀ ਨਹੀਂ ਹੈ ਬਲਕਿ ਮਨੁੱਖ ਦੇ ਸੁਆਰਥਪੁਣੇ ਅਤੇ ਬੁੱਧੀ ਦਾ ਪ੍ਰਗਟਾਵਾ ਵੀ ਹੈ। ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਦੀ ਤਰ੍ਹਾਂ ਮਨੁੱਖ ਆਪਣੇ ਕਿਸੇ ਛੋਟੇ ਮੋਟੇ ਸੁੱਖ ਲਈ ਆਪਣੇ ਸੰਪੂਰਣ ਜੀਵਨ ਅਤੇ ਜੀਵਨ ਦੀ ਸੱਤਾ ਨੂੰ ਨਸ਼ਟ ਕਰ ਰਿਹਾ ਹੈ। ਇਕ ਪਾਸੇ ਸੰਗੀਤ ਰਾਹੀਂ ਮਾਨਸਿਕ ਤਨਾਅ ਘਟਾ ਰਿਹਾ ਹੈ, ਦੂਸਰੇ ਪਾਸੇ ਅਜਿਹੀ ਹੀ ਪ੍ਰਕ੍ਰਿਆ ਕਰਦੇ ਹੋਰ ਮਨੁੱਖ ਉਸ ਦੇ ਮਾਨਸਿਕ ਤਨਾਅ ਨੂੰ ਵਧਾ ਰਹੇ ਹਨ। ਮਨੁੱਖ ਨੂੰ ਮਾਨਸਿਕ ਤਨਾਅ ਅਤੇ ਹੋਰਾ ਬਿਮਾਰੀਆਂ ਤੋਂ ਬਚਣ ਲਈ ਇਨ੍ਹਾਂ ਪ੍ਰਦੂਸ਼ਣਾਂ ਤੇ ਪੂਰਾ ਧਿਆਨ ਦੇਣਾ ਪਵੇਗਾ। ਇਨ੍ਹਾਂ ਹੀ ਨਹੀਂ ਖੁਦ ਵਿਅਕਤੀਗਤ ਤੌਰ ਤੇ ਇਨ੍ਹਾਂ ਨੂੰ ਘਟਾਉਣ ਲਈ ਜੀਵਨ ਭਰ ਦੀਆਂ ਚੰਗੀਆਂ ਆਦਤਾਂ ਪਾਉਣੀਆਂ ਪੈਣਗੀਆਂ। ਅਜਿਹਾ ਉਸ ਦੇ ਅਸਤਿਤਵ ਨੂੰ ਹੀ ਨਹੀਂ ਬਚਾਏਗਾ ਬਲਕਿ ਉਸ ਨੂੰ ਇੱਕ ਸੰਪੂਰਣ ਮਨੁੱਖ ਦੀ ਪਰਿਭਾਸ਼ਾ ਵੀ ਸਮਝਾਏਗਾ। ਦੇਰ ਹੋਣ ਵਾਲੀ ਨਹੀਂ ਹੋ ਚੁੱਕੀ।

**3.17 ਮਹੱਤਵਪੂਰਨ ਸ਼ਬਦ**

**ਪਾਣੀ ਪ੍ਰਦੂਸ਼ਣ (Water Pollution)**

ਹਰੇਕ ਜੀਵ ਦੇ ਜ਼ਿੰਦਾ ਰਹਿਣ ਲਈ ਪਾਣੀ ਪਹਿਲੀ ਸ਼ਰਤ ਹੈ। ਮਨੁੱਖ ਦੇ ਸ਼ਰੀਰ ਦਾ ਸੱਤਰ ਪ੍ਰਤੀਸ਼ਤ ਭਾਰ ਪਾਣੀ ਹੈ। ਪ੍ਰਦੂਸ਼ਿਤ ਪਾਣੀ ਤੋਂ ਭਾਵ ਪਾਣੀ ਦੀ ਸਪਲਾਈ ਵਿਚ ਪ੍ਰਾਕ੍ਰਿਤਕ ਜਾਂ ਦੂਸਰੇ ਸਾਧਨਾਂ ਦੁਆਰਾ ਸ਼ਾਮਲ ਗੈਰ ਤੱਤਾਂ ਦੀ ਮੌਜੂਦਗੀ ਹੈ। ਪਾਣੀ ਨੂੰ ਪ੍ਰਦੂਸ਼ਤ ਕਰਨ ਵਾਲੇ ਤੱਤ ਪ੍ਰਾਕ੍ਰਿਤਕ ਪਾਣੀ ਪ੍ਰਦੂਸ਼ਤ ਤੱਤ ਜਾਂ ਮਾਨਵੀ ਪਾਣੀ ਪ੍ਰਦੂਸ਼ਤ ਤੱਤ ਹੋ ਸਕਦੇ ਹਨ। ਪ੍ਰਾਕ੍ਰਿਤੀ ਦੀਆਂ ਕਈ ਕਿਰਿਆਵਾਂ ਜਿਵੇਂ ਮਿਟੀ ਦਾ ਵੱਖ ਹੋਣਾ, ਚਟਾਨਾਂ ਡਿੱਗਣੀਆਂ, ਸਮੁੰਦਰੀ ਤੱਟਾਂ ਦਾ ਵੱਖ ਹੋਣਾ, ਜੁਵਾਲਾਮੁੱਖੀ ਦਾ ਫਟਣਾ ਜਾਂ ਪੌਦਿਆਂ ਜਾਂ ਜਾਨਵਰਾਂ ਦਾ ਪਤਨ ਹੋਣਾ ਸ਼ਾਮਲ ਹੈ। ਉਦਯੋਗਿਕ ਪ੍ਰਦੂਸ਼ਤ ਤੱਤ ਕੀਟਨਾਸ਼ਕ ਦਵਾਈਆਂ, ਸੀਵਰੇਜ, ਪਾਣੀ ਦਾ ਦੁਰਉਪਯੋਗ ਮਰਿਆਂ ਦੀਆਂ ਹੱਡੀਆਂ ਦਾ

ਨਦੀਆਂ ਵਿਚ ਪਰਵਾਹ ਕਰਨਾ ਅਤੇ ਸ਼ਰਧਾਲੂਆਂ ਦਾ ਇਸ਼ਨਾਨ ਕਰਨਾ ਕੁਝ ਅਜਿਹੇ ਤੱਤ ਹਨ ਜੋ ਪਾਣੀ ਨੂੰ ਪ੍ਰਦੂਸ਼ਤ ਕਰਦੇ ਹਨ।

**ਧੁਨੀ ਪ੍ਰਦੂਸ਼ਣ ਦੇ ਸਰੋਤ ਅਤੇ ਰੋਕਥਾਮ** :- ਧੁਨੀ ਪ੍ਰਦੂਸ਼ਣ ਵਿਚ ਧੁਨੀ ਪ੍ਰਦੂਸ਼ਣ ਦੇ ਸਰੋਤਾਂ ਵਿਚ ਬੱਦਲਾਂ ਦਾ ਗਰਜਣਾ, ਤੇਜ਼ ਹਵਾ ਦਾ ਚਲਣਾ, ਤੂਫਾਨ, ਗੜੇ ਪੈਣੇ, ਝਰਨੇ, ਜੰਗਲੀ ਜਾਨਵਰਾਂ ਦੀਆਂ ਤੀਬਰਤਾ ਵਾਲੀਆਂ ਅਵਾਜ਼ਾਂ ਜਿਵੇਂ ਸ਼ੇਰ ਦਾ ਗਰਜਣਾ, ਬਾਂਦਰਾਂ ਦਾ ਚੀਕਣਾ, ਕੁਤਿਆਂ ਦਾ ਭੌਂਕਣਾ ਆਦਿ ਸ਼ੋਰ ਧੁਨੀ ਪ੍ਰਦੂਸ਼ਣ ਕਰਦੇ ਹਨ। ਖੇਤਾਂ ਵਿਚ ਟਰੈਕਟਰਾਂ ਦਾ ਚਲਣਾ, ਮਸ਼ੀਨਾਂ ਚਲਾਉਣੀਆਂ, ਟਰਾਲੀਆਂ ਦੀ ਅਵਾਜ਼ਾਂ ਆਦਿ ਸ਼ਾਮਿਲ ਹਨ। ਆਟੋ ਗੱਡੀਆਂ, ਰਾਕਟ, ਰੇਹੜੀ ਮਾਰਕੀਟ, ਬੰਦੂਕਾਂ ਤੋਪਾਂ ਅਤੇ ਧਮਾਕੇ, ਤਿਉਹਾਰ, ਪੂਜਾ-ਪਾਠ, ਰਾਤ ਦੇ ਵਿਆਹ, ਜਗਰਾਤੇ, ਟੀ.ਵੀ. ਅਤੇ ਟੇਪ ਰੀਕਾਰਡਰ ਦੀ ਉੱਚੀ ਅਵਾਜ਼, ਮੋਬਾਈਲ ਫੋਨ, ਲੰਬੇ ਹਾਰਨ ਮਾਰਨਾ, ਦਿਵਾਲੀ ਦੇ ਸਮੇਂ ਪਟਾਕਿਆਂ ਦੀਆਂ ਅਵਾਜ਼ਾਂ ਆਦਿ ਧੁਨੀ ਪ੍ਰਦੂਸ਼ਣ ਕਰਦੇ ਹਨ। ਪ੍ਰਸ਼ਾਸਨਿਕ ਕਦਮ, ਨੈਤਿਕ ਸਿਖਿਆ, ਧਾਰਮਿਕ ਰਿਵਾਜ, ਉਦਯੋਗਿਕ ਰੋਕਥਾਮ, ਵਿਵਹਾਰ ਅਤੇ ਸ਼ਿਸ਼ਟਾਚਾਰ ਧੁਨੀ ਪ੍ਰਦੂਸ਼ਤ ਯੰਤਰ ਦਾ ਪ੍ਰਯੋਗ ਸਰਕਾਰੀ ਕਾਨੂੰਨ ਆਦਿ ਨੂੰ ਇਸ ਦੇ ਰੋਕਥਾਮ ਕਰਨ ਵਿਚ ਮਦਦ ਕਰਦੇ ਹਨ।

**ਆਪਣੇ ਗਿਆਨ ਦੀ ਜਾਂਚ ਕਰੋ** :

(1) ਹਵਾ ਪ੍ਰਦੂਸ਼ਣ ਦੇ ਕੀ ਕਾਰਨ ਹਨ? ਅਤੇ ਉਹ ਕਿਹੜੇ ਉਪਾਅ ਹਨ ਜਿਸ ਰਾਹੀਂ ਤੁਸੀਂ ਪ੍ਰਦੂਸ਼ਣ ਦੀ ਜਾਂਚ ਕਰ ਸਕਦੇ ਹੋ ?

________________________________________________________________
________________________________________________________________
________________________________________________________________
________________________________________________________________

(2) ਪਾਣੀ ਪ੍ਰਦੂਸ਼ਣ ਤੋਂ ਤੁਹਾਡਾ ਕੀ ਭਾਵ ਹੈ? ਅਤੇ ਪਾਣੀ ਪ੍ਰਦੂਸ਼ਿਤ ਕਿਵੇਂ ਹੁੰਦਾ ਹੈ ?

________________________________________________________________
________________________________________________________________
________________________________________________________________
________________________________________________________________

(3) ਧੁਨੀ ਪ੍ਰਦੂਸ਼ਣ ਕਿਵੇਂ ਹੁੰਦਾ ਹੈ? ਅਤੇ ਅਜਿਹੇ ਪ੍ਰਦੂਸ਼ਣ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ?

________________________________________________________________
________________________________________________________________
________________________________________________________________
________________________________________________________________

## 3.18 ਪਾਠ ਸੰਬੰਧਿਤ ਪ੍ਰਸ਼ਨ (Textual Questions)

1. ਧੁਨੀ ਅਤੇ ਸ਼ੋਰ ਵਿੱਚ ਅੰਤਰ ਕਰੋ?
2. ਧੁਨੀ ਪ੍ਰਦੂਸ਼ਣ ਕਿਵੇਂ ਹੁੰਦਾ ਹੈ।
3. ਧੁਨੀ ਪ੍ਰਦੂਸ਼ਣ ਕਿਹੜੇ ਪ੍ਰਭਾਵ ਪਾਉਂਦਾ ਹੈ।
4. ਧੁਨੀ ਪ੍ਰਦੂਸ਼ਣ ਕਿਵੇਂ ਰੋਕਿਆ ਜਾ ਸਕਦਾ ਹੈ?

## 3.19 ਵਧੇਰੇ ਸਮੱਗਰੀ ਲਈ ਕਿਤਾਬਾਂ ਦੀ ਸੂਚੀ :

1. Chahal Dr. Surjit Kaur : Environment and The Moral Life, Towards a new paradigm, Ashish Publishing House, New Delhi 1994.
2. Chandana, R.C. Environmental Awareness, Kalyani Publishers, Ludhiana, 1996.
3. Savinder Singh: Environment Geogrpahy, Prayag Pustak Bhawan, Allahabad.

ਪਾਠ ਨੰ: **1.4** ਲੇਖਕ : ਡਾ. ਰਾਜਬਾਲਾ ਸੇਖੋਂ

## ਵਾਤਾਵਰਣੀ ਖਤਰੇ : ਪਾਣੀ, ਹਵਾ ਅਤੇ ਧੁਨੀ ਪ੍ਰਦੂਸ਼ਣ

ਬਣਤਰ


4.0 ਉਦੇਸ਼

4.1 ਪ੍ਰਦੂਸ਼ਣ

4.2 ਪਰਿਭਾਸ਼ਾਵਾਂ

4.3 ਪ੍ਰਦੂਸ਼ਣ ਤੱਤ

4.4 ਵਾਤਾਵਰਣ

4.5 ਅਰਥ

4.6 ਵਾਤਾਵਰਣ ਦੇ ਅੰਗ

- 4.6.1 ਪਦਾਰਥਕ ਜਾਂ ਅਜੈਵਿਕ
- 4.6.2 ਜੈਵਿਕ (Biotic)
- 4.6.3 ਊਰਜਾ (Energy)
- 4.6.1 ਪਦਾਰਥਕ ਜਾਂ ਅਜੈਵਿਕ
  - 4.6.1.1 ਥਲਮੰਡਲ
  - 4.6.1.2 ਜਲਮੰਡਲ
  - 4.6.1.3 ਜੀਵਮੰਡਲ
- 4.6.2 ਜੈਵਿਕ
- 4.6.3 ਊਰਜਾ

4.7 ਪ੍ਰਸਥਿਤੀ-ਵਿਗਿਆਨ

4.8 ਅਰਥ

4.9 ਪਰਿਭਾਸ਼ਾਵਾਂ

4.10 ਉਦੇਸ਼ ਅਤੇ ਖੇਤਰ

- 4.10.1 ਪ੍ਰਸਥਿਤੀ ਵਿਗਿਆਨ ਜੀਵਾਂ ਅਤੇ ਉਹਨਾਂ ਨਾਲ ਸੰਬੰਧਿਤ ਵਾਤਾਵਰਣ ਵਿਚਕਾਰ ਆਪਸੀ ਸੰਬੰਧਾਂ ਦਾ ਵਿਗਿਆਨ ਹੈ
- 4.10.2 ਇਹ ਸੰਪੂਰਣ ਸਮਾਜ ਅਤੇ ਹੋਰ ਕਈ ਵਿਸ਼ਿਆਂ ਨਾਲ ਸੰਬੰਧਤ ਹੈ
- 4.10.3 ਇਹ ਵਾਤਾਵਰਣ ਵਿੱਚ ਸੰਤੁਲਨ ਅਤੇ ਏਕਤਾ ਦਾ ਅਧਿਐਨ ਕਰਦਾ ਹੈ
- 4.10.4 ਇਹ ਵਿਗਿਆਨਤਮਕ ਅਤੇ ਆਦਰਸ਼ਾਤਮਕ ਦੋਵੇਂ ਹੈ
- 4.10.5 ਇਹ ਵਾਤਾਵਰਣ ਸੰਬੰਧੀ ਸਮੱਸਿਆਵਾਂ ਦੇ ਹੱਲ ਨਾਲ ਵੀ ਸੰਬੰਧਿਤ ਹੈ
- 4.10.6 ਇਹ ਜੀਵਾਂ ਦੇ ਆਪਣੇ ਅਸਤਿੱਤਵ ਲਈ ਸੰਘਰਸ਼ ਦਾ ਵਿਗਿਆਨ ਹੈ
- 4.10.7 ਪ੍ਰਦੂਸ਼ਣ ਸੰਬੰਧੀ ਸਹਾਇਕ
- 4.10.8 ਪ੍ਰਸਥਿਤੀ-ਪ੍ਰਣਾਲੀ ਨਾਲ ਸਹਾਇਕ
- 4.10.9 ਜਨ-ਸੰਖਿਆ, ਕੌਮ ਅਤੇ ਜੀਵ-ਮੰਡਲ
- 4.10.10 ਕੁਦਰਤੀ ਸੰਭਾਲ ਅਤੇ ਵਾਤਾਵਰਣ ਪ੍ਰਬੰਧ

4.11 ਪ੍ਰਸਥਿਤੀ ਪ੍ਰਣਾਲੀ
4.12 ਅਰਥ
4.13 ਪਰਿਭਾਸ਼ਾਵਾਂ
4.14 ਪ੍ਰਸਥਿਤੀ-ਪ੍ਰਣਾਲੀ ਬਣਾਉਣ ਵਾਲੇ ਤੱਤ:
 4.14.1 ਊਰਜਾ ਤੱਤ
 4.14.2 ਜੈਵਿਕ ਤੱਤ ਜਾਂ ਬਾਇਉਮ
  4.14.2.1 ਉਤਪਾਦਕ
  4.14.2.2 ਖਪਤਕਾਰ ਜਾਂ ਉਪਭੋਗੀ
 4.14.3 ਅਜੈਵਿਕ ਤੱਤ ਜਾਂ ਹੈਬੀਟੈਟ
  4.14.3.1 ਭੌਤਿਕ ਤੱਤ
  4.14.3.2 ਨਿਰਜੀਵ ਪਦਾਰਥ
  4.14.3.3 ਜੀਵ ਪਦਾਰਥ
4.15 ਬਾਇਓਮ
4.16 ਪ੍ਰਸਥਿਤੀ-ਪ੍ਰਣਾਲੀ ਦੇ ਗੁਣ
4.17 ਪ੍ਰਸਥਿਤੀ-ਪ੍ਰਣਾਲੀ ਦੀਆਂ ਕਿਸਮਾਂ:
 4.17.1 ਕੁਦਰਤੀ ਪ੍ਰਸਥਿਤੀ-ਪ੍ਰਣਾਲੀਆਂ
  4.17.1.1 ਜਲ ਪ੍ਰਸਥਿਤੀ ਪ੍ਰਣਾਲੀਆਂ
  4.17.1.2 ਥਲੀ ਪ੍ਰਸਥਿਤੀ ਪ੍ਰਣਾਲੀਆਂ
 4.17.2 ਮਨੁੱਖ ਰਾਹੀਂ ਬਣਾਈਆਂ ਪ੍ਰਸਥਿਤੀ ਪ੍ਰਣਾਲੀਆਂ
4.18 ਜੀਵ-ਮੰਡਲ
4.19 ਅਰਥ
4.20 ਪਰਿਭਾਸ਼ਾਵਾਂ
4.21 ਜੀਵ ਮੰਡਲ ਨੂੰ ਬਣਾਉਣ ਵਾਲੇ ਤੱਤ:
 4.21.1 ਜੈਵਿਕ ਤੱਤ
  4.21.1.1 ਪੌਦੇ
  4.21.1.2 ਪਸ਼ੂ
  4.21.1.3 ਜੀਵ-ਜੰਤੂ
 4.21.2 ਅਜੈਵਿਕ ਤੱਤ
  4.21.2.1 ਥਲ-ਮੰਡਲੀ
  4.21.2.2 ਵਾਯੂ-ਮੰਡਲੀ
  4.21.2.3 ਜਲ-ਮੰਡਲੀ
 4.21.3 ਊਰਜਾ ਤੱਤ
4.22 ਜੀਵ ਮੰਡਲ ਸੰਬੰਧੀ ਨੈਤਿਕ ਆਧਾਰਾਂ ਦੀ ਲੋੜ
4.23 ਮਹੱਤਵਪੂਰਨ ਸ਼ਬਦ
4.24 ਪਾਠ ਸੰਬੰਧਿਤ ਪ੍ਰਸ਼ਨ
4.25 ਵਧੇਰੇ ਸਮੱਗਰੀ ਲਈ ਕਿਤਾਬਾਂ ਦੀ ਸੂਚੀ

**4.0 ਉਦੇਸ਼**

ਇਸ ਅਧਿਆਇ ਰਾਂਹੀ ਅਸੀਂ ਦੇਖਾਂਗੇ ਕਿ ਪਾਣੀ ਹਵਾ ਤੇ ਧੁਨੀ ਕਿਵੇਂ ਪ੍ਰਦੂਸ਼ਤ ਹੁੰਦੀ ਹੈ। ਪ੍ਰਦੂਸ਼ਤ ਤੱਤ ਕਿਹੜੇ ਕਿਹੜੇ ਹਨ। ਮਨੁੱਖ ਦੇ ਜੀਵਨ ਲਈ ਇਹ ਕਿੰਨ੍ਹੇ ਜ਼ਰੂਰੀ ਹਨ। ਇਸ ਲਈ ਇਹਨਾਂ ਦੀ ਰੋਕਥਾਮ ਕਿੰਨ੍ਹੀ ਜ਼ਰੂਰੀ ਹੈ। ਮਨੁੱਖ ਤੋਂ ਬਿਨ੍ਹਾਂ ਪਸ਼ੂਆਂ ਅਤੇ ਦੂਜੇ ਜੀਵ-ਜੰਤੂਆਂ ਲਈ ਸਾਫ਼ ਵਾਤਾਵਰਣ ਜ਼ਰੂਰੀ ਹੈ। ਵਾਤਾਵਰਣ ਨੀਤੀ ਸ਼ਾਸਤਰ ਦਾ ਉਦੇਸ਼ ਵਾਤਾਵਰਣ ਨੂੰ ਬਚਾਉਣਾ। ਖ਼ਾਸ ਕਰਕੇ ਮਨੁੱਖ ਦੀਆਂ ਸੁਆਰਥਵਾਦੀ ਰੁੱਚੀਆਂ ਤੋਂ ਇਹਨਾਂ ਦਾ ਕੁਦਰਤੀ ਰੂਪ ਵਿਚ ਬਣੇ ਰਹਿਣਾ ਜੀਵਾਂ ਲਈ ਲਾਭਦਾਇਕ ਹੈ।

ਵਾਤਾਵਰਣ ਮਨੁੱਖ ਦੇ ਨਾਲ-ਨਾਲ ਹਰ ਪ੍ਰਕਾਰ ਦੇ ਜੀਵਾਂ ਲਈ ਬਹੁਤ ਵੱਡਾ ਆਧਾਰ ਹੈ। ਵਾਤਾਵਰਣ ਕੇਵਲ ਇੱਕ ਬਾਹਰੀ ਤੱਥ ਹੀ ਨਹੀਂ ਬਲਕਿ ਹਰ ਪ੍ਰਕਾਰ ਦੇ ਜੀਵਨ ਲਈ ਅਤਿ ਜ਼ਰੂਰੀ ਪ੍ਰਸਥਿਤੀਆਂ ਪ੍ਰਦਾਨ ਕਰਦਾ ਹੈ। ਜੀਵਨ ਨੂੰ ਬਣੇ ਰਹਿਣ ਲਈ ਜੋ ਸ਼ਰਤਾਂ, ਜਿਵੇਂ ਕਿ ਹਵਾ, ਪਾਣੀ, ਨਮੀ, ਤਾਪ, ਰੌਸ਼ਨੀ, ਤਾਪਮਾਨ ਆਦਿ ਜ਼ਰੂਰੀ ਹਨ, ਉਹ ਇਸ ਧਰਤੀ ਦੁਆਲੇ-ਦੁਆਲੇ ਦੇ ਵਾਤਾਵਰਣ ਵਿੱਚ ਮਿਲਣਯੋਗ ਹਨ। ਪਰ ਵਧੀ ਜਨਸੰਖਿਆ, ਵਿਗਿਆਨ, ਤਕਨੀਕ ਅਤੇ ਉਦਯੋਗਾਂ ਦੇ ਨਾਲ-ਨਾਲ ਨੈਤਿਕ ਸਿੱਖਿਆ ਦੀ ਘਾਟ ਕਾਰਣ ਵਾਤਾਵਰਣ ਵਿਚਲਾ ਸੰਤੁਲਨ ਵਿਗੜ ਚੁੱਕਾ ਹੈ ਅਤੇ ਹੋਰ ਵਿਗੜ ਰਿਹਾ ਹੈ। ਵਾਤਾਵਰਣ ਦੇ ਬਣੇ ਰਹਿਣ ਲਈ ਇਸ ਦੇ ਤੱਤਾਂ ਵਿਚਲਾ ਸੰਬੰਧ ਸੰਤੁਲਨ ਵਿੱਚ ਰਹਿਣਾ ਜ਼ਰੂਰੀ ਹੈ। ਪਰ ਮਨੁੱਖ ਰਾਹੀਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਅਤੇ ਆਰਾਮ ਕਰਨ ਨੇ ਵਾਤਾਵਰਣ ਵਿੱਚ ਅੰਸਤੁਲਨ ਪੈਦਾ ਕਰ ਦਿੱਤਾ ਹੈ। ਮਨੁੱਖ ਪ੍ਰਤੱਖ ਰੂਪ ਵਿੱਚ ਇਸ ਅਸੰਤੁਲਨ ਲਈ ਕੇਵਲ ਇੱਕੋ-ਇੱਕ ਜ਼ਿੰਮੇਵਾਰ ਕਾਰਣ ਹੈ। ਮਨੁੱਖ ਰਾਹੀਂ ਇਸ ਅਸੰਤੁਲਨ ਸੰਬੰਧੀ ਪ੍ਰਦੂਸ਼ਣ ਸਭ ਤੋਂ ਵੱਡਾ ਅਤੇ ਖਤਰਨਾਕ ਹਿੱਸਾ ਹੈ।

**4.1 ਪ੍ਰਦੂਸ਼ਣ (Pollution)**

ਵਾਤਾਵਰਣ ਵਿੱਚ ਪੈਦਾ ਹੋਏ ਅਸੰਤੁਲਨ ਅਤੇ ਇਸ ਦੇ ਕਾਰਣਾਂ ਨੂੰ ਜਾਨਣ ਤੋਂ ਪਹਿਲਾਂ ਇਹ ਜਾਣ ਲੈਣਾ ਲਾਹੇਵੰਦ ਹੈ ਕਿ ਪ੍ਰਦੂਸ਼ਣ ਕੀ ਹੈ, ਆਮ ਅਰਥ ਵਿੱਚ ਕਿਸੇ ਪ੍ਰਸਥਿਤੀ ਨੂੰ ਦੂਸ਼ਿਤ ਕਰਨਾ ਪ੍ਰਦੂਸ਼ਣ ਹੈ। ਮਨੁੱਖੀ ਗਤੀਵਿਧੀਆਂ ਰਾਹੀਂ ਵਾਤਾਵਰਣ ਵਿੱਚ ਗੁਣਾਂ ਦਾ ਗਿਰਨਾ ਪ੍ਰਦੂਸ਼ਣ ਹੈ (Lowering of the quality of the environment due to human activities is pollution.)।

**4.2 ਪਰਿਭਾਸ਼ਾਵਾਂ (Definitions):**

**Natural Environmental Research Council, 1976** ਦੇ ਅਨੁਸਾਰ, "ਪ੍ਰਦੂਸ਼ਣ ਤੋਂ ਭਾਵ ਮਨੁੱਖੀ ਗਤੀਵਿਧੀਆਂ ਰਾਹੀਂ ਪੈਦਾ ਹੋਈ ਵਾਯੂ ਦੇ ਤੱਤਾਂ ਅਤੇ ਊਰਜਾ ਨੂੰ ਬਾਹਰ ਛੱਡਣਾ ਹੈ ਜੋ ਅੱਗੇ ਕੁਦਰਤੀ ਵਾਤਾਵਰਣ ਵਿੱਚ ਨੁਕਸਾਨਦੇਹ ਬਦਲਾਵ ਹੈ। (Pollution is viewed as the release of substances and energy as waste products of human activiites which result in changes, usually harmful, within the natural environment)।

**President's Science Advisory Committee, USA** ਦੇ ਅਨੁਸਾਰ, ਪ੍ਰਦੂਸ਼ਣ ਆਪਣੇ ਆਲੇ-ਦੁਆਲੇ ਵਿੱਚ ਅਣ-ਇੱਛੁਕ ਬਦਲਾਵ ਹੈ ਜੋ ਮਨੁੱਖੀ ਹਰਕਤਾਂ ਕਾਰਣ ਪੈਦਾ ਹੁੰਦਾ ਹੈ। ਅਤੇ ਜੋ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਊਰਜਾ ਤਰਤੀਬ, ਪਦਾਰਥਕ ਅਤੇ ਰਸਾਇਣਿਕ ਸੰਗਠਨਾਂ ਤੇ ਪ੍ਰਭਾਵ ਪਾਉਂਦਾ ਹੈ" (Pollution is unfavourable alteration of our surroundings wholly or largely as a by product of man's actions through direct or indirect effects of changes in energy patterns, radiation levels, chemical and physical constitution.)।

ਸੋ ਪ੍ਰਦੂਸ਼ਣ ਤੋਂ ਭਾਵ ਵਾਤਾਵਰਣ ਵਿੱਚ ਉਹਨਾਂ ਅਣਚਾਹੇ ਤੱਤਾਂ ਦਾ ਸ਼ਾਮਿਲ ਹੋਣਾ ਜੋ ਮਨੁੱਖ ਦੇ ਵਾਧੂ ਹੋਣ ਦੇ ਨਾ ਤੇ ਛੱਡ ਦਿੱਤੇ ਹਨ ਅਤੇ ਜੋ ਵਾਤਾਵਰਣ ਨੂੰ ਬਹੁਤ ਬੁਰੀ ਤਰ੍ਹਾਂ ਅਤੇ ਤੇਜ਼ੀ ਨਾਲ ਨਸ਼ਟ ਕਰ ਰਹੇ ਹਨ।

**4.3 ਪ੍ਰਦੂਸ਼ਣ ਤੱਤ (Pollutants):** ਆਮ ਅਰਥਾਂ ਵਿੱਚ ਜੋ ਤੱਤ ਪ੍ਰਦੂਸ਼ਣ ਫੈਲਾਉਂਦੇ ਹਨ ਉਹਨਾਂ ਨੂੰ 'ਪ੍ਰਦੂਸ਼ਕ-ਤੱਤ' ਕਹਿੰਦੇ ਹਨ। ਇਨ੍ਹਾਂ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਜਾ ਸਕਦੀ ਹੈ, "ਕਿਸੇ ਵੀ ਪ੍ਰਕਾਰ ਦੀ ਊਰਜਾ ਜਾਂ ਪਦਾਰਥ ਜੋ ਮੌਜੂਦਾ ਪ੍ਰਸਥਿਤੀ-ਪ੍ਰਣਾਲੀਆਂ ਦੇ ਕੁਦਰਤੀ ਸੰਤੁਲਨ ਵਿੱਚ ਪ੍ਰਦੂਸ਼ਣ ਜਾਂ ਗਿਰਾਵਟ ਦਾ ਕਾਰਣ ਬਣੇ" (A pollutant is defined as any form of energy or matter that causes degradation and

pollution in the existing natural balance of ecosystems). ਮੌਜੂਦਾ ਸਮੇਂ ਲਗਭਗ ਹਰ ਪ੍ਰਕਾਰ ਦੀਆਂ ਪ੍ਰਸਥਿਤੀ-ਪ੍ਰਣਾਲੀਆਂ ਅਜਿਹੇ ਪ੍ਰਦੂਸ਼ਕ ਤੱਤਾਂ ਨਾਲ ਪ੍ਰਦੂਸ਼ਿਤ ਹੋ ਚੁੱਕੀਆਂ ਹਨ। ਇਹ ਪ੍ਰਦੂਸ਼ਕ ਤੱਤ ਕਈ ਪ੍ਰਕਾਰ ਦੇ ਹੋ ਸਕਦੇ ਹਨ। ਇਨ੍ਹਾਂ ਨੂੰ ਦੋ ਭਾਗਾਂ ਵਿੱਚ ਇਸ ਤਰ੍ਹਾਂ ਵੰਡਿਆ ਜਾ ਸਕਦਾ ਹੈ-

(i) ਕੁਦਰਤੀ ਪ੍ਰਦੂਸ਼ਕ ਤੱਤ (Natural Pollutants) ਅਤੇ

(ii) ਮਨੁੱਖ ਰਾਹੀਂ ਬਣਾਏ ਪ੍ਰਦੂਸ਼ਕ ਤੱਤ (Man made Pollutants)

ਇਨ੍ਹਾਂ ਪ੍ਰਦੂਸ਼ਕ ਤੱਤਾਂ ਨੂੰ ਅੱਗੇ ਵੀ ਕਈ ਹੋਰ ਵਰਗਾਂ ਵਿੱਚ ਵੰਡਿਆ ਗਿਆ ਹੈ। ਦ੍ਰਿਸ਼ਟੀ ਯੋਗਤਾ (Visibility) ਦੇ ਆਧਾਰ ਆਪਣੀ ਜੀਵਨ-ਸ਼ੈਲੀ ਵਿੱਚ ਮੁੱਢਲੇ ਪਰਿਵਰਤਨ ਕਰਨੇ ਪੈਣੇ ਹਨ (We have to have some fundamental changes in our life-style)। ਸਾਨੂੰ ਮੁੱਲਾਂ ਦੇ ਨਾਲ-ਨਾਲ ਤੱਥਾਂ ਦੀ ਵੀ ਲੋੜ ਹੈ (We need both facts and values)। ਅਸੀਂ ਆਪਣੇ ਵਾਤਾਵਰਣ ਨੂੰ ਆਪ ਹੀ ਨਸ਼ਟ ਕਰਦੇ ਜਾ ਰਹੇ ਹਾਂ। Paul Ehrilich ਦਾ ਕਹਿਣਾ ਹੈ ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਸਮੇਂ ਤੱਕ ਬਹੁਤ ਭਾਗਸ਼ਾਲੀ ਹਾਂ, ਵੀਹ ਸਾਲਾਂ ਵਿੱਚ ਹਰ ਕੋਈ ਧੂੰਏ ਦੇ ਬੱਦਲਾਂ ਵਿੱਚ ਅਲੋਪ ਹੋ ਜਾਵੇਗਾ (We must realize that unless we are extremely lucky, everybody will disappear in a cloud of smoke in twnety years)। ਅਸੀਂ ਵਿਕਾਸ ਦੇ ਨਾਮ ਤੇ ਆਪਣੇ ਵਾਤਾਵਰਣ ਨੂੰ ਬਹੁਤ ਹੱਦ ਤੱਕ ਵਿਗਾੜ ਚੁੱਕੇ ਹਾਂ ਅਤੇ ਹੋਰ ਵਿਗਾੜ ਰਹੇ ਹਾਂ। ਸਾਨੂੰ ਆਪਣੇ ਇਹ ਤਬਾਹੀ ਭਰੇ ਵਿਕਾਸ ਦੀ ਪਰਿਭਾਸ਼ਾ ਅਤੇ ਸਰੂਪ ਬਦਲਣਾ ਪਵੇਗਾ। ਅਜਿਹਾ ਵਿਕਾਸ ਨਹੀਂ ਵਿਨਾਸ਼ ਹੈ।

ਵਾਤਾਵਰਣ ਸੰਬੰਧੀ ਇਨ੍ਹਾਂ ਤਬਾਹੀ ਭਰੀਆ ਸਮੱਸਿਆਵਾਂ ਨੂੰ ਨਿਪਟਣ ਲਈ ਇਨ੍ਹਾਂ ਸੰਬੰਧੀ ਮੁੱਢਲੀ ਜਾਣਕਾਰੀ ਲੈਣਾ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਜਿਵੇਂ ਕਿ ਸੁਕਰਾਤ (Socrates) ਨੇ ਵੀ ਕਿਹਾ ਹੈ ਕਿ ਗਿਆਨ ਹੀ ਸਦਗੁਣ ਹੈ (Knowledge is virtue) ਭਾਵ ਸਦਗੁਣੀ (Virtuous) ਬਨਣ ਤੋਂ ਪਹਿਲਾਂ ਸੰਬੰਧਤ ਖੇਤਰ ਦਾ ਗਿਆਨ ਹੋਣਾ ਅਤਿ ਜ਼ਰੂਰੀ ਹੈ। ਇਸ ਲਈ ਪ੍ਰਸਥਿਤੀ ਵਿਗਿਆਨ (Ecology), ਪ੍ਰਸਥਿਤੀ-ਪ੍ਰਣਾਲੀ (Eco-system), ਜੀਵ-ਮੰਡਲ (Bio-sphere) ਦਾ ਗਿਆਨ ਪ੍ਰਸਥਿਤੀ-ਵਿਗਿਆਨ ਦਾ ਨੀਤੀ-ਸ਼ਾਸ਼ਤਰ ਨਾਲ ਸੰਬੰਧ, ਮਨੁੱਖ ਅਤੇ ਕੁਦਰਤ ਵਿੱਚ ਸੰਬੰਧ ਆਦਿ ਸਿਧਾਂਤਾਂ ਅਤੇ ਵਿਚਾਰਾਂ ਨੂੰ ਜਾਣਨ ਲਈ ਲਾਹੇਵੰਦ ਸਾਬਿਤ ਹੋਵੇਗਾ।

**4.4 ਵਾਤਾਵਰਣ**

ਜਿਵੇਂ ਕਿ ਅਸੀਂ ਜਾਣ ਚੁੱਕੇ ਹਾਂ ਕਿ ਵਾਤਾਵਰਣ ਹਰ ਪ੍ਰਕਾਰ ਦੇ ਜੀਵਨ ਲਈ ਅਤਿ ਜ਼ਰੂਰੀ ਹੈ। ਇਸਦੇ ਅਰਥ, ਬਣਤਰ, ਹਿੱਸੇ, ਕਿਸਮਾਂ ਅਤੇ ਲੱਛਣਾਂ ਨੂੰ ਜਾਣ ਲੈਣਾ ਵਾਤਾਵਰਣ ਨੀਤੀ-ਸ਼ਾਸ਼ਤਰ ਸੰਬੰਧੀ ਕਾਫੀ ਯੋਗ ਸਾਬਿਤ ਹੋਵੇਗਾ।

**4.5 ਅਰਥ (Meaning) :-**

ਵਾਤਾਵਰਣ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Environment' ਦਾ ਪੰਜਾਬੀ ਰੂਪਾਂਤਰ ਹੈ, ਜੋ ਅੱਗੇ ਇੱਕ ਫਰਾਂਸੀਸੀ ਭਾਸ਼ਾ ਦੇ ਸ਼ਬਦ 'Environmir' ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ 'ਘੇਰਾ ਜਾਂ ਘੇਰਣਾ' (a surronding)। ਇਸ ਵਿੱਚ ਉਹ ਸਾਰੀਆਂ ਬਾਹਰੀ ਸ਼ਰਤਾਂ ਸ਼ਾਮਿਲ ਹਨ ਜੋ ਮਨੁੱਖ, ਜਾਨਵਰ ਅਤੇ ਪੌਦਿਆਂ ਦੇ ਜੀਵਨ ਅਤੇ ਕੰਮਾਂ-ਕਾਜਾਂ ਨੂੰ ਪ੍ਰਭਾਵਿਤ ਕਰਦੀਆਂ ਹਨ। C.C. Park ਨੇ ਵਾਤਾਵਰਣ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ, ਵਾਤਾਵਰਣ ਉਹਨਾਂ ਸ਼ਰਤਾਂ ਦੇ ਕੁੱਲ ਜੋੜ ਨਾਲ ਸੰਬੰਧਿਤ ਹੈ ਜੋ ਮਨੁੱਖ ਨੂੰ ਇੱਕ ਖਾਸ ਸਥਾਨ ਅਤੇ ਸਮੇਂ ਤੇ ਘੇਰਦੀਆਂ ਹਨ" (Environment refers to the sum total of conditions which surround man at a given point in space and time)। A Goudie ਨੇ ਆਪਣੀ-ਪੁਸਤਕ The Nature of the Environment ਵਿੱਚ ਵਾਤਾਵਰਣ ਨੂੰ ਧਰਤੀ ਦੇ ਉਸ ਤੱਥਾਤਮਕ ਅੰਗਾਂ ਦਾ ਮੁੱਢਲਾ ਆਧਾਰ ਮੰਨਿਆ ਹੈ ਜਿਸ ਵਿੱਚ ਮਨੁੱਖ ਇੱਕ ਮਹੱਤਵਪੂਰਣ ਤੱਤ ਵਜੋਂ ਵਾਤਾਵਰਣ ਨੂੰ ਪ੍ਰਭਾਵਿਤ ਕਰਦਾ ਹੈ (....... taken environment as the representative of physical components of the earth wherein the man is an important factor affecting the environment)। ਕਈ ਵਾਤਾਵਰਣ ਵਿਗਿਆਨੀਆਂ

ਨੇ ਇਸ ਦੀਆਂ ਵੱਖੋ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ। ਪਰ A Dubey ਅਤੇ Savindra Singh ਮੌਜੂਦਾ ਸਮੇਂ ਵਿੱਚ ਵਿਚਰਦੇ ਵਾਤਾਵਰਣ ਦੇ ਅਰਥ ਦੇ ਮੁੱਖ ਤਿੰਨ ਭਾਗ ਦੱਸਦੇ ਹਨ -

(1) ਜੈਵਿਕ (Biological), (2) ਪਦਾਰਥਕ (Physical) ਅਤੇ (3) ਸੱਭਿਆਚਾਰਕ (Cultural)। ਭਾਵ ਰਾਜਨੀਤੀ, ਅਰਥ-ਵਿਵਸਥਾ ਅਤੇ ਸਮਾਜ ਵੀ ਵਾਤਾਵਰਣ ਦਾ ਹਿੱਸਾ ਹਨ।

### 4.6 ਵਾਤਾਵਰਣ ਦੇ ਅੰਗ (Components of Environment) -

ਵਾਤਾਵਰਣ ਵਿੱਚ ਕੇਵਲ ਹਵਾ, ਪਾਣੀ, ਧਰਤੀ ਆਦਿ ਹੀ ਨਹੀਂ ਹਨ ਬਲਕਿ ਇਸ ਦੇ ਕਈ ਮਹੱਤਵਪੂਰਣ ਅੰਗ ਹਨ ਜਿਨ੍ਹਾਂ ਨੂੰ ਹੇਠਾਂ ਲਿਖੇ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ :-

**4.6.1 ਪਦਾਰਥਕ ਜਾਂ ਅਜੈਵਿਕ (Physical or Abiotic)**

(i) ਵਾਯੂ-ਮੰਡਲ (Atmosphere)

(ii) ਥਲ-ਮੰਡਲ (Lithosphere)

(iii) ਜਲ-ਮੰਡਲ (Hydrosphere)

**4.6.2 ਜੈਵਿਕ (Biotic)**

(i) ਪੌਦੇ (Plants)

(ii) ਜੀਵ (Living beings)

(iii) ਸੂਖਮ-ਸੰਗਠਿਤ (Micro-organismic)

**4.6.3 ਊਰਜਾ (Energy)**

(i) ਸੂਰਜੀ (Solar)

(ii) ਥਰਮਲ (Geothermal)

### 4.6.1 ਪਦਾਰਥਕ ਜਾਂ ਅਜੈਵਿਕ (Physical or Abiotic):

ਇਹ ਵਾਤਾਵਰਣ ਦਾ ਉਹ ਹਿੱਸਾ ਹਨ ਜਿਸ ਵਿੱਚ ਉਹ ਸਾਰੇ ਪਦਾਰਥਕ ਜਾਂ ਨਾ-ਜੀਵਤ ਤੱਤ ਸ਼ਾਮਿਲ ਹਨ, ਜੋ ਜੀਵਨ ਲਈ ਅਤਿ ਜ਼ਰੂਰੀ ਹਨ।

ਵਾਯੂਮੰਡਲ (Atmosphere) ਉਹ ਖੇਤਰ ਹੈ ਜਿਸ ਵਿੱਚ ਸਾਰੀਆਂ ਗੈਸਾਂ ਸ਼ਾਮਿਲ ਹਨ। ਇਹ ਧਰਤੀ ਦੇ ਆਲੇ-ਦੁਆਲੇ ਲਗਭਗ 400 ਕਿਲੋਮੀਟਰ ਦਾ ਸਥਾਨ ਘੇਰਦਾ ਹੈ।

ਰਚਨਾ:

ਵਾਯੂਮੰਡਲ ਗੈਸਾਂ ਦਾ ਮਿਸ਼ਰਣ ਹੈ। ਇਸ ਵਿੱਚ 15 ਤੋਂ ਵੱਧ ਗੈਸਾਂ, ਧੂੜ-ਕਣ ਅਤੇ ਜਲਵਾਸ਼ਪ ਸ਼ਾਮਿਲ ਹੁੰਦੇ ਹਨ। ਚਾਰ ਗੈਸਾਂ-ਨਾਇਟ੍ਰੋਜਨ, ਆਕਸੀਜਨ, ਆਰਗਨ ਅਤੇ ਕਾਰਬਨ ਡਾਇਆਕਸਾਈਡ ਮਿਲ ਕੇ ਵਾਯੂਮੰਡਲ ਦਾ 99.997% ਹਿੱਸਾ ਬਣਦੀਆਂ ਹਨ। ਵਾਯੂਮੰਡਲ ਵਿਚਲੀਆਂ ਗੈਸਾਂ ਦੀ ਪ੍ਰਤੀਸ਼ਤਤਾ ਇਸ ਤਰ੍ਹਾਂ ਹੈ -

### 4.6.1.1 ਥਲਮੰਡਲ (Lithosphere):

ਥਲਮੰਡਲ ਤੋਂ ਭਾਵ ਧਰਤੀ ਦੀ ਉਪਰਲੀ ਸਤਹ ਅਤੇ ਇਸ ਦੇ ਹੇਠਾਂ ਜੀਵਨ ਸੰਬੰਧੀ ਹਾਲਾਤ। ਧਰਤੀ ਦੇ ਮੁੱਖ ਤਿੰਨ ਹਿੱਸੇ ਹਨ- ਸਭ ਤੋਂ ਹੇਠਲੇ ਭਾਗ ਨੂੰ 'Core' ਕਹਿੰਦੇ ਹਨ ਜੋ ਲੋਹੇ ਦਾ ਬਣਿਆ ਹੈ ਅਤੇ ਬਹੁਤ ਸਖ਼ਤ ਹੈ। ਇਸ ਤੋਂ ਉਪਰ ਦੇ ਹਿੱਸੇ ਨੂੰ 'Mantle' ਕਹਿੰਦੇ ਹਨ ਅਤੇ ਸਭ ਤੋਂ ਉਪਰਲੇ ਭਾਗ ਨੂੰ Crust (ਧਰਤ ਪੇਪੜੀ) ਕਿਹਾ ਜਾਂਦਾ ਹੈ। ਥਲ ਮੰਡਲ ਦਾ ਸੰਬੰਧ ਧਰਤ ਪੇਪੜੀ ਨਾਲ ਹੈ। ਇਹ ਲਗਭਗ 8 ਕਿਲੋਮੀਟਰ ਡੂੰਘਾ ਹੈ। ਧਰਤੀ ਤੇ ਪਲ ਰਿਹਾ ਜੀਵਨ ਇਸੇ ਕਾਰਣ ਸੰਭਵ ਹੈ। ਪੌਦਿਆਂ ਦੀਆਂ ਡੂੰਘੀਆਂ-ਡੂੰਘੀਆਂ ਜੜ੍ਹਾਂ, ਪਾਣੀ ਅਤੇ ਖਣਿਜ ਪਦਾਰਥ ਇਸੇ ਹਿੱਸੇ ਵਿੱਚ ਹੁੰਦੇ ਹਨ। ਭੂਚਾਲ ਅਤੇ ਜਵਾਲਾਮੁਖੀ (Earthquake and Volcanoes) ਇਸੇ ਥਲ-ਮੰਡਲ ਵਿੱਚੋਂ ਪੈਦਾ ਹੁੰਦੇ ਹਨ। ਇਹ ਮੰਡਲ ਜੀਵ-ਜੰਤੂਆਂ ਅਤੇ ਮਨੁੱਖ ਨੂੰ ਰਹਿਣ ਲਈ ਥਾਂ, ਖਾਣ ਲਈ ਭੋਜਨ ਅਤੇ ਪਾਣੀ ਪ੍ਰਦਾਨ ਕਰਦਾ ਹੈ।

**4.6.1.2 ਜਲਮੰਡਲ (Hydrosphere):-**

ਜਲਮੰਡਲ ਤੋਂ ਭਾਵ ਧਰਤੀ ਦਾ ਉਹ ਖੇਤਰ ਜੋ ਪਾਣੀ ਨਾਲ ਢੱਕਿਆ ਹੈ। ਧਰਤੀ ਦੇ ਕੁੱਲ ਖੇਤਰਫਲ ਦਾ 70.8% ਹਿੱਸਾ ਮਹਾਂਸਾਗਰਾਂ ਅਤੇ ਸਾਗਰਾਂ (Occeans and Seas) ਹੇਠਾਂ ਹੈ। ਇਹ ਧਰਤੀ ਉੱਪਰ ਜੀਵਨ ਲਈ ਸਹਾਇਕ ਹੈ। ਇਸ ਤੋਂ ਇਲਾਵਾ ਇਨ੍ਹਾਂ ਮਹਾਂਸਾਗਰਾਂ ਅਤੇ ਸਾਗਰਾਂ ਵਿੱਚ ਵੀ ਅਨੇਕਾਂ ਪ੍ਰਕਾਰ ਦੇ ਜੀਵ-ਜੰਤੂ ਹਨ। ਇਸ ਸਮੇਂ 97.2% ਪਾਣੀ ਇਨ੍ਹਾਂ ਸਾਗਰਾਂ ਵਿੱਚ ਹੈ। ਤਾਜ਼ਾ ਪਾਣੀ ਕੇਵਲ 2.8% ਹੈ ਜਿਸ ਵਿੱਚੋਂ 2.2% ਧਰਤੀ ਦੇ ਉੱਪਰ ਅਤੇ 0.6% ਹੇਠਾ ਹੈ। ਧਰਤੀ ਉਪਰਲਾ 2.15% ਪਾਣੀ ਅੰਟਾਰਟਿਕਾ ਅਤੇ ਹੋਰ ਗਲੇਸ਼ੀਅਰਾਂ (Glaciers) ਵਿੱਚ ਜੰਮਿਆ ਹੋਇਆ। ਕੇਵਲ 0.04% ਪਾਣੀ ਹੀ ਵਾਯੂਮੰਡਲ, ਭੂਮੀ ਅਤੇ ਬਨਸਪਤੀ ਵਿੱਚ ਮੌਜੂਦ ਹੈ ਅਤੇ ਕੇਵਲ 0.01 ਹੀ ਦਰਿਆਵਾਂ ਅਤੇ ਝੀਲਾਂ ਵਿੱਚ ਹੈ।

**4.6.1.3 ਜੀਵ ਮੰਡਲ (Bio-sphere) :-**

ਆਮ ਸ਼ਬਦਾਂ ਵਿੱਚ ਵਾਤਾਵਰਣ ਵਿੱਚ ਜਿੱਥੇ ਕਿਸੇ ਵੀ ਪ੍ਰਕਾਰ ਦਾ ਜੀਵ, ਜੀਵਤ ਰਹਿ ਸਕਦਾ ਹੈ ਉਸਨੂੰ ਜੀਵ-ਮੰਡਲ ਕਹਿੰਦੇ ਹਨ। ਇਹ ਉਹ ਮੰਡਲ ਹੈ ਜਿਸ ਵਿੱਚ ਜੀਵ ਦਾ ਜੀਵਨ ਸੰਭਵ ਹੈ ਜਿਸ ਵਿੱਚ ਉਸ ਨੂੰ ਜੀਵਤ ਰਹਿਣ ਲਈ ਜ਼ਰੂਰੀ ਸ਼ਰਤਾਂ ਮਿਲਦੀਆਂ ਹਨ। ਇਹ ਕੇਵਲ ਤਿੰਨ ਪ੍ਰਕਾਰ ਦਾ ਹੈ- ਵਾਯੂਮੰਡਲ, ਥਲ-ਮੰਡਲ ਅਤੇ ਜਲ-ਮੰਡਲ। ਅੱਜ ਤੱਕ ਦੀਆਂ ਖੋਜਾਂ ਵਿੱਚ ਕੇਵਲ ਧਰਤੀ ਅਤੇ ਇਸ ਦੇ ਵਾਤਾਵਰਣ ਵਿੱਚ ਉਹ ਮੰਡਲ ਮਿਲ ਸਕਿਆ ਹੈ ਜਿੱਥੇ ਜੀਵਨ ਸੰਭਵ ਹੈ। NASA (National Aeronautics nad Space Administration) U.S. ਸਰਕਾਰ ਦੀ ਸੰਸਥਾ ਹੈ ਜੋ ਮੰਗਲ ਗ੍ਰਹਿ (Mars) ਤੇ ਜੀਵਨ ਦੀ ਭਾਲ ਕਰ ਰਹੀ ਹੈ। ਭਾਰਤੀ ਮਹਾਨ ਵਿਗਿਆਨੀ ਸਵਰਗਵਾਸੀ ਕਲਪਨਾ ਚਾਵਲਾ ਇਸੇ ਸੰਸਥਾ ਦੀ ਮੈਂਬਰ ਸੀ।

**4.6.2 ਜੈਵਿਕ (Biotic):-**

ਇਹ ਵਾਤਾਵਰਣ ਦਾ ਉਹ ਹਿੱਸਾ ਹੈ ਜਿਸ ਵਿੱਚ ਜੀਵ ਸ਼ਾਮਿਲ ਹਨ, ਭਾਵ ਜੀਵ ਵੀ ਵਾਤਾਵਰਣ ਦਾ ਅਹਿਮ ਹਿੱਸਾ ਹਨ। ਇਸ ਵਿੱਚ ਮਨੁੱਖ, ਜਾਨਵਰ, ਪੰਛੀ ਅਤੇ ਹੋਰ ਸਾਰੀਆਂ ਕਿਸਮਾਂ ਦੇ ਜੀਵ-ਜੰਤੂ ਸ਼ਾਮਿਲ ਹਨ। ਇਹ ਜੈਵਿਕ ਕਾਰਕਾਂ ਕਾਰਣ ਹੀ ਵਾਤਾਵਰਣ ਦੇ ਬਾਕੀ ਹਿੱਸਿਆਂ ਦਾ ਪ੍ਰਯੋਗ ਅਤੇ ਉਹਨਾਂ ਵਿੱਚ ਹਿਲਜੁਲ ਹੁੰਦੀ ਹੈ। ਹਰ ਪ੍ਰਕਾਰ ਦੇ ਜੀਵ ਆਪਣੇ ਭੋਜਨ ਲਈ ਜੋ ਪ੍ਰਕ੍ਰਿਆ ਕਰਦੇ ਹਨ ਉਹ ਵੀ ਵਾਤਾਵਰਣ ਦਾ ਹਿੱਸਾ ਹੈ। ਵਾਤਾਵਰਣ ਅਤੇ ਜੀਵਾਂ ਵਿਚਲੇ ਸੰਬੰਧ ਨੂੰ ਹੀ ਪ੍ਰਸਥਿਤੀ-ਵਿਗਿਆਨ (Ecology) ਕਹਿੰਦੇ ਹਨ। ਇਨ੍ਹਾਂ ਜੀਵਾਂ ਵਿੱਚ ਜੋ ਆਪਸੀ ਪ੍ਰਕਿਰਿਆ ਹੁੰਦੀ ਹੈ ਉਸਨੂੰ ਪ੍ਰਸਥਿਤੀ-ਪ੍ਰਣਾਲੀ (Ecosystem) ਕਿਹਾ ਜਾਂਦਾ ਹੈ। ਇਕ ਜੀਵ ਜਿੱਥੇ ਦੂਸਰੇ ਜੀਵਾਂ ਰਾਹੀਂ ਪੈਦਾ ਕੀਤੇ ਭੋਜਨ ਨੂੰ ਖਾਂਦਾ ਹੈ, ਉੱਥੇ ਹੀ ਇਹ ਹੋਰਾਂ ਜੀਵਾਂ ਲਈ ਖਾਣਾ ਪੈਦਾ ਕਰਦਾ ਹੈ। ਇਸ ਨੂੰ ਭੋਜਨ-ਪ੍ਰਕ੍ਰਿਆ (Focla Chain) ਕਹਿੰਦੇ ਹਨ।

**4.6.3 ਊਰਜਾ (Energy):-**

ਪਦਾਰਥਕ ਅਤੇ ਜੀਵਾਂ ਤੋਂ ਇਲਾਵਾ ਊਰਜਾ ਵੀ ਵਾਤਾਵਰਣ ਦਾ ਅਹਿਮ ਹਿੱਸਾ ਹੈ। ਊਰਜਾ ਤਾਕਤ ਅਤੇ ਸ਼ਕਤੀ (Force and Power) ਤੋਂ ਵੱਖ ਚੀਜ਼ ਹੈ। ਵਾਤਾਵਰਣ ਵਿੱਚ ਮਿਲਣ-ਯੋਗ ਊਰਜਾ ਦੇ ਦੋ ਸਾਧਨ ਹਨ-ਸੂਰਜ (The Sun) ਅਤੇ ਥਰਮਲ ਪਲਾਂਟ (Thermal Plants)। ਸੂਰਜ ਰਾਹੀਂ ਊਰਜਾ ਮੁਫਤ ਹੈ ਪਰ ਥਰਮਲ ਪਲਾਂਟ ਲਈ ਕੋਇਲੇ ਦਾ ਪ੍ਰਯੋਗ ਕਰਨਾ ਪੈਂਦਾ ਹੈ ਜਾਂ ਨਦੀਆਂ ਦੇ ਪਾਣੀ ਨੂੰ ਇਕੱਠਾ ਕਰਕੇ ਉਸਦੇ ਪ੍ਰੈਸ਼ਰ ਰਾਹੀਂ ਬਿਜਲੀ ਪੈਦਾ ਕਰਨ ਵਾਲੇ ਜਨਰੇਟਰਾਂ ਨੂੰ ਚਲਾ ਕੇ ਊਰਜਾ ਪੈਦਾ ਕੀਤੀ ਜਾਂਦੀ ਹੈ। ਇਹ ਵੀ ਕਾਫੀ ਲਾਗਤ-ਯੋਗ ਕੰਮ ਹੈ।

**ਪਾਠ ਸੰਬੰਧਿਤ ਪ੍ਰਸ਼ਨ (Textual Questions)** **ਅੰਕ-2**

1. ਵਾਤਾਵਰਣ ਤੋਂ ਕੀ ਭਾਵ ਹੈ?
2. ਮਨੁੱਖ ਅਤੇ ਵਾਤਾਵਰਣ ਕਿਵੇਂ ਸੰਬੰਧਿਤ ਹਨ?
3. ਵਾਯੂਮੰਡਲ ਕੀ ਹੈ?

**4.7 ਪ੍ਰਸਥਿਤੀ-ਵਿਗਿਆਨ**

ਵਾਤਾਵਰਣ ਨੀਤੀ-ਸ਼ਾਸ਼ਤਰ ਨੂੰ ਪੜ੍ਹਨ ਅਤੇ ਵਾਤਾਵਰਣ ਸੰਬੰਧੀ ਨੈਤਿਕ ਬਨਣ ਲਈ ਪ੍ਰਸਥਿਤੀ ਵਿਗਿਆਨ ਬਾਰੇ

ਜਾਣਨਾ ਜ਼ਰੂਰੀ ਹੈ ਕਿਉਂਕਿ ਮੌਜੂਦਾ ਸਮੇਂ ਦੀਆਂ ਵਾਤਾਵਰਣ ਸੰਬੰਧੀ ਚੁਣੌਤੀਪੂਰਣ ਸਮੱਸਿਆਵਾਂ ਨੂੰ ਪ੍ਰਸਥਿਤੀ-ਵਿਗਿਆਨ ਹੀ ਅਧਿਐਨ ਕਰਦਾ ਹੈ।

**4.8 ਅਰਥ (Meaning):**

ਆਮ ਅਰਥਾਂ ਵਿੱਚ ਇਹ ਉਹ ਵਿਗਿਆਨ ਹੈ ਜੋ ਮਨੁੱਖੀ ਜੀਵਨ ਦੀਆਂ ਪ੍ਰਸਥਿਤੀਆਂ (Conditions) ਨਾਲ ਸੰਬੰਧਤ ਹੈ। ਅਕਾਦਮਿਕ ਸ਼ਬਦਾਂ ਵਿੱਚ ਇਹ ਜੀਵ ਅਤੇ ਵਾਤਾਵਰਣ ਵਿਚਲੇ ਸੰਬੰਧਾਂ ਦਾ ਵਿਗਿਆਨ ਹੈ। 'Ecology' ਸ਼ਬਦ ਦੀ ਪੈਦਾਇਸ਼ ਜਰਮਨੀ ਦੇ ਇੱਕ ਪ੍ਰਸਿੱਧ ਜੀਵ ਵਿਗਿਆਨੀ Hanns Reiter ਨੇ ਕੀਤੀ। 'Ecology' ਯੂਨਾਨੀ ਭਾਸ਼ਾ ਦੇ ਦੋ ਸ਼ਬਦ 'Oikos' ਅਤੇ 'Logos' ਤੋਂ ਭਾਵ ਦਾ ਅਧਿਐਨ (Study of) ਇਸ ਤਰ੍ਹਾਂ Ecology ਦਾ ਅਰਥ ਹੈ ਘਰ ਦਾ ਅਧਿਐਨ (The study of house)। ਪਰ ਇੱਥੇ ਘਰ ਦਾ ਅਰਥ ਮਨੁੱਖ ਦਾ ਸਾਰਾ ਆਲੇ-ਦੁਆਲੇ ਦਾ ਚੌਗਿਰਦਾ ਹੈ। ਇੱਕ ਹੋਰ ਸ਼ਬਦ 'Oekologie or 'Oecologie' ਦੀ ਵਰਤੋਂ ਜਰਮਨੀ ਦੇ ਇੱਕ ਹੋਰ ਜੀਵ-ਵਿਗਿਆਨੀ (Biologist) Ernest Haeckel ਨੇ 1869 ਵਿੱਚ ਕੀਤੀ ਸੀ। ਇਹ ਜੀਵ ਅਤੇ ਉਸ ਨਾਲ ਸੰਬੰਧਤ ਵਾਤਾਵਰਣ ਵਿਚਲੇ ਸੰਬੰਧਾਂ ਦਾ ਅਧਿਐਨ ਕਰਦਾ ਹੈ।

**4.9 ਪਰਿਭਾਸ਼ਾਵਾਂ (Definitions):**

ਕਈ ਜੀਵ-ਵਿਗਿਆਨੀ ਹੋਰ ਵਿਗਿਆਨਿਕਾਂ ਅਤੇ ਦਾਰਸ਼ਨਿਕਾਂ ਨੇ ਪ੍ਰਸਥਿਤੀ-ਵਿਗਿਆਨ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ -

**Ernest Haeckel** ਦੇ ਅਨੁਸਾਰ, "ਪ੍ਰਸਥਿਤੀ-ਵਿਗਿਆਨ ਤੋਂ ਸਾਡਾ ਭਾਵ ਕੁਦਰਤ ਦੀ ਵਿਵਸਥਾ ਨਾਲ ਸੰਬੰਧਤ ਗਿਆਨ ਦਾ ਭੰਡਾਰ ਹੈ" (By Eclogy we mean the body of knowledge concerning the economy of nature)। ਪ੍ਰਸਥਿਤੀ ਵਿਗਿਆਨ ਤੋਂ ਸਾਡਾ ਭਾਵ ਹੈ ਜੀਵਾਂ ਦੇ ਜੈਵਿਕ ਅਤੇ ਅਜੈਵਿਕ ਵਾਤਾਵਰਣ ਨਾਲ ਸੰਪੂਰਣ ਸੰਬੰਧਾਂ ਦੀ ਜਾਂਚ-ਪੜਤਾਲ (By Ecology we mean the investigation of the total relations of the animal both to its inorganic and organic environment)।

**Charles Darwin** ਦੇ ਅਨੁਸਾਰ, "ਪ੍ਰਸਥਿਤੀ-ਵਿਗਿਆਨ ਸੱਤਾ ਲਈ ਸੰਘਰਸ਼ ਦੀਆਂ ਸਾਰੀਆਂ ਸੰਯੁਕਤ ਸ਼ਰਤਾਂ ਦਾ ਅਧਿਐਨ ਹੈ" (Ecology is the study of all the complex conditions of the struggle for existence)।

**British Ecologist A. Macfadyen** ਨੇ ਆਪਣੀ ਪੁਸਤਕ 'Animal Ecology' ਵਿੱਚ ਕਿਹਾ ਹੈ, "ਪ੍ਰਸਥਿਤੀ-ਵਿਗਿਆਨ ਜੀਵਤ ਜੀਵਾਂ, ਪੌਦੇ, ਜਾਨਵਰ ਅਤੇ ਉਨ੍ਹਾਂ ਦੇ ਵਾਤਾਵਰਣ ਵਿਚਲੇ ਅੰਤਰ-ਸੰਬੰਧਾਂ ਨਾਲ ਸੰਬੰਧਿਤ ਹੈ, ਇਹ ਉਹਨਾਂ ਸਿਧਾਂਤਾਂ ਦੀ ਖੋਜ ਕਰਦਾ ਹੈ ਜੋ ਇਹ ਸੰਬੰਧ ਬਣਾਏ ਰੱਖਦੇ ਹਨ (Ecology concerns itself with the inter-relationships of living organisms, plants or animals and their environment, these are studied with a view to discovering the principles which govern the relationships)।

**E.P. Odum** ਦੇ ਅਨੁਸਾਰ, "ਪ੍ਰਸਥਿਤੀ-ਵਿਗਿਆਨ ਕੁਦਰਤ ਦੀ ਬਣਤਰ ਅਤੇ ਕਾਰਜਾਂ ਦਾ ਅਧਿਐਨ ਹੈ" (Ecology is the study of the sturcture and function of nature)।

ਪ੍ਰਸਥਿਤੀ-ਵਿਗਿਆਨ ਇੱਕ ਵਿਗਿਆਨ ਵਜੋਂ ਵਿਅਕਤੀਗਤ ਜੀਵਾਂ ਤੋਂ ਇਲਾਵਾ ਜਨ-ਸੰਖਿਆ, ਕੌਮ, ਪ੍ਰਸਥਿਤੀ-ਪ੍ਰਣਾਲੀ ਅਤੇ ਜੀਵ-ਮੰਡਲ ਨਾਲ ਵੱਡੇ ਪੱਧਰ ਤੇ ਸੰਬੰਧਿਤ ਹੈ (Ecology as a science is concerned largely with the level beyond the individual organism, that is with populations, communities, ecosystems and the bipsphere)।

ਉਪਰੋਕਤ ਵਿਗਿਆਨੀਆਂ ਤੋਂ ਇਲਾਵਾ E. Warming, Frederick Clements, Charles Elton, K. Friederichs, F. Fraser Darling, Y.P. Trusov, Aggassiz ਅਤੇ Rudolf Clausius ਨੇ ਵੀ ਪ੍ਰਸਥਿਤੀ ਵਿਗਿਆਨ ਦੀਆਂ ਵੱਖੋ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ। ਅੰਤ ਵਿੱਚ ਅਸੀਂ ਇਸ ਦੀ ਇੱਕ ਮਿਲੀ-ਜੁਲੀ

ਪਰਿਭਾਸ਼ਾ ਇਸ ਤਰ੍ਹਾਂ ਬਣਾ ਸਕਦੇ ਹਾਂ-

ਪ੍ਰਸਥਿਤੀ ਵਿਗਿਆਨ ਜੀਵਾਂ ਦੇ ਆਪਣੇ ਵਾਤਾਵਰਣ ਪ੍ਰਤੀ ਸੰਘਰਸ਼ ਅਤੇ ਸੰਬੰਧਾਂ ਦਾ ਅਧਿਐਨ ਕਰਦਾ ਹੈ ਜਿਸ ਵਿੱਚ ਉਹ ਜਨ-ਸੰਖਿਆ, ਕੌਮ, ਪ੍ਰਸਥਿਤੀ-ਪ੍ਰਣਾਲੀ, ਭੋਜਨ-ਪ੍ਰਣਾਲੀ ਅਤੇ ਜੀਵ-ਮੰਡਲ ਨੂੰ ਵੀ ਪਰਖਦਾ ਹੈ (Ecology studies the relations and struggle of living beings with their environment, besides this it also investigates populations, communities, ecosystesm, food-chain and bio-sphere)।

**4.10 ਉਦੇਸ਼ ਅਤੇ ਖੇਤਰ :-**

ਪ੍ਰਸਥਿਤੀ-ਵਿਗਿਆਨ ਮੌਜੂਦਾ ਸਮੇਂ ਬਹੁਤ ਹੀ ਵੱਡਮੁੱਲਾ ਰੋਲ ਅਦਾ ਕਰ ਰਿਹਾ ਹੈ। ਇਹ ਜਿਨ੍ਹਾਂ ਸਮੱਸਿਆਵਾਂ ਅਤੇ ਵਿਸ਼ਿਆਂ ਨਾਲ ਸੰਬੰਧਤ ਹੈ ਉਹ ਇਸ ਸਮੇਂ ਨਾ ਕੇਵਲ ਮਨੁੱਖੀ ਸੱਤਾ ਬਲਕਿ ਹਰ ਪ੍ਰਕਾਰ ਦੇ ਜੀਵਨ ਲਈ ਇੱਕ ਖਤਰਾ ਹਨ। ਇਸ ਲਈ ਜਿੱਥੇ ਵਿਹਾਰਿਕ ਨੀਤੀ-ਸ਼ਾਸ਼ਤਰ ਨੇ ਵਾਤਾਵਰਣ ਸੰਬੰਧੀ ਮਨੁੱਖ ਨੂੰ ਨੈਤਿਕ ਬਣਾਉਣਾ ਹੈ ਉੱਥੇ ਪ੍ਰਸਥਿਤੀ-ਵਿਗਿਆਨ ਤੋਂ ਵੀ ਬਹੁਤ ਮਦਦ ਲੈਣੀ ਹੈ। ਇਸ ਸੰਬੰਧੀ ਇਸ ਦੇ ਖੇਤਰ ਨਾਲ ਜਾਣ-ਪਹਿਚਾਣ ਕਰਨਾ ਕਾਫੀ ਲਾਹੇਵੰਦ ਹੈ।

**4.10.1 ਪ੍ਰਸਥਿਤੀ ਵਿਗਿਆਨ ਜੀਵਾਂ ਅਤੇ ਉਹਨਾਂ ਨਾਲ ਸੰਬੰਧਿਤ ਵਾਤਾਵਰਣ ਵਿਚਕਾਰ ਆਪਸੀ ਸੰਬੰਧਾਂ ਦਾ ਵਿਗਿਆਨ ਹੈ।** ਮੁੱਢਲੇ ਰੂਪ ਵਿੱਚ ਪ੍ਰਸਥਿਤੀ-ਵਿਗਿਆਨ ਦਾ ਮੁੱਖ ਮੰਤਵ ਜੀਵਾਂ ਅਤੇ ਵਾਤਾਵਰਣ ਵਿਚਕਾਰ ਆਪਸੀ-ਸੰਬੰਧਾਂ ਨੂੰ ਅਧਿਐਨ ਕਰਨਾ ਹੈ। ਇਹ ਇਨ੍ਹਾਂ ਵਿਚਲੇ ਸੰਬੰਧਾਂ ਦੇ ਉਹਨਾਂ ਨਿਯਮਾਂ ਦੀ ਖੋਜ ਕਰਦਾ ਹੈ ਜੋ ਇਨ੍ਹਾਂ ਨੂੰ ਕਾਇਮ ਰੱਖਦੇ ਹਨ। ਮਨੁੱਖ ਦੀ ਤਰ੍ਹਾਂ ਹਰ ਜੀਵ ਨੂੰ ਜੀਵਤ ਰਹਿਣ ਲਈ ਹਵਾ, ਪਾਣੀ, ਧਰਤੀ, ਖਾਣਾ, ਮੌਸਮ ਆਦਿ ਕਈ ਹਜ਼ਾਰਾਂ ਤੱਤਾਂ ਦੀ ਲੋੜ ਹੈ। ਇਨ੍ਹਾਂ ਸੰਬੰਧੀ ਕਿਵੇਂ ਇਹ ਤੱਤ ਜੀਵਨ ਦਾ ਆਧਾਰ ਹਨ, ਕਿਵੇਂ ਇਹ ਜੀਵਨ ਲਈ ਅਤਿ ਜ਼ਰੂਰੀ ਹਨ, ਕਿਵੇਂ ਇਹ ਆਪਸ ਵਿੱਚ ਇੱਕ ਦੂਸਰੇ ਤੇ ਨਿਰਭਰ ਹਨ, ਇਹ ਕਿਵੇਂ ਇੱਕ ਦੂਸਰੇ ਲਈ ਭੋਜਨ-ਪ੍ਰਣਾਲੀ ਬਣਾਉਂਦੇ ਹਨ, ਕਿਵੇਂ ਵਾਤਾਵਰਣ ਨੂੰ ਬਚਾਉਣਾ ਅਤਿ ਜ਼ਰੂਰੀ ਹੈ, ਕਿਸ ਪਾਸੇ ਗਿਰਾਵਟ ਹੋ ਰਹੀ ਹੈ, ਕਿਹੜੀਆਂ ਨਵੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਸਾਹਮਣੇ ਆ ਰਹੀਆਂ ਹਨ, ਕਿਵੇਂ ਵਾਤਾਵਰਣ ਦਾ ਦੁਰਉਪਯੋਗ ਅਤੇ ਸ਼ੋਸ਼ਣ ਹੋ ਰਿਹਾ ਹੈ ਆਦਿ ਸਭ ਪ੍ਰਸਥਿਤੀ-ਵਿਗਿਆਨ ਦਾ ਖੇਤਰ ਹਨ। ਜੈਵਿਕ ਅਤੇ ਅਜੈਵਿਕ (Biotic and Abiotic) ਦੇ ਆਪਸੀ ਸੰਬੰਧ ਪ੍ਰਸਥਿਤੀ ਵਿਗਿਆਨ ਦਾ ਮੁੱਖ ਖੇਤਰ ਹਨ।

**4.10.2ਇਹ ਸੰਪੂਰਣ ਸਮਾਜ ਅਤੇ ਹੋਰ ਕਈ ਵਿਸ਼ਿਆਂ ਨਾਲ ਸੰਬੰਧਤ ਹੈ:-**

ਪ੍ਰਸਥਿਤੀ-ਵਿਗਿਆਨ ਜਿੱਥੇ ਮੂਲ ਰੂਪ ਵਿੱਚ ਜੀਵਾਂ ਅਤੇ ਵਾਤਾਵਰਣ ਦੇ ਵਿਚਕਾਰ ਸੰਬੰਧਾਂ ਦਾ ਵਿਗਿਆਨ ਹੈ ਉੱਥੇ ਹੀ ਇਹ ਸੰਪੂਰਣ ਸਮਾਜ ਨਾਲ ਵੀ ਸੰਬੰਧਤ ਹੈ। ਜੀਵਾਂ ਵਿੱਚ ਮਨੁੱਖ ਵੀ ਸ਼ਾਮਿਲ ਹਨ ਅਤੇ ਇਹ ਇੱਕ ਤੱਥ ਹੈ ਕਿ ਮਨੁੱਖ ਇੱਕ ਸਮਾਜਿਕ ਜਾਨਵਰ ਹੈ। ਹੁਣ ਜਦ ਮਨੁੱਖ ਸਮਾਜ ਵਿੱਚ ਰਹਿੰਦੀਆਂ ਵਾਤਾਵਰਣ ਨਾਲ ਸੰਬੰਧ ਕਾਇਮ ਕਰਦਾ ਹੈ ਤਦ ਉਸ ਸੰਬੰਧੀ ਪੈਦਾ ਹੋਈਆਂ ਸਮੱਸਿਆਵਾਂ ਵੀ ਪ੍ਰਸਥਿਤੀ-ਵਿਗਿਆਨ ਦਾ ਖੇਤਰ ਹਨ। ਸਮਾਜ ਦੀਆਂ ਜੋ ਸਮੱਸਿਆਵਾਂ, ਹਾਲਤ ਅਤੇ ਪ੍ਰਸਥਿਤੀਆਂ ਮਨੁੱਖ ਨੂੰ ਵਾਤਾਵਰਣ ਨਾਲ ਛੇੜਛਾੜ ਕਰਨ, ਉਸ ਦਾ ਦੁਰਉਪਯੋਗ ਜਾਂ ਸ਼ੋਸ਼ਣ ਕਰਨ ਲਈ ਮਜ਼ਬੂਰ ਕਰਦੀਆਂ ਹਨ ਉਹ ਪ੍ਰਸਥਿਤੀ-ਵਿਗਿਆਨ ਦਾ ਖੇਤਰ ਹਨ। ਭਾਵੇਂ ਇਸਦਾ ਉਦੇਸ਼ ਸਮਾਜ ਨੂੰ ਸਮਝਣਾ ਨਹੀਂ ਹੈ ਪਰ ਇਸ ਨੂੰ ਆਪਣੇ ਉਦੇਸ਼ਾਂ ਤੱਕ ਪੁੱਜਣ ਲਈ ਸਮਾਜ ਦੀ ਛਾਣਬੀਣ ਕਰਨਾ ਜ਼ਰੂਰੀ ਹੈ।

**4.10.3ਇਹ ਵਾਤਾਵਰਣ ਵਿੱਚ ਸੰਤੁਲਨ ਅਤੇ ਏਕਤਾ ਦਾ ਅਧਿਐਨ ਕਰਦਾ ਹੈ :-**

ਪ੍ਰਸਥਿਤੀ-ਵਿਗਿਆਨ ਇੱਕ ਵਿਗਿਆਨ ਦੀ ਤਰ੍ਹਾਂ ਕੇਵਲ ਅਤੇ ਕੇਵਲ ਤੱਥਾਂ ਦੀ ਹੀ ਖੋਜ ਨਹੀਂ ਕਰਦਾ ਹੈ। ਜਿੱਥੇ ਇਹ ਜੀਵਾਂ ਅਤੇ ਮਨੁੱਖੀ ਸਮਾਜ ਦੇ ਨਾਲ ਵਾਤਾਵਰਣ ਦਾ ਅਧਿਐਨ ਵੀ ਕਰਦਾ ਹੈ ਉੱਥੇ ਹੀ ਇਸਦਾ ਉਦੇਸ਼ ਵਾਤਾਵਰਣ ਵਿਚਲੇ ਅੰਗਾਂ ਵਿੱਚ ਸੰਤੁਲਨ ਅਤੇ ਏਕਤਾ ਨੂੰ ਪਹਿਚਾਨਣਾ ਵੀ ਹੈ। ਜੀਵ ਆਮ ਰੂਪ ਵਿੱਚ ਜੀਵ-ਵਿਗਿਆਨ (Biology) ਦਾ ਵਿਸ਼ਾ ਹੈ। ਇਸ ਤਰ੍ਹਾਂ ਪ੍ਰਸਥਿਤੀ ਵਿਗਿਆਨ ਇਨ੍ਹਾਂ ਦੋਵਾਂ ਵਿੱਚ ਜੋ ਮਿਲਵਰਤਨ ਅਤੇ ਪ੍ਰਭਾਵਿਤ ਕਰਨ ਵਾਲੇ ਸੰਬੰਧ ਹਨ ਦਾ ਅਧਿਐਨ ਕਰਦਾ ਹੈ। ਵਾਤਾਵਰਣ ਦੇ ਅੰਗਾਂ ਦੇ ਆਪਸ ਵਿੱਚ ਕਈ ਰੂਪਾਂ ਵਿੱਚ ਕਈ ਸੰਬੰਧ ਹਨ, ਇਸੇ ਤਰ੍ਹਾਂ ਜੀਵ ਵੀ ਆਪਸ ਵਿੱਚ ਇੱਕ ਦੂਸਰੇ ਤੇ ਨਿਰਭਰ ਹਨ। ਠੀਕ ਇਸੇ ਤਰ੍ਹਾਂ ਜੀਵ ਵੀ ਪ੍ਰਤੱਖ ਜਾਂ

ਅਪ੍ਰੱਤਖ ਰੂਪਾਂ ਵਿੱਚ ਵਾਤਾਵਰਣ ਦੇ ਹਿੱਸਿਆਂ ਨਾਲ ਸੰਬੰਧਤ ਹੈ। ਇਨ੍ਹਾਂ ਸੰਬੰਧਾਂ ਕਾਰਣ ਵਾਤਾਵਰਣ ਵਿੱਚ ਸੰਤੁਲਨ ਅਤੇ ਏਕਤਾ ਹੈ। ਇਸੇ ਕਾਰਣ ਇਹ ਬਣਿਆ ਰਹਿੰਦਾ ਹੈ ਅਤੇ ਵਿਕਸਤ ਹੁੰਦਾ ਹੈ। ਪ੍ਰਸਥਿਤੀ-ਵਿਗਿਆਨ ਨੇ ਇਸੇ ਸੰਤੁਲਨ ਅਤੇ ਏਕਤਾ ਨੂੰ ਪਹਿਚਾਨਣਾ ਹੈ।

**4.10.4 ਇਹ ਵਿਗਿਆਨਤਮਕ ਅਤੇ ਆਦਰਸ਼ਾਤਮਕ ਦੋਵੇਂ ਹੈ:-**

ਮੁੱਖ ਰੂਪ ਵਿੱਚ ਪ੍ਰਸਥਿਤੀ-ਵਿਗਿਆਨ ਭੂਗੋਲ ਦੀ ਸ਼ਾਖਾ ਹੈ ਅਤੇ ਇਸ ਦਾ ਸਰੂਪ ਵਧੇਰੇ ਕਰਕੇ ਵਿਗਿਆਨਕ ਹੈ। ਭਾਵ ਇਹ ਹੋਰਾਂ ਵਿਗਿਆਨਾਂ ਦੀ ਤਰ੍ਹਾਂ ਕੁੱਝ ਤੱਥਾਤਮਕ ਸਮੱਸਿਆਵਾਂ ਦਾ ਹਲ ਲੱਭ ਕੇ ਉਹਨਾਂ ਸੰਬੰਧੀ ਅੰਕੜੇ ਇਕੱਠੇ ਕਰਕੇ ਉਹਨਾਂ ਦਾ ਸਰੂਪ ਦਰਸਾਉਂਦੀ ਹੈ। ਇਸ ਸੰਬੰਧੀ ਕਈ ਪ੍ਰਯੋਗ ਵੀ ਕੀਤੇ ਜਾਂਦੇ ਹਨ। ਪਰ ਜਿਵੇਂ ਕਿ ਅਸੀਂ ਉੱਪਰ ਪੜ੍ਹ ਚੁੱਕੇ ਹਾਂ ਕਿ ਇਹ ਜੀਵਾਂ ਅਤੇ ਵਾਤਾਵਰਣ ਵਿੱਚ ਸੰਬੰਧਾਂ ਦਾ ਵਿਗਿਆਨ ਹੈ। ਇਸ ਕਾਰਣ ਇਹ ਕੇਵਲ ਵਿਗਿਆਨਕ ਨਹੀਂ ਹੈ। ਸੰਬੰਧਾਂ ਨੂੰ ਦਰਸਾਉਣ ਦੇ ਨਾਲ-ਨਾਲ ਉਹਨਾਂ ਰਾਹੀਂ ਪੈਦਾ ਹੋ ਰਹੇ ਬੁਰੇ ਪ੍ਰਭਾਵ ਵੀ ਇਸ ਦਾ ਖੇਤਰ ਹਨ। ਇਨ੍ਹਾਂ ਬੁਰੇ ਪ੍ਰਭਾਵਾਂ ਪ੍ਰਤੀ ਮਨੁੱਖ ਨੂੰ ਸੁਚੇਤ ਕਰਨਾ, ਇਨ੍ਹਾਂ ਨੂੰ ਖਤਮ ਕਰਨ ਸੰਬੰਧੀ ਸੁਝਾਅ ਦੱਸਣਾ ਅਤੇ ਅੱਗੇ ਹੋ ਕੇ ਕੋਸ਼ਿਸ਼ਾਂ ਕਰਨੀਆਂ ਵੀ ਇਸ ਦਾ ਖੇਤਰ ਹੈ। ਭਾਵ ਇਹ ਜੀਵ ਖਾਸ ਕਰਕੇ ਮਨੁੱਖਾਂ ਅਤੇ ਵਾਤਾਵਰਣ ਵਿਚਕਾਰ ਸੰਬੰਧਾਂ ਪ੍ਰਤੀ ਮਨੁੱਖ ਨੂੰ ਚੇਤਨ ਕਰਦਿਆਂ ਉਨ੍ਹਾਂ ਨੂੰ ਉਪਯੋਗੀ ਬਣਾਏ ਰੱਖਣ ਵਿੱਚ ਮਨੁੱਖ ਨੂੰ ਉਪਦੇਸ਼ ਦਿੰਦਾ ਹੈ। ਇਸ ਤਰ੍ਹਾਂ ਇਹ ਆਦਰਸ਼ਾਤਮਕ ਵਿਗਿਆਨ ਵੀ ਹੈ। ਇਸ ਸੰਬੰਧੀ ਇਹ ਮਨੁੱਖ ਨੂੰ ਗਿਆਨ ਦਿੰਦਾ ਹੈ ਅਤੇ ਉਸ ਨੂੰ ਸੁਚੇਤ ਕਰਦਾ ਹੈ। ਇਸ ਕਾਰਣ J Maddox ਨੇ ਇਸ ਨੂੰ ਮਨ ਦੀ ਸਥਿਤੀ (A state of the mind) ਅਤੇ R.F. Dasmann ਨੇ ਇੱਕ ਏਕਤਾਤਮਕ ਸਮਾਜਿਕ ਲਹਿਰ (A Unifying Social Movement) ਕਹਿ ਕੇ ਪ੍ਰਗਟ ਕੀਤਾ ਹੈ।

**4.10.5 ਇਹ ਵਾਤਾਵਰਣ ਸੰਬੰਧੀ ਸਮੱਸਿਆਵਾਂ ਦੇ ਹੱਲ ਨਾਲ ਵੀ ਸੰਬੰਧਿਤ ਹੈ:-**

ਜਿਵੇਂ ਕਿ ਅਸੀਂ ਉੱਪਰ ਪੜ੍ਹ ਚੁੱਕੇ ਹਾਂ ਕਿ ਇਹ ਇੱਕ ਆਦਰਸ਼ਾਤਮਕ ਵਿਗਿਆਨ ਵੀ ਹੈ, ਇਹ ਕੇਵਲ ਵਾਤਾਵਰਣ ਅਤੇ ਜੀਵਾ ਵਿਚਲੇ ਸੰਬੰਧਾਂ ਦਾ ਹੀ ਵਿਸ਼ਲੇਸ਼ਣ ਅਤੇ ਜੀਵਾਂ ਵਿਚਲੇ ਸੰਬੰਧਾਂ ਦਾ ਹੀ ਵਿਸ਼ਲੇਸ਼ਣ ਨਹੀਂ ਕਰਦਾ, ਬਲਕਿ ਉਹਨਾਂ ਸੰਬੰਧੀ ਪੈਦਾ ਹੋਈਆਂ ਭਿਆਨਕ ਚੁਣੌਤੀਆਂ ਨੂੰ ਵੀ ਮਨੁੱਖ ਦੇ ਸਾਹਮਣੇ ਰੱਖਦਾ ਹੈ। ਇਨ੍ਹਾਂ ਹੀ ਨਹੀਂ ਇਹ ਵਿਗਿਆਨਕ ਹੋਣ ਕਾਰਣ ਇਨ੍ਹਾਂ ਭਿਆਨਕ ਚੁਣੌਤੀਆਂ ਦੇ ਸਹੀ ਹੱਲ ਦਾ ਰਾਹ ਵੀ ਦੱਸਦਾ ਹੈ। N. Simon ਅਤੇ P. Gerondet ਨੇ ਪ੍ਰਸਥਿਤੀ ਵਿਗਿਆਨ ਦੇ ਇਸ ਖਾਸ ਯੋਗਦਾਨ ਤੇ ਵਧੇਰੇ ਜ਼ੋਰ ਦਿੱਤਾ ਹੈ। ਇਸ ਤਰ੍ਹਾਂ ਇਹ ਹੋਰਾਂ ਵਿਗਿਆਨਾਂ ਦੀ ਤਰ੍ਹਾਂ ਇੱਕ ਕਿਤਾਬੀ ਅਤੇ ਪ੍ਰਯੋਗਸ਼ਾਲਾ ਵਿੱਚ ਰਹਿਣ ਵਾਲਾ ਵਿਗਿਆਨ ਨਹੀਂ ਹੈ ਬਲਕਿ ਸਮੱਸਿਆਵਾਂ ਨੂੰ ਲੱਭ ਕੇ ਉਹਨਾਂ ਦਾ ਸਰੂਪ ਸਮਝ ਕੇ ਉਹਨਾਂ ਨਾਲ ਲੜਦਾ ਹੈ, ਲੜਨ ਦੇ ਤਰੀਕੇ ਸਮਝਾਉਂਦਾ ਹੈ।

**4.10.6 ਇਹ ਜੀਵਾਂ ਦੇ ਆਪਣੇ ਅਸਤਿੱਤਵ ਲਈ ਸੰਘਰਸ਼ ਦਾ ਵਿਗਿਆਨ ਹੈ**

**(It is the study of the struggle of the living beings for their existence):-**

ਮਸ਼ਹੂਰ ਵਿਕਾਸਵਾਦੀ (Evolutionist) Charles Darwin ਨੇ ਪ੍ਰਸਥਿਤੀ-ਵਿਗਿਆਨ ਦੀ ਇੱਕੋ-ਇੱਕ ਪਰਿਭਾਸ਼ਾ ਇਹ ਦਿੱਤੀ ਹੈ ਕਿ ਇਹ ਜੀਵਾਂ ਦੇ ਆਪਣੇ ਅਸਤਿੱਤਵ ਲਈ ਸੰਘਰਸ਼ ਦਾ ਵਿਗਿਆਨ ਹੈ। ਉਸ ਅਨੁਸਾਰ ਇਸ ਕੁਦਰਤ ਵਿੱਚ ਹਰ ਪਲ ਹਰ ਸਥਾਨ ਹਰ ਇੱਕ ਵਸਤੂ ਵਿੱਚ ਹੌਲੀ-ਹੌਲੀ ਵਿਕਾਸ ਹੁੰਦਾ ਹੈ। ਇਸ ਵਿਕਾਸ ਦੀ ਪ੍ਰਕ੍ਰਿਆ ਵਿੱਚ ਜੀਵਾ ਨੂੰ ਆਪਣੇ ਆਪ ਨੂੰ ਬਣਾਏ ਰੱਖਣ ਲਈ ਖੂਬ ਸੰਘਰਸ਼ ਕਰਨਾ ਪੈਂਦਾ ਹੈ। ਹਰ ਜੀਵ ਨੂੰ ਭੋਜਨ ਦੀ ਖਾਸ ਜ਼ਰੂਰਤ ਹੈ। ਇਸ ਲਈ ਕਈ ਜਾਨਵਰ ਜਾਂ ਜੀਵ ਦੂਸਰੇ ਜੀਵਾਂ ਨੂੰ ਆਪਣਾ ਭੋਜਨ ਬਣਾਉਂਦੇ ਹਨ। ਇਸ ਤਰ੍ਹਾਂ ਹਰ ਜੀਵ ਆਪਣੇ ਆਪ ਨੂੰ ਪਾਲਣ ਲਈ ਹਰ ਪ੍ਰਕਾਰ ਦੀ ਕੋਸ਼ਿਸ਼ ਕਰਦਾ ਹੈ। ਅਜਿਹਾ ਕਰਨਾ ਉਸ ਦੀ ਬਹੁਤ ਹੀ ਜ਼ਰੂਰੀ ਲੋੜ ਹੈ। ਇਸ ਤੋਂ ਇਲਾਵਾ ਕਈ ਪ੍ਰਕਾਰ ਦੀਆਂ ਕੁਦਰਤੀ ਮੁਸ਼ਕਿਲਾਂ ਅਤੇ ਆਫ਼ਤਾ ਵੀ ਜੀਵਾ ਦੇ ਜੀਵਨ ਲਈ ਖਤਰਾ ਬਣਦੀਆਂ ਹਨ। ਭਾਵੇਂ ਕਈ ਜੀਵ ਇਨ੍ਹਾਂ ਨਾਲ ਸੰਘਰਸ਼ ਦੌਰਾਨ ਨਸ਼ਟ ਹੋ ਜਾਂਦੇ ਹਨ ਲੇਕਿਨ ਸੰਘਰਸ਼ ਅਜੇ ਤੱਕ ਕਰਨਾ ਪੈਂਦਾ ਹੈ। ਇਸ ਸੰਘਰਸ਼ ਦੌਰਾਨ ਗਤੀਵਿਧੀਆਂ ਪ੍ਰਸਥਿਤੀ-ਵਿਗਿਆਨ ਦਾ ਖੇਤਰ ਹਨ।

**4.10.7 ਪ੍ਰਦੂਸ਼ਣ ਸੰਬੰਧੀ ਸਹਾਇਕ :-**

ਪ੍ਰਸਥਿਤੀ-ਵਿਗਿਆਨ ਵਾਤਾਵਰਣ ਸੰਬੰਧੀ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਹੈ। ਪ੍ਰਦੂਸ਼ਣ ਦੀ

ਸਮੱਸਿਆ ਇਨ੍ਹਾਂ ਵਿੱਚੋਂ ਸਭ ਤੋਂ ਵੱਧ ਭਿਆਨਕ ਹੈ। ਇਹ ਕਈ ਪ੍ਰਕਾਰ ਦਾ ਹੁੰਦਾ ਹੈ ਜਿਵੇਂ- ਹਵਾ, ਪਾਣੀ, ਧਰਤੀ, ਧੁਨੀ ਆਦਿ। ਇਹ ਮਨੁੱਖੀ ਸੱਤਾ ਅਤੇ ਕੁਦਰਤ ਦੇ ਪਤਨ ਦਾ ਸਭ ਤੋਂ ਵੱਡਾ ਕਾਰਣ ਬਣਦਾ ਜਾ ਰਿਹਾ ਹੈ। ਪ੍ਰਸਥਿਤੀ-ਵਿਗਿਆਨ ਆਪਣੇ ਫਰਜ਼ ਅਤੇ ਉਦੇਸ਼ ਨੂੰ ਸਮਝਦਿਆਂ ਪ੍ਰਦੂਸ਼ਣ ਨੂੰ ਖਤਮ ਕਰਨ ਸੰਬੰਧੀ ਮਨੁੱਖ ਦੀ ਖੂਬ ਮਦਦ ਕਰਦਾ ਹੈ। ਪ੍ਰਦੂਸ਼ਣ ਨੂੰ ਖਤਮ ਕਰਨ ਸੰਬੰਧੀ ਉਸ ਦੇ ਸਰੂਪ, ਪੈਦਾ ਹੋਣ ਦੇ ਕਾਰਣ ਅਤੇ ਇਸ ਨਾਲ ਲੜਣ ਦੇ ਸੁਝਾਅ ਆਦਿ ਸੱਭ ਮੁੱਢਲੇ ਹਨ। ਪ੍ਰਸਥਿਤੀ-ਵਿਗਿਆਨ ਇਨ੍ਹਾਂ ਸੰਬੰਧੀ ਬਹੁਤ ਯੋਗ ਸਿੱਧ ਹੁੰਦਾ ਹੈ।

**4.10.8 ਪ੍ਰਸਥਿਤੀ-ਪ੍ਰਣਾਲੀ ਨਾਲ ਸਹਾਇਕ :-**

ਪ੍ਰਸਥਿਤੀ-ਵਿਗਿਆਨ ਆਪਣੇ ਉਦੇਸ਼ਾਂ ਵਿੱਚ ਪ੍ਰਸਥਿਤੀ-ਪ੍ਰਣਾਲੀ ਨਾਲ ਵੀ ਸੰਬੰਧਤ ਹੈ। ਪ੍ਰਸਥਿਤੀ ਪ੍ਰਣਾਲੀ ਤੋਂ ਭਾਵ ਉਹ ਪ੍ਰਣਾਲੀ ਜੋ ਜੀਵਾਂ ਅਤੇ ਵਾਤਾਵਰਣ ਵਿਚਕਾਰ ਸੰਬੰਧਾਂ ਤੋਂ ਬਣੀ ਹੈ। ਇਨ੍ਹਾਂ ਵਿਚਕਾਰ ਸੰਬੰਧਾਂ ਦੀ ਤਰਤੀਬ ਨੂੰ ਪ੍ਰਸਥਿਤੀ-ਪ੍ਰਣਾਲੀ ਕਿਹਾ ਜਾਂਦਾ ਹੈ। ਇਸੇ ਪ੍ਰਣਾਲੀ ਨੂੰ ਚੰਗੀ ਤਰ੍ਹਾਂ ਸਮਝਣ ਤੋਂ ਬਾਅਦ ਹੀ ਇਨ੍ਹਾਂ ਰਾਹੀਂ ਪੈਦਾ ਹੋਈਆਂ ਖਤਰਨਾਕ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕਦਾ ਹੈ।

**4.10.9 ਜਨ-ਸੰਖਿਆ, ਕੌਮ ਅਤੇ ਜੀਵ-ਮੰਡਲ :-**

ਉਪਰੋਕਤ ਖੇਤਰਾਂ ਤੋਂ ਇਲਾਵਾ ਜਨ-ਸੰਖਿਆ ਖਾਸ ਕਰਕੇ ਵਧਦੀ ਜਨ-ਸੰਖਿਆ ਵੀ ਪ੍ਰਸਥਿਤੀ ਵਿਗਿਆਨ ਦਾ ਖੇਤਰ ਹੈ ਕਿਉਂਕਿ ਵਧੀ ਜਨ-ਸੰਖਿਆ ਵਾਤਾਵਰਣ ਨੂੰ ਪ੍ਰਭਾਵਿਤ ਕਰਦੀ ਹੈ। ਉਹ ਵਧੀ ਜਨ-ਸੰਖਿਆ ਨੂੰ ਖਾਣ-ਪੀਣ ਅਤੇ ਰਹਿਣ ਲਈ ਜੋ ਸਾਧਨ ਚਾਹੀਦੇ ਹਨ ਉਹ ਇਸੇ ਸੀਮਤ ਵਾਤਾਵਰਣ ਵਿੱਚੋਂ ਇਕੱਠੇ ਕਰਨੇ ਪੈਂਦੇ ਹਨ ਜਿਸ ਕਾਰਣ ਇਕ ਸਹਿਜ ਰੂਪੀ ਵਾਤਾਵਰਣ ਤੇ ਭਾਰ ਪੈਂਦਾ ਹੈ ਅਤੇ ਇਹ ਵਿਗੜ ਜਾਂਦਾ ਹੈ। ਇਸੇ ਤਰ੍ਹਾਂ ਕੌਮਾਂ ਦਾ ਅਧਿਐਨ ਕਰਨਾ ਵੀ ਇਸ ਦਾ ਖੇਤਰ ਹੈ। ਕਈ ਕੌਮਾਂ ਆਪਣੇ ਖਾਸ ਸੁਭਾਅ ਕਾਰਣ ਵਾਤਾਵਰਣ ਦੇ ਵਧੇਰੇ ਹਮਲੇ ਕਰਦੀਆਂ ਹਨ। ਜੀਵ-ਮੰਡਲ ਵੀ ਪ੍ਰਸਥਿਤੀ ਵਿਗਿਆਨ ਦਾ ਵਿਸ਼ਾ ਵਸਤੂ ਹੈ। ਉਸ ਮੰਡਲ ਜਾਂ ਵਾਤਾਵਰਣ ਦੇ ਖੇਤਰ ਨੂੰ ਜੀਵ-ਮੰਡਲ ਕਹਿੰਦੇ ਹਨ ਜਿੱਥੇ ਜੀਵ ਰਹਿੰਦੇ ਹਨ ਜਾਂ ਰਹਿ ਸਕਦੇ ਹਨ ਕਿਉਂਕਿ ਜੀਵਾਂ ਨੂੰ ਰਹਿਣ ਲਈ ਕੁਝ ਖਾਸ ਵਾਤਾਵਰਣ ਅਤੇ ਤੱਤਾਂ ਦੀ ਜ਼ਰੂਰਤ ਪੈਂਦੀ ਹੈ। ਉਸ ਖੇਤਰ ਜਾਂ ਵਾਤਾਵਰਣ ਦੇ ਹਿੱਸੇ ਨੂੰ ਜੀਵ ਮੰਡਲ ਕਿਹਾ ਜਾਂਦਾ ਹੈ ਜਿੱਥੇ ਇਹ ਤੱਤ ਮੌਜੂਦ ਹਨ। ਵਾਯੂਮੰਡਲ ਥਲ-ਮੰਡਲ ਅਤੇ ਜਲ-ਮੰਡਲ ਸਾਰੇ ਜੀਵ ਮੰਡਲ ਹਨ।

**4.10.10 ਕੁਦਰਤੀ ਸੰਭਾਲ ਅਤੇ ਵਾਤਾਵਰਣ ਪ੍ਰਬੰਧ:-**

ਕੁਦਰਤ ਨੂੰ ਸੰਭਾਲਣਾ ਅਤੇ ਵਾਤਾਵਰਣ ਦਾ ਸਹੀ ਰੂਪ ਵਿੱਚ ਪ੍ਰਬੰਧ ਬਣਾਏ ਰੱਖਣਾ ਵੀ ਪ੍ਰਸਥਿਤੀ ਵਿਗਿਆਨ ਦਾ ਵਿਸ਼ਾ-ਵਸਤੂ ਹੈ। ਵਾਤਾਵਰਣ ਨੂੰ ਸੋਚ ਸਮਝ ਅਨੁਸਾਰ ਕੇਵਲ ਮਨੁੱਖ ਹੀ ਬਚਾ ਸਕਦੇ ਹਨ। ਇਸ ਸੰਬੰਧੀ ਪ੍ਰਸਥਿਤੀ-ਵਿਗਿਆਨ ਇੱਕ ਅਹਿਮ ਅਤੇ ਕੇਂਦਰੀ ਰੋਲ ਅਦਾ ਕਰਦਾ ਹੈ। ਕੁਦਰਤ ਨੂੰ ਕਿਵੇਂ ਸੰਭਾਲਿਆ ਜਾਵੇ ਅਤੇ ਵਾਤਾਵਰਣ ਦਾ ਸਹੀ ਪ੍ਰਬੰਧ ਕਿਵੇਂ ਕੀਤਾ ਜਾਵੇ ਇਹ ਵੀ ਪ੍ਰਸਥਿਤੀ-ਵਿਗਿਆਨ ਨੂੰ ਵੇਖਣਾ ਪੈਂਦਾ ਹੈ। ਕਿਵੇਂ ਉਹਨਾਂ ਵਸਤੂ ਜਾਂ ਵਾਧੂ ਸਮਾਨ ਨੂੰ ਵਰਤਿਆ ਜਾਵੇ ਜੋ ਵਾਤਾਵਰਣ ਨੂੰ ਖਰਾਬ ਕਰਦੇ ਹਨ, ਤਾਂ ਜੋ ਉਹ ਨੁਕਸਾਨ ਦੀ ਬਜਾਇ ਫਾਇਦੇਮੰਦ ਹੋ ਸਕਣ। ਜਿਵੇਂ ਪੰਜਾਬ ਸਰਕਾਰ ਵੱਲੋਂ ਥਰਮਲ-ਪਲਾਂਟ ਦੀ ਸੁਆਹ ਨੂੰ ਇੱਟਾਂ ਵਾਲੀ ਮਿੱਟੀ ਵਿੱਚ ਮਿਲਾ ਕੇ ਵਰਤਣ ਸੰਬੰਧੀ ਸੁਝਾਅ, ਪ੍ਰਾਲੀ (Waste of Paddy) ਦਾ ਬਿਜਲੀ ਬਣਾਉਣ ਵਿੱਚ ਪ੍ਰਯੋਗ ਆਦਿ। ਇਸ ਤੋਂ ਇਲਾਵਾ ਧਰਤੀ ਹੇਠਲੇ ਖਣਿਜ ਪਦਾਰਥਾਂ ਦਾ ਦੁਰਉਪਯੋਗ ਰੋਕਣਾ, ਪੀਣ ਵਾਲੇ ਪਾਣੀ ਦਾ ਸਦਉਪਯੋਗ ਕਰਨਾ ਸਿਖਾਉਣਾ ਆਦਿ ਵੀ ਪ੍ਰਸਥਿਤੀ ਵਿਗਿਆਨ ਦਾ ਖੇਤਰ ਹਨ।

ਇਸ ਤਰ੍ਹਾਂ ਪ੍ਰਸਥਿਤੀ-ਵਿਗਿਆਨ ਦਾ ਖੇਤਰ ਬਹੁਤ ਵਿਸ਼ਾਲ ਹੈ। ਇਹ ਕੇਵਲ ਇੱਕ ਵਿਗਿਆਨ ਹੀ ਨਹੀਂ ਬਲਕਿ ਮਨੁੱਖ ਦੇ ਭਵਿੱਖ ਦਾ ਆਧਾਰ ਬਣਾਉਣ ਵਾਲਾ ਵਿਗਿਆਨ ਹੈ।

**ਪਾਠ ਸੰਬੰਧਿਤ ਪ੍ਰਸ਼ਨ (Textual Questions)** **ਅੰਕ-2**

1. ਪ੍ਰਸਥਿਤੀ ਵਿਗਿਆਨ ਦਾ ਅਰਥ ਸਮਝਾਉ।
2. ਪ੍ਰਸਥਿਤੀ-ਵਿਗਿਆਨ ਦੇ ਉਦੇਸ਼ ਸੰਖੇਪ ਵਿੱਚ ਦਰਸਾਉ।

**4.11 ਪ੍ਰਸਥਿਤੀ ਪ੍ਰਣਾਲੀ (Eco-System)**

ਵਾਤਾਵਰਣ ਨੀਤੀ-ਸ਼ਾਸਤਰ ਨੂੰ ਸਮਝਣ ਅਤੇ ਵਿਵਹਾਰ ਵਿੱਚ ਲਾਗੂ ਕਰਨ ਤੋਂ ਪਹਿਲਾਂ ਵਾਤਾਵਰਣ ਸੰਬੰਧੀ ਬਣੇ

ਸਾਰੇ ਸਿਧਾਂਤਾਂ ਅਤੇ ਇਸ ਦੇ ਅਧਿਐਨ ਸੰਬੰਧੀ ਬਣੇ ਸਾਰੇ ਪੱਖਾਂ ਨੂੰ ਜਾਨਣਾ ਅਤਿ ਜ਼ਰੂਰੀ ਹੈ। ਅਸੀਂ ਪ੍ਰਸਥਿਤੀ-ਵਿਗਿਆਨ ਬਾਰੇ ਜਾਣ ਚੁੱਕੇ ਹਾਂ ਕਿ ਇਹ ਵੀ ਵਾਤਾਵਰਣ ਅਤੇ ਜੀਵਾਂ ਵਿਚਲੇ ਸੰਬੰਧਾਂ ਦਾ ਅਧਿਐਨ ਕਰਦਾ ਹੈ। ਪਰ ਜਿਸ ਉਦੇਸ਼ ਪ੍ਰਤੀ ਅਸੀਂ ਇਹ ਸਭ ਅਧਿਐਨ ਕਰ ਰਹੇ ਹਾਂ ਉੱਥੇ ਪ੍ਰਸਥਿਤੀ-ਵਿਗਿਆਨ ਤੋਂ ਇਲਾਵਾ ਪ੍ਰਸਥਿਤੀ-ਪ੍ਰਣਾਲੀ (Ecosystem) ਦਾ ਪ੍ਰਯੋਗ ਵਧੇਰੇ ਹੁੰਦਾ ਹੈ। ਇਹ ਪ੍ਰਸਥਿਤੀ-ਵਿਗਿਆਨ ਨਾਲੋਂ ਵੱਧ ਨੀਤੀ-ਸ਼ਾਸ਼ਤਰ ਦੇ ਨੇੜੇ ਹੈ।

**4.12 ਅਰਥ (Meaning):-**

ਆਮ ਅਰਥਾਂ ਵਿੱਚ ਵਾਤਾਵਰਣ ਵਿੱਚ ਇਸ ਦੇ ਪ੍ਰਮੁੱਖ ਅੰਗਾਂ ਵਿੱਚ ਸੰਬੰਧਾਂ ਦੀ ਜੋ ਪ੍ਰਣਾਲੀ (System) ਹੈ, ਉਸ ਨੂੰ ਪ੍ਰਸਥਿਤੀ-ਪ੍ਰਣਾਲੀ ਕਹਿੰਦੇ ਹਨ। ਵਾਤਾਵਰਣ ਵਿੱਚ ਜੈਵਿਕ ਅਤੇ ਅਜੈਵਿਕ ਤੱਤਾਂ ਵਿਚਲੇ ਜਿੰਨ੍ਹਾਂ ਸੰਬੰਧਾਂ ਦਾ ਅਧਿਐਨ ਪ੍ਰਸਥਿਤੀ-ਵਿਗਿਆਨ ਕਰਦਾ ਹੈ ਉਹ ਸੰਬੰਧ ਕਿਸੇ ਖਾਸ ਤਰਤੀਬ, ਕ੍ਰਮ ਜਾਂ ਸਕੀਮ ਦੇ ਅਧੀਨ ਹਨ; ਉਸ ਨੂੰ ਅਸੀਂ ਪ੍ਰਣਾਲੀ ਵੀ ਕਹਿ ਸਕਦੇ ਹਾਂ। ਇਹ Ecology ਦੇ ਖੇਤਰ ਦੀ ਪ੍ਰਣਾਲੀ ਹੈ ਇਸ ਲਈ ਇਸ ਨੂੰ Eco+System=Ecosystem ਕਹਿੰਦੇ ਹਨ। ਇਸ ਸ਼ਬਦ ਦਾ ਸਭ ਤੋਂ ਪਹਿਲਾਂ ਪ੍ਰਯੋਗ ਬਰਤਾਨੀਆ ਦੇ ਇੱਕ ਵਿਗਿਆਨੀ A.G. Tansely ਨੇ 1935 ਵਿੱਚ ਕੀਤਾ।

**4.13 ਪਰਿਭਾਸ਼ਾਵਾਂ (Definitions):-**

**A.G. Tansley** ਦੇ ਅਨੁਸਾਰ, ਪ੍ਰਸਥਿਤੀ-ਪ੍ਰਣਾਲੀ ਜੈਵਿਕ ਅਤੇ ਅਜੈਵਿਕ ਤੱਤਾਂ ਨਾਲ ਬਣਿਆ ਸਰੀਰਕ ਪ੍ਰਣਾਲੀਆਂ ਦਾ ਇੱਕ ਖਾਸ ਵਰਗ ਹੈ ਜੋ ਖੁੱਲਾ ਕਈ ਕਿਸਮਾਂ ਅਤੇ ਖੇਤਰਾਂ ਦਾ ਹੈ ਅਤੇ ਜੋ ਇੱਕ ਸਥਿਰ ਸੰਤੁਲਨ ਵਿੱਚ ਹੈ (Ecosystem is a particular category of physical systems consisting of organic and inorganic components in a relatively statble equilibrium, open and various sizes and kinds.)

**F.R. Fosberg** ਦੇ ਅਨੁਸਾਰ, ਪ੍ਰਸਥਿਤੀ-ਪ੍ਰਣਾਲੀ ਸਰੀਰਕ ਅਤੇ ਜੈਵਿਕ ਕਿਸਮ ਦੇ ਬਣੇ ਇੱਕ ਜਾਂ ਵੱਧ ਜੈਵਿਕ ਤੱਤਾਂ ਅਤੇ ਉਹਨਾਂ ਦੇ ਪ੍ਰਭਾਵਸ਼ਾਲੀ ਵਾਤਾਵਰਣ ਦੀ ਬਣੀ ਇੱਕ ਕੰਮ ਕਰ ਰਹੀ ਜਾਂ ਆਕਰਸ਼ਿਤ ਕਰ ਰਹੀ ਪ੍ਰਣਾਲੀ ਹੈ (Ecosystem is a functioning interacting system composed of one or more living organisms and their effective environmnet, both physical and biological)।

**A.N. Strahler** ਦੇ ਅਨੁਸਾਰ, ਕਿਸੇ ਜੈਵਿਕ ਤੱਤਾਂ ਦੇ ਗਰੁੱਪ ਨਾਲ ਪ੍ਰਕ੍ਰਿਆ ਕਰ ਰਹੇ ਤੱਤਾਂ ਦੇ ਸੰਪੂਰਣ ਇਕੱਠ ਨੂੰ ਪ੍ਰਸਥਿਤੀਆਤਮਕ ਪ੍ਰਣਾਲੀ ਜਾਂ ਸਾਧਾਰਣ ਸ਼ਬਦਾਂ ਵਿੱਚ ਪ੍ਰਸਥਿਤੀ-ਪ੍ਰਣਾਲੀ ਵਜੋਂ ਜਾਣਿਆ ਜਾਂਦਾ ਹੈ (The total assemblage of components interacting with a group of organisms is known as ecological system or more simple an ecosystem)।

**4.14 ਪ੍ਰਸਥਿਤੀ-ਪ੍ਰਣਾਲੀ ਬਣਾਉਣ ਵਾਲੇ ਤੱਤ:**

ਜਿਵੇਂ ਕਿ ਅਸੀਂ ਜਾਣ ਚੁੱਕੇ ਹਾਂ ਕਿ ਜੈਵਿਕ, ਅਜੈਵਿਕ ਤੱਤਾਂ ਅਤੇ ਉਨਾਂ ਦੇ ਆਲੇ-ਦੁਆਲੇ ਦੇ ਵਾਤਾਵਰਣ ਵਿਚਲੇ ਸੰਬੰਧਾਂ ਨੂੰ ਪ੍ਰਸਥਿਤੀ-ਪ੍ਰਣਾਲੀ ਕਹਿੰਦੇ ਹਨ। ਇੱਥੇ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਹ ਸੰਬੰਧ ਬਣਾਉਣ ਵਾਲੇ ਤੱਤ ਕਿਹੜੇ-ਕਿਹੜੇ ਹਨ? ਇੱਕ ਪ੍ਰਸਥਿਤੀ ਪ੍ਰਣਾਲੀ ਵਿੱਚ ਮੁੱਖ ਤਿੰਨ ਪ੍ਰਕਾਰ ਦੇ ਤੱਤ ਸ਼ਾਮਿਲ ਹੁੰਦੇ ਹਨ:

4.14.1 ਊਰਜਾ ਤੱਤ (Energy Components)

4.14.2 ਜੈਵਿਕ ਤੱਤ ਜਾਂ ਬਾਇਉਮ (Biotic components or Biome)

4.14.3 ਅਜੈਵਿਕ ਤੱਤ ਜਾਂ ਹੈਬੀਟੈਟ (Abiotic Components or Habitat)।

**4.14.1 ਉਰਜਾ ਤੱਤ (Energy Components):**

ਹਰ ਪ੍ਰਸਥਿਤੀ-ਪ੍ਰਣਾਲੀ ਵਿੱਚ ਊਰਜਾ ਇੱਕ ਪ੍ਰਮੁੱਖ ਤੱਤ ਹੈ। ਇਹ ਉਸ ਪ੍ਰਣਾਲੀ ਵਿਚਲੇ ਬਾਕੀ ਤੱਤਾਂ ਵਿੱਚ ਕਿਰਿਆ ਦਾ ਸਾਧਨ ਬਣਦੀ ਹੈ ਅਤੇ ਉਹਨਾਂ ਨੂੰ ਅੱਗੇ ਪਿੱਛੇ ਜਾਣ ਪ੍ਰਤੀ ਸਹਾਇਕ ਹੁੰਦੀ ਹੈ। ਊਰਜਾ ਦੇ ਪ੍ਰਮੁੱਖ ਦੋ ਸਾਧਨ ਹਨ - ਸੂਰਜ ਅਤੇ ਥਰਮਲ-ਪਲਾਂਟ। ਇੱਕ ਪ੍ਰਸਥਿਤੀ-ਪ੍ਰਣਾਲੀ ਵਿੱਚ ਸੂਰਜ ਦੀ ਊਰਜਾ ਦਾ ਯੋਗਦਾਨ ਵਧੇਰੇ ਹੈ।

**4.14.2 ਜੈਵਿਕ ਤੱਤ ਜਾਂ ਬਾਇਉਮ (Biotic components or Biome):**

A.G. Translay ਨੇ ਇੱਕ ਪ੍ਰਸਥਿਤੀ-ਪ੍ਰਣਾਲੀ ਦੇ ਦੋ ਪ੍ਰਮੁੱਖ ਅੰਗ ਦੱਸੇ ਹਨ- Biome ਅਤੇ Habitat। ਜੈਵਿਕ ਤੱਤ ਵਿੱਚ ਪੌਦੇ, ਪਸ਼ੂ ਅਤੇ ਜੀਵ-ਜੰਤੂ (Micro-organisms) ਸ਼ਾਮਿਲ ਹਨ। ਇਨ੍ਹਾਂ ਜੈਵਿਕ ਤੱਤਾਂ ਨੂੰ ਉਹਨਾਂ ਦੇ ਕੰਮ ਦੇ ਆਧਾਰ ਤੇ ਅੱਗੇ ਫਿਰ ਤਿੰਨ ਭਾਗਾਂ ਵਿੱਚ ਵਰਗੀਕ੍ਰਿਤ ਕੀਤਾ ਗਿਆ ਹੈ -

**4.14.2.1 ਉਤਪਾਦਕ (Producers):**

ਹਰੇ ਪੌਦੇ (autotrophs) ਜੋ ਪ੍ਰਕਾਸ਼ ਸ਼ੰਸ਼ਲੇਸ਼ਣ (Photo-synthesis) ਰਾਹੀਂ ਸੂਰਜ ਦੀ ਰੋਸ਼ਨੀ ਤੇ ਆਪਣਾ ਭੋਜਨ ਤਿਆਰ ਕਰਦੇ ਹਨ। ਵੱਖ-ਵੱਖ ਪ੍ਰਸਥਿਤੀ-ਪ੍ਰਣਾਲੀਆਂ ਵਿੱਚ ਵੱਖ-ਵੱਖ ਕਿਸਮ ਦੇ ਪੌਦੇ ਮਿਲਦੇ ਹਨ। ਇਹ ਭੋਜਨ ਲੜੀ (Good-chain) ਦੀ ਸਭ ਤੋਂ ਪਹਿਲੀ ਕੜੀ ਹੁੰਦੇ ਹਨ।

**4.14.2.2 ਖਪਤਕਾਰ ਜਾਂ ਉਪਭੋਗੀ (Consumers):**

ਇਹ ਉਹ ਜੈਵਿਕ ਤੱਤ ਹਨ ਜੋ ਪੌਦਿਆਂ ਤੇ ਨਿਰਭਰ ਹਨ। ਇਹ ਪੌਦਿਆਂ ਨੂੰ ਆਪਣਾ ਭੋਜਨ ਬਣਾਉਂਦੇ ਹਨ। ਸਾਰੇ ਹੀ ਜੀਵ ਇਸ ਵਰਗ ਵਿੱਚ ਸ਼ਾਮਿਲ ਹਨ। ਇਹ ਅੱਗੇ ਫਿਰ ਚਾਰ ਪ੍ਰਕਾਰ ਦੇ ਭਾਗਾਂ ਵਿੱਚ ਵੰਡੇ ਗਏ ਹਨ -

| | | |
|---|---|---|
| **(i)** | **ਪ੍ਰਾਇਮਰੀ (Primary)** | ਇਹ ਸ਼ਾਕਾਹਾਰੀ ਜਾਨਵਰ ਹਨ ਜੋ ਸਿਰਫ ਪੌਦੇ ਹੀ ਖਾਂਦੇ ਹਨ। |
| **(ii)** | **ਸੈਕੰਡਰੀ (Secondary)** | ਇਸ ਵਿਚ ਮਾਸਾਹਾਰੀ ਜਾਨਵਰ ਹਨ ਜੋ ਪ੍ਰਾਇਮਰੀ ਖਪਤਕਾਰ ਨੂੰ ਆਪਣਾ ਭੋਜਨ ਬਣਾਉਂਦੇ ਹਨ। |
| **(iii)** | **ਟਰਸ਼ਰੀ (Tertiary)** | ਮਾਸਾਹਾਰੀ ਅਤੇ ਸ਼ਾਕਾਹਾਰੀ ਦੋਵਾਂ ਪ੍ਰਕਾਰ ਦੇ ਖਪਤਕਾਰਾਂ ਨੂੰ ਟਰਸ਼ਰੀ ਕਿਹਾ ਜਾਂਦਾ ਹੈ ਅਤੇ |
| **(iv)** | **ਸਰਬ ਆਹਾਰੀ (Omnivores)** | ਇਸ ਵਿੱਚ ਉਹ ਖਪਤਕਾਰ ਸ਼ਾਮਿਲ ਹਨ ਜੋ ਉਤਪਾਦਕਾਂ ਅਤੇ ਖਪਤਕਾਰਾਂ ਦੋਵਾਂ ਤੇ ਨਿਰਭਰ ਹਨ, ਜਿਵੇਂ ਮਨੁੱਖ। |

**(v) ਨਿਖੇੜਕ (Decomposers) :** ਇਸ ਵਿਚ ਉਹ ਜੀਵ-ਜੰਤੂ ਸ਼ਾਮਿਲ ਹਨ ਜੋ ਹੋਰਾਂ ਖਪਤਕਾਰਾਂ ਦੇ ਨਸ਼ਟ ਹੋਣ ਤੋਂ ਬਾਅਦ ਉਹਨਾਂ ਨੂੰ ਆਪਣਾ ਭੋਜਨ ਬਣਾਉਂਦੇ ਹਨ। ਇਸ ਤਰ੍ਹਾਂ ਦੇ ਜੀਵ ਆਪਸ ਵਾਤਾਵਰਣ ਵਿੱਚ ਹੀ ਸਮਾ ਜਾਂਦੇ ਹਨ।

**4.14.3 ਅਜੈਵਿਕ ਤੱਤ ਜਾਂ ਹੈਬੀਟੈਟ (Abiotic Components or Habitat) :** ਜੈਵਿਕ ਤੱਤਾਂ ਦੀ ਤਰ੍ਹਾਂ ਅਜੈਵਿਕ ਤੱਤ ਵੀ ਪ੍ਰਸਥਿਤੀ-ਪ੍ਰਣਾਲੀ ਦਾ ਅਹਿਮ ਹਿੱਸਾ ਹੁੰਦੇ ਹਨ। ਇਸ ਵਿੱਚਲੇ ਤੱਤਾਂ ਨੂੰ ਵੀ ਅੱਗੇ ਤਿੰਨ ਭਾਗਾਂ ਵਿੱਚ ਵਰਗੀਕ੍ਰਿਤ ਕੀਤਾ ਗਿਆ ਹੈ -

**4.14.3.1 ਭੌਤਿਕ ਤੱਤ (Physical Factors):-**

ਮਿੱਟੀ, ਤਾਪਮਾਨ, ਨਮੀ, ਵਰਖਾ ਸੂਰਜੀ ਪ੍ਰਕਾਸ਼ ਦੀ ਮਾਤਰਾ ਆਦਿ ਅਜਿਹੇ ਭੌਤਿਕ ਤੱਤ ਹਨ ਜੋ ਪ੍ਰਸਥਿਤੀ-ਪ੍ਰਣਾਲੀ ਵਿੱਚ ਅਹਿਮ ਰੋਲ ਨਿਭਾਉਂਦੇ ਹਨ। ਇਹ ਅਜੈਵਿਕ ਤੱਤ ਵੱਖ-ਵੱਖ ਢੰਗਾਂ ਰਾਹੀਂ ਬਨਸਪਤੀ ਅਤੇ ਜੀਵਾਂ ਤੇ ਪ੍ਰਭਾਵ ਪਾਉਂਦੇ ਹਨ।

**4.14.3.2 ਨਿਰਜੀਵ ਪਦਾਰਥ (Inorganic Substances) :-**

ਵਾਯੂਮੰਡਲ ਵਿਚਲੀਆਂ ਲਗਭਗ 15 ਪ੍ਰਕਾਰ ਦੀਆਂ ਗੈਸਾਂ ਵਿੱਚੋਂ ਨਾਇਟ੍ਰੋਜਨ, ਹਾਈਡ੍ਰੋਜਨ, ਕਾਰਬਨ ਡਾਈਆਕਸਾਈਡ ਅਤੇ ਆਕਸੀਜਨ ਪ੍ਰਮੁੱਖ ਹਨ। ਇਹ ਨਿਰਜੀਵ ਪਦਾਰਥ ਪ੍ਰਸਥਿਤੀ-ਪ੍ਰਣਾਲੀ ਵਿੱਚ ਕਾਫੀ ਯੋਗਦਾਨ ਪਾਉਂਦੀਆਂ ਹਨ।

**4.14.3.3 ਜੀਵ ਪਦਾਰਥ (Organic Substances) :**

ਪ੍ਰਮੁੱਖ ਪੋਸ਼ਟਿਕ ਤੱਤ ਜਿਵੇਂ ਪ੍ਰੋਟੀਨ, ਕਾਰਬੋਹਾਈਡਰੇਟਸ, ਵਿਟਾਮਿਨ ਆਦਿ ਅਜਿਹੇ ਤੱਤ ਹਨ ਜੋ ਜੀਵ ਦੀ ਤਰ੍ਹਾਂ ਕੰਮ ਕਰਦੇ ਹਨ। ਇਹ ਵੀ ਪ੍ਰਸਥਿਤੀ-ਪ੍ਰਣਾਲੀ ਦਾ ਹਿੱਸਾ ਹਨ।

**4.15 ਬਾਇਓਮ (Biomes) :**

ਬਾਇਉਮ ਵੀ ਵਾਤਾਵਰਣ ਨੀਤੀ-ਸ਼ਾਸ਼ਤਰ ਖਾਸ ਕਰਕੇ ਪ੍ਰਸਥਿਤੀ-ਪ੍ਰਣਾਲੀ ਸੰਬੰਧੀ ਇੱਕ ਅਹਿਮ ਵਿਚਾਰ ਹੈ।

ਬਾਇਉਮ ਤੋਂ ਭਾਵ ਧਰਤੀ ਦੇ ਉਹ ਵੱਡੇ-ਵੱਡੇ ਖੇਤਰ ਹਨ ਜਿਨ੍ਹਾਂ ਦੀਆਂ ਭੂਗੋਲਿਕ ਹਾਲਤਾਂ ਵੱਖ-ਵੱਖ ਹੋਣ ਕਰਕੇ ਉੱਥੇ ਪੈਦਾ ਹੋਣ ਵਾਲੇ ਜੀਵ ਅਤੇ ਪੌਦੇ ਦੂਸਰੇ ਬਾਇਉਮ ਦੇ ਜੀਵਾਂ ਅਤੇ ਪੌਦਿਆਂ ਤੋਂ ਵੱਖ ਹੁੰਦੇ ਹਨ (Biome means, according to A.G. Transley, the whole complex of plants and animals of a particular spatial unit)। ਧਰਤੀ ਉੱਤੇ ਭੂਮੱਧ ਰੇਖਾ ਤੋਂ ਇੱਕ ਪਾਸੇ ਦਾ ਇਲਾਕਾ ਵੱਧ ਵਰਖਾ ਅਤੇ ਤਾਪਮਾਨ ਵਾਲਾ ਹੈ, ਜਿਸ ਕਾਰਣ ਧਰਤੀ ਤੇ ਵੱਖ-ਵੱਖ ਕੁਦਰਤੀ ਖੇਤਰ (Biomes) ਬਣਦੇ ਹਨ ਜਿਵੇਂ ਕਿ ਟੁੰਡਰਾ ਬਾਇਉਮ, ਜੰਗਲੀ ਬਾਇਉਮ ਆਦਿ।

**4.16 ਪ੍ਰਸਥਿਤੀ-ਪ੍ਰਣਾਲੀ ਦੇ ਗੁਣ:-**

ਪ੍ਰਸਥਿਤੀ-ਪ੍ਰਣਾਲੀ ਸੰਬੰਧੀ ਇਹ ਪਰਿਭਾਸ਼ਾ ਦਿੱਤੀ ਜਾਂਦੀ ਹੈ ਕਿ ਇਹ ਇੱਕ ਮੁੱਢਲੀ ਕੰਮਕਾਰੀ ਇਕਾਈ ਹੈ ਜਿਸ ਨੇ Earth-Spaceship ਦਾ ਖਾਸ ਹਿੱਸਾ ਮੱਲਿਆ ਹੋਇਆ ਹੈ (Ecosystem is a fundamental functional unit occupying spatial dimension of 'Earth space ship') ਇਸ ਤੋਂ ਇਲਾਵਾ ਇਸ ਵਿੱਚ ਕੁਝ ਹੇਠ ਲਿਖੇ ਗੁਣ ਪਾਏ ਜਾਂਦੇ ਹਨ -

(i) ਇੱਕ ਖਾਸ ਪ੍ਰਸਥਿਤੀ ਪ੍ਰਣਾਲੀ ਸਾਰੇ ਜੀਵਤ ਜੀਵਾਂ ਅਤੇ ਭੌਤਿਕ ਵਾਤਾਵਰਣ ਦੇ ਕੁੱਲ ਜੋੜ ਦਾ ਨਾਮ ਹੈ। ਇਸ ਵਿੱਚ ਜੀਵ ਅਤੇ ਉਨ੍ਹਾਂ ਨਾਲ ਸੰਬੰਧਿਤ ਸਭ ਕੁਝ ਸ਼ਾਮਿਲ ਹੈ।

(ii) ਇਹ ਪ੍ਰਮੁੱਖ ਤਿੰਨ ਤੱਤਾਂ ਦੀ ਬਣੀ ਹੁੰਦੀ ਹੈ-ਊਰਜਾ, ਜੈਵਿਕ ਤੱਤ (Biotic or Biome) ਅਤੇ ਅਜੈਵਿਕ ਤੱਤ (Abiotic or Habitat)।

(iii) ਇਸ ਨੇ ਧਰਤੀ ਉੱਪਰਲੇ ਸਥਾਨ ਵਿਚੋਂ ਕੋਈ ਖਾਸ ਖੇਤਰ ਘੇਰਿਆ ਹੋਇਆ ਹੁੰਦਾ ਹੈ (Spatial Dimension)।

(iv) ਇਸ ਨੂੰ ਸਮਾਂ-ਇਕਾਈ (Time-unit) ਵਜੋਂ ਵੀ ਸਮਝਿਆ ਜਾਂਦਾ ਹੈ (Temporal dimension)।

(v) ਪ੍ਰਸਥਿਤੀ ਪ੍ਰਣਾਲੀ ਵਿੱਚ ਜਿੱਥੇ ਜੈਵਿਕ ਅਤੇ ਅਜੈਵਿਕ ਤੱਤਾਂ ਵਿੱਚ ਅੰਤਰ-ਕਿਰਿਆਵਾਂ ਦੀ ਖਾਸ ਮਾਤਰਾ ਹੁੰਦੀ ਹੈ ਉੱਥੇ ਹੀ ਇਸ ਵਿੱਚ ਜੈਵਿਕ ਤੱਤਾਂ ਵਿਚਲੀਆਂ ਆਪਸੀ-ਕਿਰਿਆਵਾਂ ਵੀ ਸ਼ਾਮਿਲ ਹਨ।

(vi) ਇਹ ਇੱਕ ਖੁੱਲੀ ਪ੍ਰਣਾਲੀ ਹੈ ਜਿਸ ਵਿੱਚ ਪਦਾਰਥ ਅਤੇ ਊਰਜਾ ਦਾ ਨਿਵੇਸ਼ ਅਤੇ ਨਿਕਾਸ (Input and output) ਇੱਕ ਖਾਸ ਨਿਰੰਤਰ ਕਿਰਿਆ ਅਧੀਨ ਚਲਦਾ ਰਹਿੰਦਾ ਹੈ।

(vii) ਇਹ ਹਮੇਸ਼ਾ ਇੱਕ ਸਥਿਰ ਸੰਤੁਲਨ ਵਿੱਚ ਰਹਿੰਦਾ ਹੈ। ਇਸ ਦੇ ਸਥਿਰ ਸੰਤੁਲਨ ਨੂੰ ਵਿਗਾੜਨ ਚੁੱਕਾ ਹੈ।

(viii) ਇਸ ਵਿੱਚ ਕਈ ਪ੍ਰਕਾਰ ਦੀਆਂ ਕਿਸਮਾਂ ਦੀ ਊਰਜਾ ਹੁੰਦੀ ਹੈ ਪਰ ਸੂਰਜ ਦੀ ਊਰਜਾ ਸੱਭ ਤੋਂ ਵੱਧ ਮਹੱਤਵਪੂਰਣ ਹੈ।

(ix) ਪ੍ਰਸਥਿਤੀ-ਪ੍ਰਣਾਲੀਆਂ ਕੁਦਰਤੀ ਭੰਡਾਰ ਦੀਆਂ ਪ੍ਰਣਾਲੀਆਂ ਹਨ।

(x) ਇਹ ਬਹੁਤ ਹੀ ਵਧੀਆ ਤਰੀਕੇ ਨਾਲ ਬਣਾਈਆਂ ਗਈਆਂ ਪ੍ਰਣਾਲੀਆਂ ਹਨ।

(xi) ਇਹ ਇੱਕ ਕਾਰਜਕਾਰੀ ਇਕਾਈ ਹੁੰਦੀਆਂ ਹਨ ਜਿਨ੍ਹਾਂ ਵਿੱਚ ਜੈਵਿਕ, ਅਜੈਵਿਕ ਅਤੇ ਊਰਜਾ ਤੱਤ ਇੱਕ ਚੱਕਰਧਾਰੀ ਤਰੀਕੇ ਨਾਲ ਵੱਡੇ ਪੱਧਰ ਤੇ ਇੱਕ ਦੂਸਰੇ ਨਾਲ ਚੰਗੀ ਤਰ੍ਹਾਂ ਜੁੜੇ ਹੁੰਦੇ ਹਨ।

(xii) ਹਰ ਪ੍ਰਸਥਿਤੀ-ਪ੍ਰਣਾਲੀ ਵਿੱਚ ਪੈਦਾਇਸ਼ ਕਰਨ ਦੀ ਆਪਣੀ ਸ਼ਕਤੀ ਹੁੰਦੀ ਹੈ। ਇਹ ਊਰਜਾ ਦੀ ਮਿਲਣਯੋਗ ਮਾਤਰਾ ਦੇ ਆਧਾਰ ਤੇ ਨਵੇਂ ਜੈਵਿਕ ਪਦਾਰਥ ਤਿਆਰ ਕਰਦੀਆਂ ਰਹਿੰਦੀਆਂ ਹਨ ਅਤੇ ਪੁਰਾਣੇ ਨਸ਼ਟ ਕਰਦੇ ਰਹਿੰਦੇ ਹਨ।

**4.17 ਪ੍ਰਸਥਿਤੀ-ਪ੍ਰਣਾਲੀ ਦੀਆਂ ਕਿਸਮਾਂ:**

ਧਰਤੀ ਦੇ ਵਾਤਾਵਰਣ ਵਿੱਚ ਵੱਖੋ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਕਿਸਮ ਦੀਆਂ ਪ੍ਰਸਥਿਤੀ-ਪ੍ਰਣਾਲੀਆਂ ਮਿਲਦੀਆਂ ਹਨ। ਇਨ੍ਹਾਂ ਸਭਨਾਂ ਨੂੰ ਪ੍ਰਮੁੱਖ ਰੂਪ ਵਿੱਚ ਦੋ ਭਾਗਾਂ ਵਿੱਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ -

**4.17.1 ਕੁਦਰਤੀ ਪ੍ਰਸਥਿਤੀ-ਪ੍ਰਣਾਲੀਆਂ (Natural Ecosystems) :**

ਇਹ ਉਸ ਪ੍ਰਸਥਿਤੀ ਪ੍ਰਣਾਲੀਆਂ ਹਨ ਜੋ ਕੁਦਰਤੀ ਰੂਪ ਵਿੱਚ ਆਪਣੇ-ਆਪਣੇ ਸਰੂਪ ਦੇ ਆਧਾਰ ਤੇ ਬਣੀਆਂ

ਹਨ। ਇਨ੍ਹਾਂ ਨੂੰ ਵੀ ਅੱਗੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ -

**4.17.1.1 ਜਲ ਪ੍ਰਸਥਿਤੀ ਪ੍ਰਣਾਲੀਆਂ (Aquatic Ecosystems) :** ਧਰਤੀ ਦਾ 70.8% ਖੇਤਰ ਪਾਣੀ ਨਾਲ ਢਕਿਆ ਹੋਇਆ ਹੈ। ਪਾਣੀ ਵਿੱਚ ਜੋ ਪ੍ਰਸਥਿਤੀ-ਪ੍ਰਣਾਲੀਆਂ ਦੀਆਂ ਭੋਜਨ-ਲੜੀਆਂ (Food-chains) ਹਨ ਉਹ ਧਰਤੀ ਉਪਰਲੀਆਂ ਪ੍ਰਣਾਲੀਆਂ ਤੋਂ ਕਾਫੀ ਭਿੰਨ ਹਨ। ਇਹ ਅੱਗੇ ਚਾਰ ਕਿਸਮ ਦੀਆਂ ਹਨ (i) ਮਹਾਂਸਾਗਰੀ (Oceanic), (ii) ਸਮੁੰਦਰੀ ਕੰਢੇ ਵਾਲੀਆਂ ਪ੍ਰਣਾਲੀਆਂ (Coastal, (iii) ਵਗਦੇ ਪਾਣੀ ਵਾਲੀਆਂ ਪ੍ਰਣਾਲੀਆਂ (Running water) ਅਤੇ (iv) ਖੜ੍ਹੇ ਪਾਣੀ ਦੀਆਂ ਪ੍ਰਣਾਲੀਆਂ (Standing water)।

**4.17.1.2 ਥਲੀ ਪ੍ਰਸਥਿਤੀ ਪ੍ਰਣਾਲੀਆਂ (Terrestrial Ecosystems):**

ਧਰਤੀ ਤੇ ਤਾਪਮਾਨ ਨਮੀ, ਵਰਖਾ ਅਤੇ ਸੂਰਜ ਦੀ ਰੋਸ਼ਨੀ ਦੀ ਮਾਤਰਾ ਦੇ ਆਧਾਰ ਤੇ ਵੱਖੋ-ਵੱਖ ਪ੍ਰਸਥਿਤੀ-ਪ੍ਰਣਾਲੀਆਂ ਪੈਦਾ ਹੋਈਆ ਹਨ- (i) ਜੰਗਲਾਂ ਵਿਚਲੀਆਂ ਪ੍ਰਣਾਲੀਆਂ (Forest), ਭੂ-ਮੱਧ ਰੇਖਿਕ ਜੰਗਲ (Equatorial Forests), ਮਾਨਸੂਨੀ ਜੰਗਲ (Monsoon Forests), ਸ਼ੀਤ ਊਸ਼ਣ ਖੰਡੀ ਜੰਗਲ (Temperature Forests), ਰੂਮ ਸਾਗਰੀ ਜੰਗਲ (Mediterranean Forests), (ii) ਘਾਹ ਦੇ ਮੈਦਾਨ ਵਿਚਲੀਆਂ ਪ੍ਰਣਾਲੀਆਂ (Grassland Ecosystems), (iii) ਮਾਰੂਥਲੀ ਪ੍ਰਸਥਿਤੀ ਪ੍ਰਣਾਲੀਆਂ (Desert Ecosystems) ਆਦਿ।

**4.17.2ਮਨੁੱਖ ਰਾਹੀਂ ਬਣਾਈਆਂ ਪ੍ਰਸਥਿਤੀ ਪ੍ਰਣਾਲੀਆਂ (Man Made Ecosystems):**

ਕੁਦਰਤੀ ਪ੍ਰਣਾਲੀਆਂ ਆਪਣੇ ਸਰੂਪ ਦੇ ਆਧਾਰ ਤੇ ਆਪਣੇ-ਆਪ ਬਣਦੀਆਂ ਹਨ। ਪਰ ਇਸ ਧਰਤੀ ਤੇ ਕੁਝ ਅਜਿਹੀਆਂ ਪ੍ਰਣਾਲੀਆਂ ਵੀ ਹਨ ਜੋ ਮਨੁੱਖ ਰਾਹੀਂ ਬਣਾਈਆਂ ਜਾਂਦੀਆਂ ਹਨ। ਮਨੁੱਖ ਨੇ ਵੀ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਧਰਤੀ ਦੇ ਹਰ ਖੇਤਰ ਤੇ ਪ੍ਰਭਾਵ ਪਾਇਆ ਹੈ ਜਿਸ ਨਾਲ ਧਰਤੀ ਦੇ ਵੱਖ-ਵੱਖ ਖੇਤਰਾਂ ਵਿੱਚ ਨਵੀਆਂ ਪ੍ਰਸਥਿਤੀਆਂ-ਪ੍ਰਣਾਲੀਆਂ ਹੋਂਦ ਵਿੱਚ ਆਈਆਂ ਹਨ ਜਿਵੇਂ ਕਿ -

(i) ਖੇਤਾਂ ਵਿਚਲੀਆਂ ਪ੍ਰਣਾਲੀਆਂ (Agricultural Ecosystem)

(ii) ਬਾਗ-ਬਗੀਚਿਆਂ ਦੀਆਂ ਪ੍ਰਣਾਲੀਆਂ (Plantation Ecosystem)

(iii) ਇਕੱਠੇ ਕੀਤੇ ਪਾਣੀ ਦੇ ਭੰਡਾਰਾਂ ਵਿਚਲੀਆਂ ਪ੍ਰਣਾਲੀਆਂ (Accumulated water ecosystem)।

ਮਨੁੱਖ ਰਾਹੀਂ ਬਣਾਈਆਂ ਇਨ੍ਹਾਂ ਪ੍ਰਸਥਿਤੀ-ਪ੍ਰਣਾਲੀਆਂ ਨੇ ਧਰਤੀ ਵਾਯੂਮੰਡਲ, ਵਾਤਾਵਰਣ ਖਾਸ ਕਰਕੇ ਕੁਦਰਤੀ ਪ੍ਰਸਥਿਤੀ-ਪ੍ਰਣਾਲੀਆਂ ਦੀ ਲੈਅ ਅਤੇ ਰੂਪ-ਰੇਖਾ ਦੀ ਬਦਲ ਦਿੱਤੀ ਹੈ। ਕਣਕ ਦੀ ਵੱਧ ਖੇਤੀ ਕਾਰਣ ਸ਼ੀਤ ਊਸ਼ਣ ਖੰਡੀ ਘਾਹ (Temperate Forests) ਨੂੰ ਕੇਵਲ ਖੇਤੀ ਲਈ ਬਣਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਮਨੁੱਖ ਨੇ ਜੰਗਲ ਸਾਫ ਕਰਕੇ ਬਾਗ-ਬਗੀਚੇ ਲਗਾ ਦਿੱਤੇ ਹਨ ਅਤੇ ਰਬੜ, ਚਾਹ, ਕਾਫ਼ੀ ਆਦਿ ਦੀ ਖੇਤੀ ਸ਼ੁਰੂ ਕਰ ਦਿੱਤੀ ਹੈ। ਦੂਸਰੇ ਸ਼ਬਦਾਂ ਵਿੱਚ ਵਾਤਾਵਰਣ ਸੰਬੰਧੀ ਜੋ ਵੀ ਵੱਡੀਆਂ-ਵੱਡੀਆਂ ਸਮੱਸਿਆਵਾਂ ਆਈਆਂ ਹਨ ਉਹ ਮਨੁੱਖ ਰਾਹੀਂ ਬਣਾਈਆਂ ਵਧੇਰੇ ਸ਼ੋਸ਼ਿਤ ਅਤੇ ਵੱਖੋ-ਵੱਖ ਬਣਾਈਆਂ ਪ੍ਰਸਥਿਤੀਆਂ ਪ੍ਰਣਾਲੀਆਂ ਕਾਰਣ ਹੀ ਹਨ।

**ਪਾਠ ਸੰਬੰਧਿਤ ਪ੍ਰਸ਼ਨ (Textual Questions)** **ਅੰਕ-2**

1. ਪ੍ਰਸਥਿਤੀ ਪ੍ਰਣਾਲੀ ਤੋਂ ਕੀ ਭਾਵ ਹੈ ?
2. ਪ੍ਰਸਥਿਤੀ ਪ੍ਰਣਾਲੀ ਨੂੰ ਬਣਾਉਣ ਵਾਲੇ ਤੱਤ ਦੱਸੋ।
3. ਪ੍ਰਸਥਿਤੀ ਪ੍ਰਣਾਲੀ ਦੀਆਂ ਕਿਸਮਾਂ ਦੱਸੋ।

**4.18 ਜੀਵ-ਮੰਡਲ (Bio-sphere):**

ਵਾਤਾਵਰਣ ਨੀਤੀ-ਸ਼ਾਸਤਰ ਸੰਬੰਧੀ ਜਿੱਥੇ ਪ੍ਰਸਥਿਤੀ-ਵਿਗਿਆਨ ਅਤੇ ਪ੍ਰਸਥਿਤੀ-ਪ੍ਰਣਾਲੀ ਬਾਰੇ ਜਾਨਣਾ ਜ਼ਰੂਰੀ ਹੈ ਉੱਥੇ ਹੀ ਜੀਵ-ਮੰਡਲ ਬਾਰੇ ਜਾਣਕਾਰੀ ਲੈਣਾ ਕਾਫੀ ਲਾਹੇਵੰਦ ਹੈ। ਪ੍ਰਸਥਿਤੀ-ਵਿਗਿਆਨ ਜੀਵਾਂ ਅਤੇ ਉਹਨਾਂ ਨਾਲ ਸੰਬੰਧਿਤ ਵਾਤਾਵਰਣ ਵਿਚਲੇ ਸੰਬੰਧਾਂ ਜਾਂ ਪ੍ਰਸਥਿਤੀਆਂ ਦਾ ਅਧਿਐਨ ਹੈ। ਉਸੇ ਤਰ੍ਹਾਂ ਇਸ ਵਾਤਾਵਰਣ ਵਿੱਚ ਅਜਿਹੇ ਸੰਬੰਧਾਂ ਦੇ ਕਈ ਅਜਿਹੇ ਸੰਗਠਨ ਹਨ ਜਿਸ ਵਿੱਚ ਇਹ ਸੰਬੰਧ ਕਿਸੇ ਨਾ ਕਿਸੇ ਰੂਪ ਵਿੱਚ ਜੁੜੇ ਹੋਏ ਹਨ ਜਿਸ

ਨੂੰ ਪ੍ਰਸਥਿਤੀ-ਪ੍ਰਣਾਲੀ (Eco-system) ਕਿਹਾ ਜਾਂਦਾ ਹੈ।

**4.19 ਅਰਥ (Meaning) :**

ਆਮ ਅਰਥਾਂ ਵਿੱਚ ਉਹ ਮੰਡਲ (Sphere) ਜਿਸ ਵਿੱਚ ਜੀਵ ਰਹਿੰਦੇ ਹਨ ਜਾਂ ਜੀਵਤ ਰਹਿ ਸਕਦੇ ਹਨ, ਉਸ ਨੂੰ ਜੀਵ ਮੰਡਲ ਕਹਿੰਦੇ ਹਨ। ਇੱਕ ਜੀਵ ਦੇ ਜੀਵਤ ਰਹਿਣ ਲਈ ਧਰਤੀ ਦੇ ਵਾਤਾਵਰਣ ਵਿੱਚ ਕੁਝ ਖਾਸ ਪ੍ਰਸਥਿਤੀਆਂ ਜ਼ਰੂਰੀ ਹਨ। ਇਸ ਤਰ੍ਹਾਂ ਵਾਤਾਵਰਣ ਦੇ ਜਿਨ੍ਹਾਂ ਹਿੱਸਿਆਂ ਵਿੱਚ ਇਹ ਪ੍ਰਸਥਿਤੀਆਂ ਮਿਲਣਯੋਗ ਹਨ ਜਾਂ ਜੀਵ ਰਹਿ ਰਹੇ ਹਨ, ਉਹਨਾਂ ਨੂੰ ਜੀਵ-ਮੰਡਲ ਕਿਹਾ ਜਾਂਦਾ ਹੈ।

**4.20 ਪਰਿਭਾਸ਼ਾਵਾਂ (Definitions):**

ਜੀਵ ਮੰਡਲ ਇੱਕ ਤਰ੍ਹਾਂ ਦਾ ਜੀਵਨ ਬਚਾ ਕੇ ਰੱਖਣ ਵਾਲਾ ਖੇਤਰ ਹੈ ਜੋ ਧਰਤੀ ਦੇ ਆਲੇ-ਦੁਆਲੇ ਅਤੇ ਪੌਦੇ ਅਤੇ ਜੀਵਾਂ ਦੇ ਜੀਵਨ ਨੂੰ ਬਿਨਾਂ ਕਿਸੇ ਰੱਖਿਆਤਮਕ ਯੰਤਰ ਸੰਭਵ ਬਣਾਉਂਦਾ ਹੈ (The biosphere is a life supporting layer which surrounds the earth and makes plant and animal life possible without any protective device)।

**J.Tivy** ਦੇ ਅਨੁਸਾਰ, "ਜੈਵਿਕ ਸੰਸਾਰ ਜਾਂ ਜੀਵ-ਮੰਡਲ ਧਰਤੀ ਦਾ ਉਹ ਹਿੱਸਾ ਹੈ ਜਿਸ ਵਿੱਚ ਜੈਵਿਕ ਜੀਵ, ਜੈਵਿਕ ਮਿੱਟੀ ਹਵਾ ਅਤੇ ਪਾਣੀ ਸ਼ਾਮਿਲ ਹਨ" (The organic world or biosphere is that part of the earth which contains living organisms-the biologically inhabited soil, air and water.)

ਜੀਵ-ਮੰਡਲ ਸਾਰੇ ਜੈਵਿਕ, ਸਰੀਰਕ ਅਤੇ ਊਰਜਾ ਦੇ ਤੱਤਾਂ ਦਾ ਬਣਿਆ ਹੋਇਆ ਹੈ ਅਤੇ ਇਸ ਵਿੱਚ ਸਰੀਰਕ ਵਾਤਾਵਰਣ ਅਤੇ ਜੈਵਿਕ ਤੱਤਾਂ ਵਿੱਚ ਲਗਾਤਾਰ ਅੰਤਰ-ਕਿਰਿਆਵਾਂ ਜਾਰੀ ਰਹਿੰਦੀਆਂ ਹਨ (The Biosphere consists of all the living organisms, energy and physical environment and there are continuous interactions between living organisms and physical environment)।

ਹਵਾ, ਪਾਣੀ, ਮਿੱਟੀ ਅਤੇ ਚੱਟਾਨਾਂ ਦੇ ਬਣੇ ਜੀਵ-ਮੰਡਲ ਜਾਂ ਜੀਵਨ ਬਣਾਏ ਰੱਖਣ ਵਾਲੇ ਖੇਤਰ (Life supoporting layer) ਦੀ ਔਸਤਨ ਮੋਟਾਈ ਲਗਭਗ 30 ਕਿਲੋਮੀਟਰ ਹੈ। ਇਸ ਦਾ ਉੱਪਰ ਵਾਲੇ ਭਾਗ ਆਕਸੀਜਨ, ਸਿੱਲ (Moisture), ਤਾਪਮਾਨ ਅਤੇ ਹਵਾ ਦੇ ਦਬਾਅ ਰਾਹੀਂ ਨਿਰਧਾਰਿਤ ਹੁੰਦਾ ਹੈ। NASA ਨੇ ਧਰਤੀ ਤੋਂ ਉੱਪਰ ਵੱਲ ਦੇ ਲਗਭਗ 15 ਕਿਲੋਮੀਟਰ ਖੇਤਰ ਵਿੱਚ ਬੈਕਟੀਰੀਆ ਦੀ ਹੋਂਦ ਦੀ ਖੋਜ ਕੀਤੀ ਹੈ। ਧਰਤੀ ਦੇ ਹੇਠਾਂ ਵਾਲਾ ਜੀਵ ਮੰਡਲ ਮਿਲਣ ਵਾਲੀ ਆਕਸੀਜਨ ਦੀ ਮਾਤਰਾ ਅਤੇ ਜੀਵਨ ਸੰਬੰਧੀ ਰੋਸ਼ਨੀ ਤੇ ਨਿਰਭਰ ਕਰਦਾ ਹੈ। ਸਮੁੰਦਰ ਵਿੱਚ ਵੀ ਲਗਭਗ 9000 ਮੀਟਰ ਹੇਠਾਂ ਜੀਵਨ ਪਾਇਆ ਗਿਆ ਹੈ।

**4.21 ਜੀਵ ਮੰਡਲ ਨੂੰ ਬਣਾਉਣ ਵਾਲੇ ਤੱਤ:**

ਵਾਤਾਵਰਣ ਪ੍ਰਸਥਿਤੀ-ਪ੍ਰਣਾਲੀ ਦੀ ਹੀ ਤਰ੍ਹਾਂ ਜੀਵ-ਮੰਡਲ ਵੀ ਪ੍ਰਮੁੱਖ ਤਿੰਨ ਤੱਤਾਂ ਰਾਹੀਂ ਬਣਿਆ ਹੋਇਆ ਹੈ ਜੈਵਿਕ (Biotic), ਅਜੈਵਿਕ (Abiotic) ਅਤੇ ਊਰਜਾ (Energy)। ਕਈ ਪ੍ਰਸਥਿਤੀ-ਵਿਗਿਆਨੀ ਊਰਜਾ ਨੂੰ ਅਜੈਵਿਕ ਤੱਤ ਮੰਨਦੇ ਹਨ।

**4.21.1 ਜੈਵਿਕ ਤੱਤ (Biotic Components) :**

ਜੀਵ-ਮੰਡਲ ਦੇ ਇਹ ਖਾਸ ਤੱਤ ਹਨ ਜਿਨ੍ਹਾਂ ਵਿੱਚ ਜੀਵਨ ਹੁੰਦਾ ਹੈ, ਜੋ ਜਿਉਂਦੇ ਰਹਿੰਦੇ ਹਨ। ਦੂਸਰੇ ਸ਼ਬਦਾਂ ਵਿੱਚ ਸਾਰੇ ਪ੍ਰਕਾਰ ਦੇ ਜੀਵਾਂ ਨੂੰ ਜੈਵਿਕ ਤੱਤ ਕਿਹਾ ਜਾਂਦਾ ਹੈ। ਇਨ੍ਹਾਂ ਤੱਤਾਂ ਰਾਹੀਂ ਹੀ ਵਾਤਾਵਰਣ ਦੇ ਖੇਤਰ ਵਿਚ ਕਿਸੇ ਮੰਡਲ ਨੂੰ ਜੀਵ-ਮੰਡਲ ਕਿਹਾ ਜਾਂਦਾ ਹੈ ਕਿਉਂਕਿ ਉਹ ਮੰਡਲ ਹੀ ਜੀਵ-ਮੰਡਲ ਹੈ ਜਿਸ ਵਿੱਚ ਕੋਈ ਨਾ ਕੋਈ ਜੀਵ ਰਹਿੰਦਾ ਜਾਂ ਰਹਿ ਸਕਦਾ ਹੈ। ਜੀਵ ਮੰਡਲ ਦੇ ਜੈਵਿਕ ਤੱਤ ਤਿੰਨ ਪ੍ਰਕਾਰ ਦੇ ਹਨ -

**4.21.1.1 ਪੌਦੇ (Plants):** ਪੌਦੇ ਬਾਕੀ ਦੇ ਵਾਤਾਵਰਣ ਵਿੱਚ ਆਪਣਾ ਭੋਜਨ ਤਿਆਰ ਕਰਦੇ ਹਨ ਅਤੇ ਜੀਵਨ ਸੰਬੰਧੀ ਜ਼ਰੂਰੀ ਸ਼ਰਤਾਂ ਰਾਹੀਂ ਜਿਉਂਦੇ ਰਹਿੰਦੇ ਹਨ। ਇਹਨਾਂ ਨੂੰ ਮੁੱਢਲੇ ਉਤਪਾਦਕ (Primary producers) ਕਿਹਾ ਜਾਂਦਾ ਹੈ ਕਿਉਂਕਿ ਪ੍ਰਤੱਖ ਰੂਪ ਵਿੱਚ ਵਾਤਾਵਰਣ ਵਿੱਚੋਂ ਆਪਣਾ ਭੋਜਨ ਬਣਾਉਂਦੇ ਹਨ। ਸਾਰੇ ਪੌਦੇ ਸੂਰਜ ਦੀ ਰੋਸ਼ਨੀ

ਰਾਹੀਂ (Photo-Synthesis ਪ੍ਰਕ੍ਰਿਆ ਰਾਹੀਂ) ਭੋਜਨ ਪ੍ਰਾਪਤ ਕਰਦੇ ਹਨ ਇਸ ਕਰਕੇ ਇਨ੍ਹਾਂ ਨੂੰ 'Autotrophs' ਵੀ ਕਿਹਾ ਜਾਂਦਾ ਹੈ।

**4.21.1.2 ਪਸ਼ੂ (Animal):** ਸਾਰੇ ਪੰਛੀ, ਜਾਨਵਰ ਅਤੇ ਇੱਥੋਂ ਤੱਕ ਕਿ ਮਨੁੱਖ ਵੀ ਇਸ ਵਰਗ ਵਿੱਚ ਸ਼ਾਮਿਲ ਹਨ। ਇਹ ਪੌਦਿਆਂ ਨੂੰ ਆਪਣਾ ਭੋਜਨ ਬਣਾਉਂਦੇ ਹਨ। ਇਨ੍ਹਾਂ ਤੱਤਾਂ ਦਾ ਪ੍ਰਮੁੱਖ ਕੰਮ ਹੈ ਪੌਦਿਆਂ ਰਾਹੀਂ ਬਣਾਏ ਜੈਵਿਕ ਪਦਾਰਥਾਂ ਦਾ ਇਸਤੇਮਾਲ ਕਰਨਾ, ਜੈਵਿਕ ਤੱਤਾਂ ਨੂੰ ਮੁੱੜ-ਕ੍ਰਮਵਾਰ ਕਰਨਾ, ਜੈਵਿਕ ਤੱਤਾਂ ਨੂੰ ਨਸ਼ਟ ਕਰਨਾ ਆਦਿ।

**4.21.1.3 ਜੀਵ-ਜੰਤੂ (Micro-organisms):** ਜੀਵ-ਜੰਤੂਆਂ ਨੂੰ ਆਮ ਤੌਰ ਤੇ ਨਸ਼ਟ ਕਰਨ ਵਾਲੇ (Decomposers) ਤੱਤ ਕਿਹਾ ਜਾਂਦਾ ਹੈ ਕਿਉਂਕਿ ਇਹ ਬਾਕੀ ਪੌਦਿਆਂ ਜਾਂ ਮਰੇ ਹੋਏ ਪਸ਼ੂਆਂ ਨੂੰ ਆਪਣਾ ਭੋਜਨ ਬਣਾਉਂਦੇ ਹਨ। ਇਹ ਨਸ਼ਟ ਹੋ ਚੁੱਕੇ ਤੱਤਾਂ ਨੂੰ ਸੰਭਾਲਦੇ ਹਨ ਅਤੇ ਉਹਨਾਂ ਦੇ ਥਾਂ ਨਵੇਂ ਤੱਤਾ ਲਈ ਪ੍ਰਸਥਿਤੀਆਂ ਤਿਆਰ ਕਰਦੇ ਹਨ।

**4.21.2ਅਜੈਵਿਕ ਤੱਤ (Abiotic Components):** ਅਜੈਵਿਕ, ਸ਼ਰੀਰਕ ਜਾਂ ਪਦਾਰਥਕ ਤੱਤ ਜੀਵ-ਮੰਡਲ ਦਾ ਬਹੁਤ ਅਹਿਮ ਹਿੱਸਾ ਹਨ ਕਿਉਂਕਿ ਇਨ੍ਹਾਂ ਤੋਂ ਬਿਨਾ ਜੀਵਾਂ ਦਾ ਜੀਵਤ ਰਹਿਣਾ ਮੁਸ਼ਕਿਲ ਹੈ। ਆਮ ਤੌਰ ਤੇ ਮਿੱਟੀ ਹਵਾ ਅਤੇ ਪਾਣੀ ਨੂੰ ਅਜੈਵਿਕ ਤੱਤ ਮੰਨਿਆ ਜਾਂਦਾ ਹੈ। ਇਸ ਵਿੱਚ ਅੱਗੇ ਤਿੰਨ ਭਾਗ ਹਨ।

**4.21.2.1 ਥਲ-ਮੰਡਲੀ (Lithospheric):** ਜੀਵ-ਮੰਡਲ ਸੰਬੰਧੀ ਉਹ ਜ਼ਰੂਰੀ ਤੱਤ ਜੋ ਧਰਤੀ ਦੇ ਉੱਪਰ ਜਾਂ ਉਸ ਦੀ ਪੇਪੜੀ (crust) ਵਿਚ ਮੌਜੂਦ ਹਨ। ਇਸ ਵਿੱਚ ਸਾਰੀਆਂ ਧਾਤਾਂ, ਚੱਟਾਨਾਂ, ਮਿੱਟੀ, ਪਰਬਤ, ਘਾਟੀਆ, ਮੈਦਾਨ, ਡੈਲਟਾ, ਸਮੁੰਦਰੀ ਕੰਢੇ ਆਦਿ ਸ਼ਾਮਿਲ ਹਨ। ਧਰਤੀ ਦਾ ਲਗਭਗ 29% ਹਿੱਸਾ ਥਲ-ਮੰਡਲੀ ਹੈ। ਧਰਤੀ ਦੀ ਡੂੰਘਾਈ ਲਗਭਗ 6371 ਕਿਲੋਮੀਟਰ ਹੇਠਾਂ ਨੂੰ ਹੈ ਪਰ ਇਸ ਦੀ ਕੇਵਲ ਉੱਪਰ ਸਤਹ ਜਿਸ ਨੂੰ ਖੇਪੜੀ (crust) ਕਹਿੰਦੇ ਹਨ ਅਤੇ ਜੋ ਲਗਭਗ 30 ਕਿਲੋਮੀਟਰ ਹੇਠਾਂ ਨੂੰ ਡੂੰਘੀ ਹੈ, ਹੀ ਥਲ-ਮੰਡਲ ਦਾ ਖੇਤਰ ਹੈ।

**4.21.2.2 ਵਾਯੂ-ਮੰਡਲੀ (Atmospheric):** ਵਾਯੂਮੰਡਲ ਵੀ ਜੀਵ-ਮੰਡਲ ਦਾ ਬਹੁਤ ਅਹਿਮ ਹਿੱਸਾ ਹੈ ਕਿਉਂਕਿ ਇਹ ਜੀਵਾਂ ਲਈ ਜ਼ਰੂਰੀ ਗੈਸਾਂ ਦਾ ਪ੍ਰਬੰਧ ਕਰਦਾ ਹੈ। ਧਰਤੀ ਦੇ ਉੱਪਰ ਦੇ ਮੰਡਲ ਜਿਸ ਵਿੱਚ ਗੈਸਾਂ ਸ਼ਾਮਿਲ ਹਨ ਉਸ ਨੂੰ ਵਾਯੂ-ਮੰਡਲ ਕਹਿੰਦੇ ਹਨ। ਇਹ ਧਰਤੀ ਤੋਂ ਲਗਭਗ 400 ਕਿਲੋਮੀਟਰ ਤੱਕ ਉਪਲਬੱਧ ਹੈ। ਇਸ ਵਿਚਲੀਆਂ ਪ੍ਰਸਥਿਤੀਆਂ ਦੇ ਆਧਾਰ ਤੇ ਇਸ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ- (i) ਪਰਿਵਰਤਨ-ਮੰਡਲ (Troposphere 18 ਕਿਲੋਮੀਟਰ ਤੱਕ), (ii) ਸਮਤਾਪ-ਮੰਡਲ (Sratosphere : 50 ਕਿਲੋਮੀਟਰ ਤੱਕ), (iii) ਮੱਧ-ਮੰਡਲ (Mesosphere : 80 ਕਿਲੋਮੀਟਰ ਤੱਕ) ਅਤੇ (iv) ਤਾਪ-ਮੰਡਲ (Thermospphere : 400 ਕਿਲੋਮੀਟਰ ਤੱਕ)। ਇਸ ਤੋਂ ਬਾਅਦ ਦੇ ਮੰਡਲ ਨੂੰ ਬਾਹਰੀ ਮੰਡਲ (Exosphere) ਕਿਹਾ ਜਾਂਦਾ ਹੈ ਪਰ ਇਸ ਵਿੱਚ ਜੀਵ ਸੰਬੰਧੀ ਜ਼ਰੂਰੀ ਪ੍ਰਸਥਿਤੀਆਂ ਮਿਲਣਯੋਗ ਨਹੀਂ ਹਨ, ਇਸ ਕਰਕੇ ਇਹ ਜੀਵ-ਮੰਡਲ ਦਾ ਹਿੱਸਾ ਨਹੀਂ ਹੈ। ਸਾਰੇ ਬੱਦਲ, ਮੀਂਹ, ਨਮੀ, ਤਾਪਮਾਨ, ਤੂਫਾਨ, ਤੇਜ਼ ਹਵਾਵਾਂ ਆਦਿ ਸਭ ਇਸੇ ਵਾਯੂ ਮੰਡਲ ਵਿੱਚ ਹੁੰਦਾ ਹੈ।

**4.21.2.3 ਜਲ-ਮੰਡਲੀ (Hydrospheric):** ਵਾਤਾਵਰਣ ਦਾ ਉਹ ਹਿੱਸਾ ਜਾਂ ਮੰਡਲ ਜਿਸ ਵਿੱਚ ਪਾਣੀ ਹੈ ਅਤੇ ਇਸ ਪਾਣੀ ਵਾਲੇ ਖੇਤਰ ਵਿੱਚ ਜੀਵ ਰਹਿੰਦੇ ਹਨ ਉਸਨੂੰ ਜਲ-ਮੰਡਲੀ ਜੀਵ-ਮੰਡਲ ਕਿਹਾ ਜਾਂਦਾ ਹੈ। ਇਹ ਵੀ ਜੀਵਾਂ ਲਈ ਅਤਿ ਜ਼ਰੂਰੀ ਤੱਤ ਹੈ। ਕਿਉਂਕਿ ਪਾਣੀ ਬਿਨਾਂ ਕੋਈ ਵੀ ਜੀਵ ਜੀਵਤ ਨਹੀਂ ਰਹਿ ਸਕਦਾ। ਪਾਣੀ ਪ੍ਰਸਥਿਤੀ-ਪ੍ਰਣਾਲੀ ਵਿੱਚ ਹਰ ਪ੍ਰਕਾਰ ਦੀ ਗਤੀਵਿਧੀ (Circulation) ਲਈ ਸਹਾਇਕ ਹੈ।

ਪਾਣੀ ਦੇ ਪ੍ਰਮੁੱਖ ਤਿੰਨ ਸ੍ਰੋਤ ਹਨ - ਧਰਤੀ ਦੇ ਤਲ ਵਾਲਾ ਪਾਣੀ (Surface water) ਧਰਤੀ ਹੇਠਲਾ ਪਾਣੀ (Ground water) ਅਤੇ ਸਮੁੰਦਰੀ ਪਾਣੀ (Oceanic water)। ਧਰਤੀ ਦੇ ਤਲ ਵਾਲੇ ਪਾਣੀ ਤੋਂ ਭਾਵ ਨਦੀਆਂ, ਝੀਲਾਂ ਵਾਯੂਮੰਡਲ ਵਾਲਾ ਪਾਣੀ ਅਤੇ ਬਰਫ ਰੂਪ ਵਿੱਚ ਜੰਮੇ ਪਏ ਪਾਣੀ ਤੋਂ ਹੈ। ਧਰਤੀ ਹੇਠਾਂ ਪਾਣੀ ਵਰਖਾ ਦਾ ਪਾਣੀ ਹੁੰਦਾ ਹੈ ਜੋ ਧਰਤੀ ਵਿੱਚ ਸਮਾ ਕੇ ਇੱਕ ਟੈਂਕ ਦੇ ਰੂਪ ਵਿਚ ਪਿਆ ਰਹਿੰਦਾ ਹੈ।

**4.21.3ਊਰਜਾ ਤੱਤ (Energy Components):** ਜੈਵਿਕ ਅਤੇ ਅਜੈਵਿਕ ਤੱਤਾਂ ਤੋਂ ਇਲਾਵਾ ਊਰਜਾ ਵੀ ਜੀਵ-ਮੰਡਲ ਦਾ ਇੱਕ ਅਹਿਮ ਹਿੱਸਾ ਹੈ ਕਿਉਂਕਿ ਜਿੱਥੇ ਜੀਵਾਂ ਨੂੰ ਹਵਾ ਅਤੇ ਪਾਣੀ ਦੀ ਜ਼ਰੂਰਤ ਹੈ ਉਸੇ ਤਰ੍ਹਾਂ ਰੋਸ਼ਨੀ

ਅਤੇ ਊਰਜਾ ਵੀ ਚਾਹੀਦੀ ਹੈ ਤਾਂ ਜੋ ਉਹ ਗਤੀ-ਵਿਧੀਆਂ ਕਰ ਸਕਣ। ਊਰਜਾ ਵਸਤੂਆਂ ਅਤੇ ਜੀਵਾਂ ਦੇ ਵਧਣ ਅਤੇ ਇੱਕ ਤੋਂ ਦੂਸਰੀ ਥਾਂ ਜਾਣ ਵਿੱਚ ਮਦਦ ਕਰਦੀ ਹੈ। ਊਰਜਾ ਦੇ ਦੋ ਪ੍ਰਮੁੱਖ ਸਾਧਨ ਹਨ - ਸੂਰਜ ਅਤੇ ਥਰਮਲ ਪਲਾਂਟ। ਸੂਰਜ ਰਾਹੀਂ ਊਰਜਾ ਅਨੰਤ ਅਤੇ ਮੁਫਤ ਹੈ ਪਰ ਥਰਮਲ ਪਲਾਂਟ ਵਿੱਚ ਊਰਜਾ ਪੈਦਾ ਕਰਨ ਲਈ ਕੋਇਲਾ ਆਦਿ ਵਰਤਨਾ ਪੈਂਦਾ ਹੈ।

**4.22 ਜੀਵ ਮੰਡਲ ਸੰਬੰਧੀ ਨੈਤਿਕ ਆਧਾਰਾਂ ਦੀ ਲੋੜ (Need of Moral basis for Biosphere):**

ਵਾਤਾਵਰਣ ਪ੍ਰਸਥਿਤੀ-ਪ੍ਰਣਾਲੀ ਅਤੇ ਜੀਵ-ਮੰਡਲ ਦੀ ਮੁਢਲੀ ਜਾਣਕਾਰੀ ਤੋਂ ਬਾਅਦ ਨੀਤੀ-ਸ਼ਾਸ਼ਤਰ ਵਿੱਚ ਇੱਕ ਅਹਿਮ ਜ਼ਰੂਰਤ ਇਹ ਸਾਹਮਣੇ ਆਉਂਦੀ ਹੈ ਕਿ ਇਸ ਦਾ ਨੀਤੀ-ਸ਼ਾਸ਼ਤਰ ਨਾਲ ਕੀ ਸੰਬੰਧ ਹੈ। ਵਾਤਾਵਰਣ ਨੀਤੀ-ਸ਼ਾਸ਼ਤਰ ਦਾ ਪ੍ਰਮੁੱਖ ਉਦੇਸ਼ ਵਾਤਾਵਰਣ ਨੂੰ ਬਚਾਉਣਾ ਅਤੇ ਇਸ ਨੂੰ ਜੀਵਾਂ ਖਾਸ ਕਰਕੇ ਮਨੁੱਖ ਲਈ ਸੁਆਰਥ ਬਣਾਉਣਾ ਹੈ। ਜੀਵ-ਮੰਡਲ ਜਾਂ ਪ੍ਰਸਥਿਤੀ-ਪ੍ਰਣਾਲੀ ਵਿਚਲੇ ਸੰਬੰਧ ਬਹੁਤ ਹੀ ਜ਼ਿਆਦਾ ਅਤੇ ਬਹੁਤ ਹੀ ਨਾਜ਼ੁਕ ਆਧਾਰਾਂ ਵਾਲੇ ਹਨ। ਇਨ੍ਹਾਂ ਦਾ ਕੁਦਰਤੀ ਰੂਪ ਵਿੱਚ ਬਣੇ ਰਹਿਣਾ ਹੀ ਜੀਵਾਂ ਲਈ ਲਾਹੇਵੰਦ ਹੈ। ਪਰ ਮੌਜੂਦਾ ਸਮੇਂ ਵੱਧ ਰਹੀ ਜਨ-ਸੰਖਿਆ ਅਤੇ ਵਿਗਿਆਨ ਅਤੇ ਤਕਨੀਕ ਦੇ ਨਾ ਤੇ ਕੀਤੇ ਜਾਂਦੇ ਪ੍ਰਯੋਗਾਂ ਨੇ ਜੀਵ-ਮੰਡਲ ਵਿਚਲੇ ਸ਼ਾਂਤ ਅਤੇ ਕੁਦਰਤੀ ਸੰਬੰਧਾਂ ਨੂੰ ਛੇੜ ਦਿੱਤਾ ਹੈ ਜਿਸ ਨਾਲ ਇਹ ਸੁੰਦਰ ਪ੍ਰਣਾਲੀ ਵਿਗੜਨੀ ਸ਼ੁਰੂ ਹੋ ਗਈ ਹੈ, ਇਸ ਕਾਰਣ ਕਈ ਵਾਤਾਵਰਣ ਦੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਇਨ੍ਹਾਂ ਸਮੱਸਿਆਵਾਂ ਦੇ ਸਰੂਪ ਨੂੰ ਚੰਗੀ ਤਰ੍ਹਾਂ ਸਮਝਣਾ ਅਤੇ ਇਨ੍ਹਾਂ ਪ੍ਰਸਥਿਤੀ-ਪ੍ਰਣਾਲੀ ਵਿਚਲੇ ਸੰਬੰਧਾਂ ਨੂੰ ਮੁੜ ਬਹਾਲ ਕਰਨਾ ਮਨੁੱਖ ਦਾ ਅਹਿਮ ਫਰਜ਼ ਬਣ ਗਿਆ ਹੈ। ਕਿਉਂਕਿ ਇਨ੍ਹਾਂ ਨੂੰ ਵਿਗਾੜਨ ਜਾਂ ਇਨ੍ਹਾਂ ਦਾ ਦੁਰਉਪਯੋਗ ਕਰਨ ਵਿਚ ਮਨੁੱਖ ਹੀ ਸਭ ਤੋਂ ਵੱਧ ਜ਼ਿੰਮੇਵਾਰ ਹੈ ਅਤੇ ਇਸ ਨੂੰ ਸੰਭਾਲਣਾ ਹੀ ਮਨੁੱਖ ਦੀ ਹੀ ਜ਼ਿੰਮੇਵਾਰੀ ਹੈ। ਇਸ ਸਭ ਲਈ ਜਿੱਥੇ ਮਨੁੱਖ ਨੂੰ ਇਸ ਦੀ ਜਾਣਕਾਰੀ ਦੇ ਨਾਲ-ਨਾਲ ਵਾਤਾਵਰਣ ਸੰਬੰਧੀ ਨੈਤਿਕ ਅਤੇ ਦੋਸਤੀ-ਭਰਿਆ ਨਜ਼ਰੀਆ ਹੀ ਇਸ ਵਿਗੜ ਚੁੱਕੇ ਜੀਵ-ਮੰਡਲ ਨੂੰ ਬਚਾ ਸਕਦਾ ਹੈ। ਲੋੜ ਹੈ ਸਰਕਾਰ ਅਤੇ ਸਮਾਜ ਨੂੰ ਕਿ ਵਾਤਾਵਰਣ ਦੀ ਸਿੱਖਿਆ ਦੇ ਨਾਲ-ਨਾਲ ਵਾਤਾਵਰਣ ਸੰਬੰਧੀ ਨੈਤਿਕ ਅਤੇ ਦੋਸਤੀ-ਭਰਿਆ ਨਜ਼ਰੀਆ ਹੀ ਇਸ ਵਿਗੜ ਚੁੱਕੇ ਜੀਵ-ਮੰਡਲ ਨੂੰ ਬਚਾ ਸਕਦਾ ਹੈ। ਲੋੜ ਹੈ ਸਰਕਾਰ ਅਤੇ ਸਮਾਜ ਨੂੰ ਕਿ ਵਾਤਾਵਰਣ ਸਿੱਖਿਆ ਦੇ ਨਾਲ-ਨਾਲ ਨੈਤਿਕਤਾ ਜਾਂ ਨੀਤੀ-ਸ਼ਾਸ਼ਤਰ ਦੀ ਪੜਾਈ ਵੀ ਜ਼ਰੂਰੀ ਕੀਤੀ ਜਾਵੇ। ਨੀਤੀ-ਸ਼ਾਸ਼ਤਰ ਕੇਵਲ ਇਹ ਵਾਤਾਵਰਣ ਵਾਲੀਆਂ ਸਮੱਸਿਆਵਾਂ ਹੀ ਨਹੀਂ ਬਲਕਿ ਉਹ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਸਮਰੱਥ ਹੈ ਜੋ ਮਨੁੱਖ ਦੇ ਅਸਤਿੱਤਵ (Existence) ਅਤੇ ਮਾਣ (Dignity) ਤੇ ਖਤਰਾ ਹਨ। ਇਸ ਤਰ੍ਹਾਂ ਨੀਤੀ-ਸ਼ਾਸ਼ਤਰ ਇੱਕ ਬਹੁਤ ਹੀ ਮੁੱਲਵਾਨ ਵਿਸ਼ਾ ਹੈ।

**4.23 ਮਹੱਤਵਪੂਰਨ ਸ਼ਬਦ**

**ਪਰਿਸਥਿਤੀ ਵਿਗਿਆਨ (Ecology) :** ਵਾਤਾਵਰਨ ਨੀਤੀ ਸ਼ਾਸਤਰ ਨੂੰ ਪੜ੍ਹਨਾ ਅਤੇ ਵਾਤਾਵਰਨ ਦੇ ਸੰਬੰਧ ਵਿਚ ਨੈਤਿਕ ਬਨਣ ਲਈ ਪਰਿਸਥਿਤੀ ਵਿਗਿਆਨ ਦੇ ਬਾਰੇ ਜਾਨਣਾ ਜ਼ਰੂਰੀ ਹੈ। ਇਹ ਉਹ ਵਿਗਿਆਨ ਹੈ ਜੋ ਮਨੁੱਖ ਦੇ ਜੀਵਨ ਦੀਆਂ ਪਰਿਸਥਿਤੀਆਂ ਨਾਲ ਸੰਬੰਧ ਹੈ। ਅਜਿਹੇ ਜੀਵ ਵਾਤਾਵਰਨ ਦੇ ਵਿਚਕਾਰਲੇ ਸ਼ਬਦਾਂ ਦਾ ਵਿਗਿਆਨ ਹੈ। Ecology ਸ਼ਬਦ ਦੀ ਉਤਪਤੀ ਜਰਮਨੀ ਦੀ ਇਕ ਪ੍ਰਸਿੱਧ ਜੀਵ-ਵਿਗਿਆਨੀ Hanns Reiter ਨੇ ਕੀਤੀ ਸੀ। Ecology ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ 'Oikos ਅਤੇ Logos' ਤੋਂ ਮਿਲ ਕੇ ਬਣਿਆ ਹੈ। Oikos ਤੋਂ ਭਾਵ ਘਰ ਅਤੇ Logos ਤੋਂ 'ਭਾਵ ਦਾ ਅਧਿਅਨ' ਹੈ। ਇਸ ਤਰ੍ਹਾਂ Ecology ਦਾ ਅਰਥ 'ਘਰ ਦਾ ਅਧਿਅਨ' ਇਥੇ ਘਰ ਤੋਂ ਮਤਲਬ ਮਨੁੱਖ ਦੀ ਚੌਗਿਰਦੇ ਤੋਂ ਹੈ। ਇਸ ਤਰ੍ਹਾਂ ਪਰਿਸਥਿਤੀ ਵਿਗਿਆਨ ਤੋਂ ਸਾਡਾ ਭਾਵ ਪ੍ਰਾਕ੍ਰਿਤੀ ਦੀ ਵਿਵਸਥਾ ਨਾਲ ਸੰਬੰਧਤ ਗਿਆਨ ਦਾ ਭੰਡਾਰ ਹੈ। ਦੂਜੇ ਸ਼ਬਦਾਂ ਵਿਚ ਇਹ ਜੀਵਾਂ ਦੇ ਜੈਵਿਕ ਅਤੇ ਅਜੈਵਿਕ ਵਾਤਾਵਰਨ ਨਾਲ ਸੰਪੂਰਨ ਸੰਬੰਧਾਂ ਦੀ ਜਾਂਚ ਪੜਤਾਲ ਹੈ।

**ਪਰਿਸਥਿਤੀ ਪ੍ਰਣਾਲੀ (Eco-system) :** ਆਮ ਅਰਥਾਂ ਵਿੱਚ ਵਾਤਾਵਰਨ ਵਿਚ ਇਸ ਦੇ ਪ੍ਰਮੁੱਖ ਅੰਗਾਂ ਦੇ ਸੰਬੰਧਾਂ ਵਿਚ ਜੋ ਪ੍ਰਣਾਲੀ ਹੈ ਉਸ ਨੂੰ ਪਰਿਸਥਿਤੀ ਪ੍ਰਣਾਲੀ ਕਹਿੰਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਯੋਗ ਬ੍ਰਿਟੇਨ ਦੇ ਇਕ ਵਿਗਿਆਨੀ Ag. Tansulg ਨੇ 1935 ਵਿਚ ਕੀਤਾ। ਉਸ ਅਨੁਸਾਰ ਪਰਿਸਥਿਤੀ ਪ੍ਰਣਾਲੀ ਜੈਵਿਕ ਅਤੇ ਅਜੈਵਿਕ ਪ੍ਰਣਾਲੀ ਤੱਤਾਂ ਤੋਂ ਬਣੀ ਸਰੀਰਕ ਪ੍ਰਣਾਲੀਆਂ ਦਾ ਇਕ ਵਿਸ਼ੇਸ਼ ਵਰਗ ਹੈ, ਜੋ ਇਕ ਸਥਿਤ ਸੰਤੁਲਨ ਵਿੱਚ

ਹੈ। ਪਰਿਸਥਿਤੀ ਪ੍ਰਣਾਲੀ ਵਿਚ ਤਿੰਨ ਪ੍ਰਕਾਰ ਦੇ ਤੱਤ ਸ਼ਾਮਲ ਹੁੰਦੇ ਹਨ। (1) ਊਰਜਾ ਤੱਤ (2) ਜੈਵਿਕ ਤੱਤ ਜਾਂ ਬਾਈ-ਊਮ (3) ਅਜੈਵਿਕ ਤੱਤ ਜਾਂ ਰੈਬੀਟੇਟ। ਇਸ ਦੀਆਂ ਕਿਸਮਾਂ ਵਿਚ ਪ੍ਰਾਕ੍ਰਿਤਕ ਪਰਿਸਥਿਤੀ ਪ੍ਰਣਾਲੀਆਂ, ਮਨੁੱਖ ਦੁਆਰਾ ਬਣਾਈਆਂ ਪਰਿਸਥਿਤੀ ਪ੍ਰਣਾਲੀਆਂ ਸ਼ਾਮਲ ਹਨ।

**ਜੀਵ-ਮੰਡਲ (Bio-Sphere) :** ਆਮ ਅਰਥਾਂ ਵਿਚ ਉਹ ਮੰਡਲ ਜਿਸ ਵਿਚ ਜੀਵ ਜ਼ਿੰਦਾ ਰਹਿ ਸਕਦੇ ਹਨ। ਜੀਵ ਮੰਡਲ ਅਖਵਾਉਂਦਾ ਹੈ। ਜੀਵ ਮੰਡਲ ਇਕ ਕਿਸਮ ਦਾ ਜੀਵਨ ਬਚਾ ਕੇ ਰਖਣ ਵਾਲਾ ਖੇਤਰ ਹੈ। ਉਹ ਧਰਤੀ ਦੇ ਆਸ ਪਾਸ ਅਤੇ ਪੌਦਿਆਂ ਅਤੇ ਜੀਵਾਂ ਦੇ ਜੀਵਨ ਤੋਂ ਬਗੈਰ ਕਿਸੇ ਵਿਆਖਿਤਾਮਕ ਯੰਤਰ ਸੰਭਵ ਬਣਾਉਂਦਾ ਹੈ। ਜੀਵ ਮੰਡਲ ਧਰਤੀ ਦਾ ਉਹ ਭਾਗ ਹੈ। ਜਿਸ ਵਿੱਚ ਜੈਵਿਕ ਜੀਵ, ਜੈਵਿਕ ਮਿੱਟੀ, ਹਵਾ ਅਤੇ ਪਾਣੀ ਸ਼ਾਮਿਲ ਹੈ। ਇਸ ਦੇ ਤੱਤਾਂ ਵਿੱਚ ਜੈਵਿਕ ਅਤੇ ਅਜੈਵਿਕ ਅਤੇ ਊਰਜਾ ਤੱਤ ਜਿਵੇਂ ਪੌਦੇ, ਪਸ਼ੂ, ਜੀਵ-ਜੰਤੂ ਸਥੱਲ ਮੰਡਲੀ ਜਲ ਮੰਡਲੀ, ਵਾਯੂ ਮੰਡਲੀ, ਰੋਸ਼ਨੀ, ਊਰਜਾ ਭਾਵ ਸੂਰਜ ਅਤੇ ਥਰਮਲ ਪਲਾਟ ਆਦਿ ਸ਼ਾਮਿਲ ਹੁੰਦੇ ਹਨ।

**ਆਪਣੇ ਗਿਆਨ ਦੀ ਪਰਖ ਕਰੋ :**

1. ਪ੍ਰਸਥਿਤੀ ਵਿਗਿਆਨ ਦੇ ਖੇਤਰਾਂ ਅਤੇ ਉਦੇਸ਼ਾਂ ਬਾਰੇ ਚਰਚਾ ਕਰੋ।

   ______________________________________________

   ______________________________________________

   ______________________________________________

2. ਪ੍ਰਸਥਿਤੀ ਪ੍ਰਣਾਲੀ ਦਾ ਅਰਥ ਅਤੇ ਇਸ ਦੀਆਂ ਕਿਸਮਾਂ ਬਾਰੇ ਚਰਚਾ ਕਰੋ।

   ______________________________________________

   ______________________________________________

   ______________________________________________

3. ਜੀਵ ਮੰਡਲ ਕੀ ਹੁੰਦਾ ਹੈ? ਇਸ ਦੇ ਤੱਤਾਂ ਦੀ ਵਿਆਖਿਆ ਕਰੋ।

   ______________________________________________

   ______________________________________________

   ______________________________________________

## 4.24 ਪਾਠ ਸੰਬੰਧਿਤ ਪ੍ਰਸ਼ਨ (Textual Questions) ਅੰਕ-2

1. ਜੀਵ-ਮੰਡਲ ਤੋਂ ਕੀ ਭਾਵ ਹੈ?
2. ਜੀਵ-ਮੰਡਲ ਨੂੰ ਬਣਾਉਣ ਵਾਲੇ ਤੱਤ ਕੀ ਹਨ?

## 4.25 ਵਧੇਰੇ ਸਮੱਗਰੀ ਲਈ ਕਿਤਾਬਾਂ ਦੀ ਸੂਚੀ :


1. Chahal Dr. Surjit Kaur : Environment and The Moral Life : Towards a new paradigm, Ashish Publishing House, New Delhi 1994.
2. Chandana, R.C. Environmental Awareness, Kalyani Publishers, Ludhiana, 1996.
3. Savinder Singh: Environment Geogrpahy, Prayag Pustak Bhawan, Allahabad.



Type Setting :

Department of Distance Education, Punjabi University, Patiala.